कक्षा
9

पंजाबीः तृतीय भाषा

# ਪੰਜਾਬੀ ਵਿਰਸਾ

BSEB



# ਪੰਜਾਬੀ ਵਿਰਸਾ

ਪੰਜਾਬੀ ਪਾਠ-ਪੁਸਤਕ ਨੌਂਵੀਂ ਸ਼੍ਰੇਣੀ

**(पंजाबी विरसा – पंजाबी पाठ्यपुस्तक कक्षा–9)**

BSER

माध्यमिक शिक्षा बोर्ड राजस्थान, अजमेर

# ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ

## ਪਾਠ–ਕ੍ਰਮ ਸਮਿਤੀ


**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)


## ਸੰਪਾਦਕੀ ਮੰਡਲ


**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਡਾ. ਚੰਦਰ ਪ੍ਰਕਾਸ਼**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਐਮ.ਐਮ.ਡੀ.ਏ.ਵੀ.ਕਾਲਜ
ਗਿੱਦੜਬਾਹਾ(ਪੰਜਾਬ)

**ਗੁਰਦੀਪ ਸਿੰਘ ਖੋਸਾ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮਲਕਾਣਾ ਖੁਰਦ(ਸ਼੍ਰੀ ਗੰਗਾਨਗਰ)

**ਨਵਰਾਜ ਸਿੰਘ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
9 ਐੱਫ.ਐੱਫ.,ਬਡੋਪਲ(ਸ਼੍ਰੀ ਗੰਗਾਨਗਰ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)



BSER



# ਧੰਨਵਾਦ

**ਸੰਪਾਦਕੀ ਮੰਡਲ ਅਤੇ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ ਉਹਨਾਂ ਸਾਰੇ ਲੇਖਕਾਂ ਦਾ ਆਭਾਰ ਅਤੇ ਕ੍ਰਿਤਗਤਾ ਅਭਿਵਿਅਕਤ ਕਰਦਾ ਹੈ, ਜਿਹਨਾਂ ਦੀ ਅਮੁੱਲ ਸਿਰਜਣਾ ਅਤੇ ਵਿਚਾਰ ਇਸ ਪੁਸਤਕ ਵਿੱਚ ਸੰਗ੍ਰਹਿਤ ਕੀਤੇ ਗਏ ਹਨ।**

# ਭੂਮਿਕਾ

ਲੋਕ, ਕਿਸੇ ਮਨੁੱਖੀ ਸਮੂਹ ਦੀ ਸਾਂਝੀ ਪਰੰਪਰਾ ਦੀ ਦੱਸ ਪਾਉਣ ਵਾਲਾ ਸ਼ਬਦ ਹੈ। ਇਸ ਸਾਂਝੀ ਪਰੰਪਰਾ ਵਿੱਚ ਸਾਹਿਤ, ਭਾਸ਼ਾ, ਜੀਵਨ-ਵਿਧੀਆਂ, ਅਭਿਵਿਅਕਤੀ ਦੇ ਰੂਪ, ਕੰਮ-ਧੰਦੇ, ਰਸਮਾਂ, ਮੇਲੇ-ਤਿਉਹਾਰ, ਵਿਸ਼ਵਾਸ, ਖੇਡਾਂ ਆਦਿ ਸ਼ਾਮਲ ਹੁੰਦੇ ਹਨ। ਇਸ ਪਰੰਪਰਾ ਨੂੰ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਇਸ ਦਾ ਇੱਕ ਸਮਾਜਿਕ ਦਾਇਰਾ ਹੁੰਦਾ ਹੈ। ਇਹਨਾਂ ਕਰਕੇ ਹੀ ਕੋਈ 'ਲੋਕ' ਆਪਣੀ ਵਿਲੱਖਣ ਹੋਂਦ ਗ੍ਰਹਿਣ ਕਰਦਾ ਹੈ। ਇਹ ਕਿਸੇ ਮਨੁੱਖੀ ਸਮੂਹ ਦਾ ਪਛਾਣ-ਚਿੰਨ੍ਹ ਹੁੰਦਾ ਹੈ। ਇਸ ਦੀ ਸਿਰਜਣ-ਪ੍ਰਕਿਰਿਆ ਦਾ ਆਧਾਰ ਲੋਕ-ਮਨ ਹੁੰਦਾ ਹੈ। ਲੋਕ-ਮਨ, ਕਿਸੇ ਮਨੁੱਖੀ ਸਮੂਹ ਦਾ ਅਵਚੇਤਨ ਹੁੰਦਾ ਹੈ। ਇਹ ਲੋਕ-ਮਨ ਹੀ ਹੈ, ਜਿਹੜਾ ਕਿਸੇ ਮਨੁੱਖੀ ਵਿਵਹਾਰ ਨੂੰ ਨਿਰਧਾਰਤ ਕਰਦਾ ਹੈ।

ਹਰ ਮਨੁੱਖੀ ਸਮੂਹ ਦੀ ਇੱਕ ਸਿਰਜਣਾਤਮਕ ਵਿਰਾਸਤ ਹੁੰਦੀ ਹੈ। ਲੋਕ-ਵਿਰਸਾ, ਮਨੁੱਖ ਦੀਆਂ ਸਿਰਜਣਾਵਾਂ ਦੇ ਰੂਪ 'ਚ ਕਾਰਜਸ਼ੀਲ ਰਹਿੰਦਾ ਹੈ। ਪੰਜਾਬੀ ਲੋਕ-ਸਮੂਹ ਦੀ ਇਮਾਰਤ ਵਿੱਚ ਲੋਕ-ਵਿਰਸਾ ਇਸ ਦੀ ਨੀਂਹ ਹੈ। ਨੀਂਹ ਜਾਂ ਜੜ੍ਹ ਦੇ ਰੂਪ ਵਿੱਚ ਲੋਕ-ਵਿਰਸੇ ਨਾਲ ਸਾਂਝ ਪਾ ਕੇ ਕਿਸੇ ਮਨੁੱਖੀ ਸਮੂਹ ਨੂੰ ਜਾਣਿਆ ਜਾ ਸਕਦਾ ਹੈ। ਲੋਕ ਵਿਰਸੇ ਦੇ ਵੱਖ-ਵੱਖ ਰੂਪ ਮੌਖਿਕ ਚਰਿਤਰ ਦੇ ਧਾਰਨੀ ਹੁੰਦੇ ਹਨ। ਇਹ ਭਾਸ਼ਾਈ ਜਾਂ ਗੈਰ ਭਾਸ਼ਾਈ ਰੂਪ ਵਿੱਚ ਸੰਚਾਰਿਤ ਹੁੰਦੇ ਹਨ। ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਕਲਾ ਆਦਿ ਭਾਵੇਂ ਵੱਖ-ਵੱਖ ਇਕਾਈਆਂ ਹਨ, ਪਰ ਇਹਨਾਂ ਦੀ ਹੋਂਦ ਅੰਤਰ-ਸੰਬੰਧਿਤ ਰੂਪ ਵਿੱਚ ਹੀ ਸੰਭਵ ਹੁੰਦੀ ਹੈ। ਇਹ ਵੱਖ-ਵੱਖ ਇਕਾਈਆਂ ਚਿਹਨ-ਪਰਿਪਾਟੀਆਂ ਦੇ ਰੂਪ ਵਿੱਚ 'ਲੋਕ' ਦੀ ਭਾਵਨਾ ਨੂੰ ਚਿਹਨੀਕ੍ਰਿਤ ਕਰਦੀਆਂ ਹਨ। ਅਜਿਹੀ ਭਾਵਨਾ ਤੱਕ ਪਹੁੰਚ ਕਰਨ ਲਈ ਲੋਕ-ਵਿਰਸੇ ਦੇ ਵਿਵਿਧ ਰੂਪ ਬੇਹੱਦ ਸਹਾਈ ਹੁੰਦੇ ਹਨ।

ਭਾਸ਼ਾ ਅਤੇ ਸਭਿਆਚਾਰ ਦਾ ਸੰਬੰਧ ਅਨਿੱਖੜ ਹੈ। ਕਿਸੇ ਭਾਸ਼ਾ ਵਿੱਚੋਂ ਸਭਿਆਚਾਰਕ ਵਿਰਾਸਤ ਦੀ ਝਲਕ ਸਹਿਜੇ ਹੀ ਵੇਖੀ ਜਾ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਭਾਸ਼ਾ ਦੇ ਵਿਰਸੇ ਤੋਂ ਜਾਣੂ ਹੋਇਆ ਜਾਵੇ। ਭਾਸ਼ਾ, ਕਿਸੇ ਸਭਿਆਚਾਰਕ ਇਕਾਈ ਦਾ ਜਿਉਂਦਾ-ਜਾਗਦਾ ਅਨੁਭਵ ਹੁੰਦੀ ਹੈ। ਸ਼ਬਦਾਂ ਦੇ ਅਰਥਾਂ ਦੀਆਂ ਪਰਤਾਂ ਸੱਭਿਆਚਾਰ ਦੀ ਜਾਣਕਾਰੀ ਨਾਲ ਹੀ ਖੁਲ੍ਹਦੀਆਂ ਹਨ।

ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਨੌਵੀਂ ਜਮਾਤ ਦੇ ਪੰਜਾਬੀ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਪੰਜਾਬੀ ਵਿਰਸੇ ਤੋਂ ਜਾਣੂ ਕਰਵਾਉਣ ਲਈ ਇਸ ਪੁਸਤਕ ਦਾ ਪ੍ਰਬੰਧ ਕੀਤਾ ਗਿਆ ਹੈ।

ਅੰਤ ਵਿੱਚ ਪ੍ਰੋ. ਗੁਰਰਾਜ ਸਿੰਘ ਚਹਿਲ, ਗੁਰਦੀਪ ਸਿੰਘ ਖੋਸਾ, ਡਾ. ਚੰਦਰ ਪ੍ਰਕਾਸ਼, ਨਵਰਾਜ ਸਿੰਘ, ਹਰਮੀਤ ਸਿੰਘ ਗਿੱਲ ਆਦਿ ਵਿਦਵਾਨਾਂ ਦਾ ਧੰਨਵਾਦ ਜਿੰਨ੍ਹਾਂ ਨੇ ਵੱਖ-ਵੱਖ ਸੋਮਿਆਂ ਤੋਂ ਲੋਕ ਵਿਰਸੇ ਦੀਆਂ ਵੱਖ-ਵੱਖ ਵੰਨਗੀਆਂ ਨੂੰ ਇਕੱਤਰ ਕਰਨ ਵਿੱਚ ਭਰਪੂਰ ਯੋਗਦਾਨ ਪਾਇਆ। ਇਸ ਪਾਠ-ਪੁਸਤਕ ਨੂੰ ਟਾਈਪ ਕਰਨ ਤੇ ਪਰੂਫ਼ ਪੜ੍ਹਨ ਵਿੱਚ  ਸੁਰਿੰਦਰ ਸਹਿਜ ਤੇ ਮਨਿੰਦਰ ਸਿੰਘ ਵਿਰਕ ਦਾ ਵਿਸ਼ੇਸ਼ ਸਹਿਯੋਗ ਰਿਹਾ।

**ਸੰਪਾਦਕ**

BSEB

# ਤਤਕਰਾ

## ਭਾਗ-ਪਹਿਲਾ

## ਪੰਜਾਬੀ ਲੋਕ-ਜੀਵਨ : ਪਛਾਣ ਚਿੰਨ੍ਹ


1. ਪੰਜਾਬੀਅਤ : ਸਭਿਆਚਾਰਕ ਪਰਿਪੇਖ 2

2. ਮੇਲੇ ਤੇ ਤਿਉਹਾਰ 5

3. ਪੰਜਾਬੀ ਲੋਕ- ਨਾਚ 12

4. ਪੰਜਾਬੀ ਲੋਕ- ਖੇਡਾਂ 24


BSER

## ਭਾਗ-ਦੂਜਾ

## ਲੋਕ-ਕਹਾਣੀ : ਪਰਿਭਾਸ਼ਾ ਅਤੇ ਰੂਪ


1. ਨੀਤੀ-ਕਥਾਵਾਂ 34

( ੳ ) ਚੰਦਰੀ ਸੰਗਤ 35

( ਅ ) ਸ਼ੇਰ ਤੇ ਬਾਂਦਰ 37

( ੲ ) ਟਾਹਲੀ ਮੇਰੇ ਬੱਚੇ 39

( ਸ ) ਰਾਜੇ ਦਾ ਕਸੂਰ 41

( ਹ ) ਸੱਚ ਦਾ ਨਿਤਾਰਾ 44

2. ਪਰੀ-ਕਥਾਵਾਂ 47

( ੳ ) ਸੰਦਲਾਂ ਪਰੀ 48

( ਅ ) ਸ਼ਾਹਣੀ ਚਿੜੀ 52

( ੲ ) ਅਨਾਰਾ ਸ਼ਹਿਜਾਦੀ 55

3. ਦੰਤ-ਕਥਾਵਾਂ 60

( ੳ ) ਪੂਰਨ ਭਗਤ 61

( ਅ ) ਦੁੱਲਾ ਭੱਟੀ 64

## ਭਾਗ-ਤੀਜਾ

## ਲੋਕ-ਕਾਵਿ : ਪਰਿਭਾਸ਼ਾ ਤੇ ਵੰਨਗੀਆਂ

**1. ਲੋਰੀਆਂ** 67

2. ਸੁਹਾਗ 73

3. ਘੋੜੀਆਂ 83

4. ਸਿੱਠਣੀਆਂ 92

5. ਅਲਾਹੁਣੀਆਂ 102

6. ਟੱਪਾ 109

7. ਪੰਜਾਬੀ ਬੁਝਾਰਤਾਂ 115

BSER

# ਭਾਗ-ਪਹਿਲਾ

# ਪੰਜਾਬੀ ਲੋਕ-ਜੀਵਨ : ਪਛਾਣ ਚਿੰਨ੍ਹ

ਪੰਜਾਬੀ ਖਿੱਤਾ, ਪੰਜਾਬੀ ਭਾਸ਼ਾ, ਪੰਜਾਬੀ ਲੋਕ, ਪੰਜਾਬੀ ਸਭਿਆਚਾਰ ਵਿਸ਼ੇਸ਼ ਹੋਂਦ ਦੇ ਧਾਰਣੀ ਹਨ। ਅਜਿਹੀ ਹੋਂਦ ਦੇ ਕਾਇਮ ਹੋਣ ਵਿੱਚ ਭੂਗੋਲ ਅਤੇ ਇਤਿਹਾਸ ਅਹਿਮ ਪਹਿਲੂ ਵਜੋਂ ਲੋਕ ਜੀਵਨ ਦਾ ਠੋਸ ਆਧਾਰ ਬਣਦੇ ਹਨ।

ਹਰ ਮਨੁੱਖੀ ਸਮੂਹ ਦੀ ਜੀਵਨ-ਜਾਚ ਸਹਿਜ ਸੁਭਾਵਕ ਕਿਸਮ ਦੀ ਹੁੰਦੀ ਹੈ। ਪੰਜਾਬੀ ਲੋਕਾਂ ਨੇ ਆਪਣੇ ਸੱਭਿਆਚਾਰਕ ਵਿਕਾਸ ਦੌਰਾਨ ਕਈ ਸਾਰੀਆਂ ਜੀਵਨ-ਵਿਧੀਆਂ ਨੂੰ ਘੜਿਆ ਹੈ। ਜੀਵਨ ਜਿਉਣ ਦੇ ਤੌਰ-ਤਰੀਕਿਆਂ ਵਿੱਚੋਂ ਹੀ ਵੱਖ-ਵੱਖ ਜੀਵਨ ਪਹਿਲੂਆਂ ਦਾ ਰੂਪ ਅਤੇ ਵਿਧਾਨ ਪੈਦਾ ਹੁੰਦਾ ਹੈ।

ਪੰਜਾਬੀ ਸਮਾਜ ਦਾ ਵੱਡਾ ਭਾਗ ਕਿਸਾਨੀ ਜੀਵਨ ਵਾਲਾ ਹੈ। ਕਈ ਸਾਰੇ ਧਰਮਾਂ, ਮਜ਼ਹਬਾਂ ਦਾ ਸੁਮੇਲ ਇਸ ਨੂੰ ਵਿਲੱਖਣ ਰੰਗ ਪ੍ਰਦਾਨ ਕਰਦਾ ਹੈ। ਖੇਤੀ-ਬਾੜੀ ਨਾਲ ਸੰਬੰਧ ਹੋਣ ਕਰਕੇ ਪੰਜਾਬੀ ਵਿਅਕਤੀ ਕੰਮ ਤੋਂ ਮਿਲੀ ਵਿਹਲ ਨੂੰ ਮੇਲਿਆਂ ਅਤੇ ਤਿਉਹਾਰਾਂ ਦੇ ਰੂਪ ਵਿੱਚ ਹੰਢਾਉਂਦਾ ਹੈ। ਪੰਜਾਬੀ ਲੋਕ-ਜੀਵਨ ਵਿੱਚ ਮੇਲੇ ਅਤੇ ਤਿਉਹਾਰ ਜੀਵਨ ਨੂੰ ਬੇ-ਰਸ ਹੋਣ ਤੋਂ ਬਚਾਈ ਰੱਖਣ ਦੇ ਨਾਲ-ਨਾਲ ਤਾਜ਼ਗੀ ਤੇ ਊਰਜਾ ਪ੍ਰਦਾਨ ਕਰਦੇ ਹਨ।

ਪੰਜਾਬੀ ਲੋਕਾਂ ਨੇ ਵੀ ਜੀਵਨ ਦੀ ਸਮੁੱਚਤਾ ਨੂੰ ਮਹੱਤਵਪੂਰਨ ਅਨੁਸ਼ਾਸਨਾਂ ਅਤੇ ਵਰਤਾਰਿਆਂ ਰਾਹੀ ਸਾਕਾਰ ਕੀਤਾ ਹੈ। ਲੋਕ-ਖੇਡਾਂ, ਲੋਕ-ਨਾਚ, ਮੇਲੇ ਤਿਉਹਾਰ ਅਜਿਹੇ ਵਰਤਾਰਿਆਂ ਦਾ ਹੀ ਪ੍ਰਤਿਬਿੰਬ ਹਨ। ਇੱਥੇ ਵਿਦਿਆਰਥੀਆਂ ਨੂੰ ਪੰਜਾਬੀ ਵਿਰਾਸਤ ਵਜੋਂ ਲੋਕ-ਜੀਵਨ ਦੇ ਕੁੱਝ ਪੱਖਾਂ ਤੋਂ ਜਾਣੂੰ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ :-

BSER

# 1. ਪੰਜਾਬੀਅਤ : ਸਭਿਆਚਾਰਕ ਪਰਿਪੇਖ

ਪੰਜਾਬੀਅਤ, ਪੰਜਾਬੀ ਵਿਅਕਤੀ ਦੀ ਸਭਿਆਚਾਰਕ ਪਛਾਣ ਨੂੰ ਦਰਸਾਉਂਦੀ ਹੈ। ਪੰਜਾਬੀ ਸਭਿਆਚਾਰ ਉਹ, ਜਿਹੜਾ ਮੁੱਢਲੇ ਤੌਰ 'ਤੇ ਪੰਜਾਬ ਦੀ ਧਰਤੀ ਤੇ ਵਿਕਸਿਤ ਹੋਇਆ ਹੈ। ਅਜਿਹੀ ਪੰਜਾਬੀਅਤ ਦਾ ਵਰੋਸਾਇਆ ਵਿਅਕਤੀ ਦੁਨੀਆ 'ਚ ਜਿੱਥੇ ਕਿਤੇ ਵੀ ਗਿਆ ਆਪਣੇ ਬੁਨਿਆਦੀ ਪਛਾਣ-ਚਿੰਨ੍ਹ ਨਾਲ ਹੀ ਲੈ ਕੇ ਗਿਆ।

'ਪੰਜਾਬ' ਭਾਰਤ ਦਾ ਇਕ ਖੁਸ਼ਹਾਲ ਸੂਬਾ ਹੈ। ਪੁਰਾਤਨ ਸਮਿਆਂ ਇਸ ਦਾ ਨਾਂ ਸਪਤ ਸਿੰਧੂ ਹੁੰਦਾ ਸੀ। ਪਾਣੀ ਦੇ ਦੋ ਸੋਮਿਆਂ ਦੇ ਸੁੱਕਣ ਸਦਕਾ ਇਸ ਦਾ ਨਾਂ 'ਪੰਚਨਦ' ਪੈ ਗਿਆ। ਫਿਰ ਫਾਰਸੀ ਪ੍ਰਭਾਵ ਸਦਕਾ ਇਸ ਦਾ ਨਾਂ 'ਪੰਚਨਦ' ਤੋਂ 'ਪੰਜਾਬ' ਹੋ ਗਿਆ। 'ਪੰਜਾਬ' ਦੋ ਸ਼ਬਦਾਂ ਪੰਜ+ਆਬ ਤੋਂ ਮਿਲ ਕੇ ਬਣਿਆ ਹੈ, ਭਾਵ ਪੰਜਾਂ ਪਾਣੀਆਂ ਦਾ ਦੇਸ਼। ਇਹ ਪੰਜ ਪਾਣੀ ਪੰਜ ਦਰਿਆਵਾਂ ਦੇ ਰੂਪ ਵਿਚ ਹਨ। ਇਹਨਾਂ ਦਰਿਆਵਾਂ ਸਦਕਾ ਹੀ ਪੰਜਾਬ ਦੀ ਧਰਤੀ ਉਪਜਾਊ ਬਣੀ। ਇਸੇ ਉਪਜਾਊਪੁਣੇ ਕਰਕੇ ਪੰਜਾਬ ਦਾ ਖੇਤੀਬਾੜੀ ਧੰਦਾ ਹੋਂਦ ਵਿੱਚ ਆਇਆ। ਇਸ ਧੰਦੇ ਸਦਕਾ ਹੀ ਪੰਜਾਬ ਦਾ ਵੱਖਰੀ ਕਿਸਮ ਦਾ ਸਮਾਜਿਕ, ਪਰਿਵਾਰਕ ਅਤੇ ਸਭਿਆਚਾਰਕ ਸੰਦਰਭ ਉੱਭਰਿਆ। ਖੇਤੀਬਾੜੀ ਅਧਾਰਿਤ ਅਰਥ ਵਿਵਸਥਾ ਨੇ ਹੀ ਇਕ ਨਵੇਕਲੀ ਕਿਸਮ ਦੀ ਚੇਤਨਾ ਅਤੇ ਲੋਕਧਾਰਾ ਨੂੰ ਜਨਮ ਦਿੱਤਾ।

ਪੰਜਾਬੀ ਵਿਅਕਤੀ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲੀ ਪੰਜਾਬੀ ਭਾਸ਼ਾ ਵੀ ਇਸ ਖਿੱਤੇ ਵਿੱਚ ਹੀ ਵਿਕਸਿਤ ਹੋਈ ਹੈ। ਵੈਦਿਕ ਸੰਸਕ੍ਰਿਤ ਅਤੇ ਲੌਕਿਕ ਸੰਸਕ੍ਰਿਤ ਕ੍ਰਮਵਾਰ ਪੜ੍ਹੇ-ਲਿਖੇ ਤੇ ਆਮ ਲੋਕਾਂ ਦੀ ਬੋਲੀ ਵਜੋਂ ਪ੍ਰਵਾਨ ਹੋਈ। ਪੰਜਾਬ ਲਈ ਇਹ ਗੱਲ ਮਾਣ ਵਾਲੀ ਹੈ ਕਿ ਸੰਸਕ੍ਰਿਤ ਗ੍ਰੰਥ 'ਰਿਗਵੇਦ' ਪੰਜਾਬ ਦੀਆਂ ਨਦੀਆਂ ਦੇ ਕੰਢੇ 'ਤੇ ਰਚਿਆ ਗਿਆ। ਮਹਾਨ ਵਿਆਕਰਣਕਾਰ 'ਪਾਣਿਨੀ' ਇਸੇ ਭਾਸ਼ਾ ਦਾ ਵਿਦਵਾਨ ਹੈ। ਵਿਆਕਰਣਕ ਨੇਮਾਂ ਵਿੱਚ ਬੱਝੀ ਹੋਣ ਕਰਕੇ ਸੰਸਕ੍ਰਿਤ ਭਾਸ਼ਾ ਆਮ ਲੋਕਾਂ ਤੋਂ ਦੂਰ ਹੁੰਦੀ ਗਈ ਅਤੇ ਸਾਧਾਰਨ ਲੋਕਾਂ ਦੀ ਭਾਸ਼ਾ ਪ੍ਰਾਕਿਰਤ ਵਜੋਂ ਵਿਕਸਿਤ ਹੋਈ। ਅੱਗੋਂ ਪ੍ਰਾਕਿਰਤ ਅਪਭ੍ਰੰਸ਼ ਦੇ ਰੂਪ ਵਿੱਚ ਵਿਕਸਿਤ ਹੁੰਦੀ ਹੈ। ਜਿਸ ਵਿੱਚੋਂ ਸ਼ੌਰਸੈਨੀ ਅਤੇ ਪੈਸ਼ਾਚੀ ਅਪਭ੍ਰੰਸ਼ ਪੰਜਾਬੀ ਭਾਸ਼ਾ ਦੇ ਨਿਕਾਸ ਸ੍ਰੋਤ ਹਨ। ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਦੀ ਰਚਨਾ ਨਾਲ ਪੰਜਾਬੀ ਆਪਣੇ ਆਧੁਨਿਕ ਸਰੂਪ ਦੇ ਨੇੜੇ ਹੁੰਦੀ ਹੈ। ਸਿੱਖ ਗੁਰੂ ਸਾਹਿਬਾਨ ਨੇ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਨੂੰ ਵਿਉਂਤਬੱਧ ਕੀਤਾ। 'ਆਦਿ ਗ੍ਰੰਥ' ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾਂ ਸਰਵ-ਪ੍ਰਮਾਣਿਤ ਸ੍ਰੋਤ ਹੈ। ਵੱਖ-ਵੱਖ ਪੜਾਵਾਂ ਵਿੱਚੋਂ ਲੰਘਦੇ ਸਮੇਂ ਅਰਬੀ, ਫਾਰਸੀ, ਉਰਦੂ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਪ੍ਰਭਾਵ ਕਬੂਲਦੀ ਹੋਈ ਪੰਜਾਬੀ ਭਾਸ਼ਾ ਆਪਣੇ ਆਧੁਨਿਕ ਸਰੂਪ ਨੂੰ ਪ੍ਰਾਪਤ ਹੁੰਦੀ ਹੈ। ਪੰਜਾਬੀ ਵਿਅਕਤੀ ਦੇ ਸੁਭਾਅ ਨੂੰ ਨਿਸ਼ਚਿਤ ਕਰਨ ਵਿੱਚ ਇਸ ਭਾਸ਼ਾ ਦਾ ਭਰਪੂਰ ਯੋਗਦਾਨ ਹੈ।

ਪੰਜਾਬੀ ਸਭਿਆਚਾਰ ਦੀ ਸਿਰਜਨਾ ਵਿੱਚ ਇਸ ਦੇ ਇਤਿਹਾਸ ਅਤੇ ਭੂਗੋਲ ਦਾ ਵਿਸ਼ੇਸ਼ ਯੋਗਦਾਨ ਹੈ। ਸਭਿਆਚਾਰਕ ਲੱਛਣ ਇਸ ਆਧਾਰ ਦਾ ਹੀ ਰੂਪ ਹਨ। ਇੱਥੋਂ ਦੇ ਦਰਿਆਵਾਂ, ਪਹਾੜਾਂ ਤੇ ਮੈਦਾਨਾਂ ਨੇ ਪੰਜਾਬੀ ਸਭਿਆਚਾਰ ਨੂੰ ਵੰਨ-ਸੁਵੰਨਤਾ ਦਿੱਤੀ ਹੈ ਅਤੇ ਦੇਸੀ ਵਿਦੇਸ਼ੀ ਜਾਤਾਂ ਤੇ ਨਸਲਾਂ ਨੇ ਇਸ ਵੰਨ-ਸੁਵੰਨਤਾ ਨੂੰ ਬਹੁਰੰਗਾ ਕਰ ਦਿੱਤਾ ਹੈ।

BSEB

ਪੰਜਾਬ ਦੀ ਭੂਗੋਲਿਕ ਸਥਿਤੀ ਉੱਤੇ ਇਕ ਹੋਰ ਵੱਡਾ ਪ੍ਰਭਾਵ ਇਹ ਹੈ ਕਿ ਪ੍ਰਾਚੀਨ ਸਮੇਂ ਤੋਂ ਹੀ ਵਿਦੇਸ਼ੀ ਹਮਲਾਵਰ ਪੰਜਾਬ ਦੇ ਰਸਤੇ ਤੋਂ ਹੀ ਭਾਰਤ ਵਿਚ ਦਾਖਲ ਹੁੰਦੇ ਸਨ। ਇਸ ਲਈ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਪਹਿਲਾਂ ਇਹਨਾਂ ਹਮਲਾਵਰਾਂ ਦਾ ਸਾਹਮਣਾ ਕਰਨਾ ਪੈਂਦਾ ਸੀ। 'ਪੰਜਾਬ ਦੇ ਜੰਮੇ ਨੂੰ ਨਿੱਤ ਮੁਹਿੰਮਾਂ' ਅਖਾਣ ਹੀ ਇਹ ਪੁਸ਼ਟੀ ਕਰਦਾ ਹੈ ਕਿ ਇਹ ਲੋਕ ਦਲੇਰੀ ਨਾਲ ਰਣ ਭੂਮੀ ਵਿਚ ਜੂਝਦੇ ਹਨ। ਇਹ ਪੰਜਾਬੀਆਂ ਦੇ ਸੁਭਾਅ ਦਾ ਇਕ ਪਹਿਲੂ ਹੈ, ਜਿਹੜਾ ਲੋਕਾਂ ਨੂੰ ਇਕ-ਜੁੱਟ ਹੋ ਕੇ ਰਹਿਣ ਦੀ ਪ੍ਰੇਰਣਾ ਦਿੰਦਾ ਹੈ।

ਪੰਜਾਬੀ ਸਭਿਆਚਾਰ ਮੁੱਢਲੇ ਰੂਪ ਵਿਚ ਖੇਤੀਬਾੜੀ ਅਧਾਰਿਤ ਸਭਿਆਚਾਰ ਹੈ। ਕਿਰਤ ਪੱਖੀ ਹੋਣ ਕਰਕੇ ਇਸ ਬਣਤਰ ਵਿਚ ਵਿਹਲੜ ਜਾਂ ਨਿੰਕਮੇ ਬੰਦੇ ਲਈ ਕੋਈ ਥਾਂ ਨਹੀਂ ਹੈ।

ਖੇਤੀਬਾੜੀ ਅਧਾਰਿਤ ਢਾਂਚੇ ਨੇ ਮੁੱਖ ਤੌਰ 'ਤੇ ਦੋ ਸ਼੍ਰੇਣੀਆਂ ਪੈਦਾ ਕੀਤੀਆਂ। ਇੱਕ ਕਾਸ਼ਤਕਾਰ ਸ਼੍ਰੇਣੀ ਜਿਸ ਨੂੰ ਕਿਸਾਨ ਕਹਿੰਦੇ ਹਨ ਅਤੇ ਦੂਜੀ ਕਾਰੀਗਰ ਸ਼੍ਰੇਣੀ ਜੋ ਕਿਸਾਨਾਂ ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਇਹ ਦੋਵੇਂ ਸ਼੍ਰੇਣੀਆਂ ਇੱਕ ਦੂਜੇ ਦੇ ਪੂਰਕ ਵਜੋਂ ਸਥਾਪਿਤ ਹੁੰਦੀਆਂ ਹਨ ਅਤੇ ਇਕ ਵਿਲੱਖਣ ਸਾਂਝ ਭਰਪੂਰ ਰਿਸ਼ਤਾ-ਪ੍ਰਣਾਲੀ ਨੂੰ ਜਨਮ ਦੇਂਦੀਆਂ ਹਨ।

ਪੰਜਾਬੀ ਸਮਾਜ ਦੀ ਪ੍ਰਮੁੱਖ ਇਕਾਈ ਟੱਬਰ ਹੈ। ਵਡੇਰਾ ਮੈਂਬਰ ਇਸ ਟੱਬਰ ਦਾ ਮੁਖੀ ਹੁੰਦਾ ਹੈ, ਜਿਸ ਨੂੰ 'ਲਾਣੇਦਾਰ' ਵੀ ਕਹਿੰਦੇ ਹਨ, ਹਰ ਪਰਿਵਾਰਕ ਜ਼ੁੰਮੇਵਾਰੀ ਜਿਵੇਂ ਚੀਜ਼ ਲੈਣੀ-ਦੇਣੀ, ਰਿਸ਼ਤੇ ਸੌਂਦੇ ਤੈਅ ਕਰਨੇ ਆਦਿ ਉਸ ਦੀ ਮਰਜ਼ੀ ਨਾਲ ਹੀ ਸੰਭਵ ਹੁੰਦੇ ਹਨ।

ਪੰਜਾਬੀ ਸਭਿਆਚਾਰ ਵਿੱਚ ਰਿਸ਼ਤਾ ਪ੍ਰਣਾਲੀ ਦੇ ਦੋ ਮੁੱਖ ਆਧਾਰ ਹਨਃ- ਨਾਨਕੇ ਅਤੇ ਦਾਦਕੇ। ਹਰ ਰਿਸ਼ਤੇ ਦਾ ਮਾਨਸਿਕ, ਆਰਥਿਕ, ਸਮਾਜਿਕ ਜਾਂ ਧਾਰਮਿਕ ਮਹੱਤਵ ਹੁੰਦਾ ਹੈ। ਮਾਂ, ਪਿਉ, ਚਾਚਾ, ਚਾਚੀ, ਤਾਇਆ, ਤਾਈ, ਮਾਮਾ, ਮਾਮੀ, ਮਾਸੜ, ਮਾਸੀ, ਫੁਫੜ, ਭੂਆ ਆਦਿ ਵੱਡੇ ਰਿਸ਼ਤੇ ਹਨ। ਜਿਹੜੇ ਦਾਦਾ, ਦਾਦੀ, ਨਾਨਾ, ਨਾਨੀ ਤੋਂ ਮਗਰੋਂ ਮਹੱਤਵਪੂਰਨ ਰੁਤਬਾ ਰੱਖਦੇ ਹਨ। ਭੈਣ-ਭਰਾ ਦਾ ਰਿਸ਼ਤਾ ਮਾਨਸਿਕ ਅਤੇ ਸਮਾਜਿਕ ਪੱਖ ਤੋਂ ਸ਼੍ਰੋਮਣੀ ਰਿਸ਼ਤਾ ਹੈ। ਜੀਜਾ-ਸਾਲੀ, ਦਿਉਰ-ਭਰਜਾਈ, ਭਣੋਓ (ਭਣੋਈਏ ਦੀ ਭੈਣ) ਅਤੇ ਸਾਲੇਹਾਰ ਰੁਝ ਰੁਮਾਂਟਿਕ ਰਿਸ਼ਤੇ ਹਨ। ਗੁੰਝਲਦਾਰ ਰਿਸ਼ਤਾ ਪ੍ਰਣਾਲੀ ਇਸ ਸਮਾਜ ਦੀ ਖ਼ੂਬੀ ਹੈ।

ਪੰਜਾਬੀ ਸਭਿਆਚਾਰ ਵਿੱਚ ਔਰਤ ਪ੍ਰਤੀ ਨਜ਼ਰੀਆ ਤ੍ਰਿਸਕਾਰ ਵਾਲਾ ਨਹੀਂ ਸਗੋਂ ਸਨਮਾਨ ਤੇ ਸਹਿਯੋਗ ਭਰਪੂਰ ਹੈ। ਪੰਜਾਬੀ ਵਿਅਕਤੀ ਦੀ ਅਜਿਹੀ ਮਾਨਸਿਕਤਾ ਨੂੰ ਵਿਕਸਤ ਕਰਨ ਵਿੱਚ ਗੁਰੂ ਸਹਿਬਾਨ ਨੇ ਵੱਡਾ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ :-

"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ"

ਵੱਖ-ਵੱਖ ਜਾਤਾਂ ਦਾ ਸੁਜੱਸਮਾ ਹੋਣ ਦੇ ਬਾਵਜੂਦ ਵੀ ਇਹ ਸਭਿਆਚਾਰ ਜਾਤ-ਪਾਤ ਦੀ ਪੀਡੀ ਪਕੜ ਵਿਚ ਨਹੀਂ ਆਉਂਦਾ। ਇੱਥੇ ਜਾਤ-ਪਾਤ ਦੀ ਹੋਂਦ ਤਾਂ ਹੈ ਪਰ ਬਹੁਤੀ ਕਠੋਰ ਨਹੀਂ ਹੈ। ਜਾਤਾਂ ਸੰਬੰਧੀ ਸ਼ਬਦਾਵਲੀ ਤ੍ਰਿਸਕਾਰ ਵਾਲੀ ਨਹੀਂ, ਸਗੋਂ ਸਤਿਕਾਰ ਯੋਗ ਹੈ। ਅਨੇਕਤਾ ਹੋਣ ਦੇ ਬਾਵਜੂਦ ਵੀ ਇਸ ਸਭਿਆਚਾਰ ਵਿਚ ਏਕਤਾ ਹੈ। ਵੱਖ-ਵੱਖ ਜਾਤਾਂ ਹੋਣ ਦੇ ਬਾਵਜੂਦ ਵੀ ਫਿਰਕੂ ਰੰਗਤ ਨਹੀਂ ਹੈ।

BSEB

ਇਕ-ਦੂਜੇ ਦੇ ਧਰਮ ਜਾਂ ਧਾਰਮਿਕ ਰਹੁ-ਰੀਤਾਂ ਦਾ ਮਜ਼ਾਕ ਉਡਾਉਣ ਦੀ ਥਾਂ ਪੰਜਾਬੀ ਲੋਕ ਇਨ੍ਹਾਂ ਦਾ ਸਤਿਕਾਰ ਕਰਦੇ ਹੋਏ ਆਪਣੇ ਆਪ ਨੂੰ ਉਨ੍ਹਾਂ ਵਿੱਚ ਸ਼ਾਮਿਲ ਕਰਦੇ ਹਨ।

ਸਮੁੱਚੇ ਰੂਪ ਵਿੱਚ ਸਭਿਆਚਾਰ ਕਿਸੇ ਕੌਮ ਜਾਂ ਜਨ ਸਮੂਹ ਦਾ ਜੀਵਨ ਢੰਗ ਹੁੰਦਾ ਹੈ। ਸਭਿਆਚਾਰ ਮਨੁੱਖੀ ਜੀਵਨ ਦੇ ਵਿਕਾਸ ਦੀ ਇੱਕ ਅਜਿਹੀ ਨਿਰੰਤਰ ਗਤੀਸ਼ੀਲ ਪ੍ਰਕਿਰਿਆ ਹੈ, ਜਿਸ ਦੇ ਵਿਭਿੰਨ ਅੰਸ਼ ਹਰ ਪੀੜ੍ਹੀ ਚਿਹਨਾਂ ਪ੍ਰਤੀਕਾਂ ਰਾਹੀਂ ਗ੍ਰਹਿਣ ਕਰਦੀ ਅਤੇ ਦੂਜੀ ਪੀੜ੍ਹੀ ਤਕ ਪਹੁੰਚਾਉਂਦੀ ਹੈ। ਸਮਾਜਿਕ ਆਦਾਨ ਪ੍ਰਦਾਨ ਦਾ ਇਹ ਸਿਲਸਿਲਾ ਇਤਿਹਾਸਕ ਸਮਿਆਂ ਦੌਰਾਨ ਅਨੇਕ ਤਰ੍ਹਾਂ ਦੀਆਂ ਤਬਦੀਲੀਆਂ ਵਿੱਚੋ ਲੰਘਦਾ ਰਹਿੰਦਾ ਹੈ। ਹਰ ਪੀੜ੍ਹੀ ਆਪਣੇ ਵਿਰਸੇ ਦਾ ਪੁਨਰ ਮੁਲਾਂਕਣ ਕਰ ਕੇ ਆਪਣੀ ਲੋੜ ਅਨੁਸਾਰ ਇਸਦੇ ਬਹੁਤ ਸਾਰੇ ਅੰਸ਼ਾਂ ਨੂੰ ਅਪਣਾ ਲੈਂਦੀ ਹੈ ਜਾਂ ਫਿਰ ਸਮਾਂ ਵਿਹਾ ਚੁੱਕੇ ਸਭਿਆਚਾਰਕ ਮੁੱਲਾਂ ਦਾ ਤਿਆਗ ਵੀ ਕਰ ਲੈਂਦੀ ਹੈ। ਅਪਨਾਉਣ ਤੇ ਤੱਜਣ ਦੇ ਇਸ ਅਮਲ ਸਦਕਾ ਹੀ ਸੱਜਰਾਪਣ ਅਤੇ ਮੌਲਿਕਤਾ ਵਰਗੇ ਗੁਣ ਲੱਛਣ ਵੀ ਬਣੇ ਰਹਿੰਦੇ ਹਨ ਅਤੇ ਨਾਲੋ-ਨਾਲ ਪ੍ਰੰਪਰਾ ਅਤੇ ਆਧੁਨਿਕਤਾ ਵਿੱਚ ਨਿਰੰਤਰਤਾ ਵੀ ਬਣੀ ਰਹਿੰਦੀ ਹੈ। ਕੋਈ ਵੀ ਸਭਿਆਚਾਰ ਨਾ ਤਾਂ ਉੱਕਾ ਹੀ ਪ੍ਰਾਚੀਨ ਹੁੰਦਾ ਹੈ ਅਤੇ ਨਾ ਹੀ ਨਿਰੋਲ 'ਨਵੀਨ' ਗੁਣ-ਲੱਛਣਾਂ ਵਾਲਾ ਹੁੰਦਾ ਹੈ। ਇਹ ਸਾਰਾ ਕੁਝ ਕਿਸੇ ਸਮਾਜਿਕ ਵਾਤਾਵਰਣ ਵਿੱਚ ਹੀ ਸੰਭਵ ਹੁੰਦਾ ਹੈ ਕਿਉਂਕਿ ਸਭਿਆਚਾਰ, ਜੀਵ ਵਿਗਿਆਨਕ ਵਿਰਸਾ ਨਹੀਂ ਸਗੋਂ ਸਮਾਜਿਕ ਵਿਰਸਾ ਹੁੰਦਾ ਹੈ।

## ਅਭਿਆਸ-ਪ੍ਰਸ਼ਨ

**ਪ੍ਰਸ਼ਨ 1.** ਪੰਜਾਬ ਸ਼ਬਦ ਤੋਂ ਕੀ ਭਾਵ ਹੈ ?

ਪ੍ਰਸ਼ਨ 2. ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਦੱਸੋ ?

ਪ੍ਰਸ਼ਨ 3. ਪੰਜਾਬੀ ਰਿਸ਼ਤਾ ਪ੍ਰਣਾਲੀ ਬਾਰੇ ਜਾਣਕਾਰੀ ਦਿਉ ?

ਪ੍ਰਸ਼ਨ 4. ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ ਬਿਆਨ ਕਰੋ ?

BSEP

# 2. ਮੇਲੇ ਤੇ ਤਿਉਹਾਰ

ਮੇਲੇ ਸ਼ਬਦ ਦੀ ਉੱਤਪੱਤੀ ਮੇਲ-ਜੋਲ ਤੋਂ ਹੋਈ ਹੈ। ਮੇਲੇ ਕਦੋਂ ਅਤੇ ਕਿਵੇਂ ਸ਼ੁਰੂ ਹੋਏ ? ਇਸ ਸਵਾਲ ਤੇ ਜਵਾਬ ਵਜੋਂ ਕੋਈ ਪੱਕਾ ਪ੍ਰਮਾਣ ਉਪਲੱਬਧ ਨਹੀਂ ਹੈ। ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਆਦਿ ਮਨੁੱਖ ਜਦੋਂ ਸ਼ਿਕਾਰ ਤੇ ਹੋਰ ਕੰਮਾਂ ਤੋਂ ਵਿਹਲਾ ਹੁੰਦੇ ਜਾਂ ਕਿਸੇ ਹੋਰ ਕਬੀਲੇ ਉੱਤੇ ਜਿੱਤ ਪ੍ਰਾਪਤ ਕਰਨ ਉਪਰੰਤ, ਖ਼ੁਸ਼ੀ ਸਾਂਝੀ ਕਰਨ ਲਈ ਇਕੱਠੇ ਹੋ ਕੇ ਨੱਚਦੇ-ਗਾਉਂਦੇ ਤਾਂ ਉਹ ਖ਼ੁਸ਼ੀ ਦਾ ਇਜ਼ਹਾਰ; ਮੇਲੇ ਦੇ ਰੂਪ ਵਰਗਾ ਹੁੰਦਾ। ਇਸ ਕਿਸਮ ਦੇ ਜਸ਼ਨ ਜਦੋਂ ਵਾਰ-ਵਾਰ ਮਨਾਏ ਜਾਣ ਲੱਗੇ, ਮੇਲੇ ਹੋਂਦ ਵਿੱਚ ਆਉਣ ਲੱਗੇ। ਜਿਵੇਂ-ਜਿਵੇਂ ਸਮਾਜਕ-ਆਰਥਕ, ਸਭਿਆਚਾਰ ਹਾਲਾਤਾਂ 'ਚ ਤਬਦੀਲੀਆਂ ਆਉਂਦੀਆਂ ਗਈਆਂ, ਇਨ੍ਹਾਂ ਦਾ ਰੂਪ-ਸਰੂਪ ਬਦਲਦਾ ਗਿਆ।

ਮੇਲੇ ਜਾਣਾ ਜਾਂ ਨਾ ਜਾਣਾ ਕੋਈ ਸਮਾਜਿਕ ਜਾਂ ਰਾਜੀਨਿਤਕ ਮਜ਼ਬੂਰੀ ਨਹੀਂ ਹੁੰਦੀ, ਸਗੋਂ ਲੋਕ ਮਨ ਵਿਚਲਾ ਲੋਕਾਚਾਰ ਹੀ ਲੋਕਾਂ ਨੂੰ ਮੇਲੇ ਜਾਣ ਲਈ ਪ੍ਰੇਰਦਾ ਹੈ। ਮੇਲਾ, ਹਰ ਉਮਰ ਦੇ ਬੱਚਿਆਂ, ਜਵਾਨਾਂ, ਮੁਟਿਆਰਾਂ ਤੇ ਬੁੱਢਿਆਂ ਦੇ ਚਾਅ ਦਾ ਪ੍ਰਤੀਕ ਹੈ। ਪੰਜਾਬ ਵਿੱਚ ਲੱਗਣ ਵਾਲੇ ਮੇਲੇ ਜ਼ਿਆਦਾਤਰ ਇਤਿਹਾਸਕ ਮਹਤੱਵ ਵਾਲੇ ਹੁੰਦੇ ਹਨ। ਜਿੰਨ੍ਹਾ ਵਿੱਚ ਮਾਘੀ ਦਾ ਮੇਲਾ, ਵਿਸਾਖੀ ਦਾ ਮੇਲਾ, ਆਨੰਦਪੁਰ ਸਾਹਿਬ ਦਾ ਮੇਲਾ, ਫਤਿਹਗੜ੍ਹ ਸਾਹਿਬ ਦਾ ਮੇਲਾ ਆਦਿ ਸਭਿਆਚਾਰਕ ਪੱਖ ਤੋਂ ਵੀ ਬਹੁਤ ਮਹਤੱਵ ਦੇ ਧਾਰਣੀ ਹਨ। ਮੇਲੇ, ਕੰਮਾਂ ਧੰਦਿਆਂ ਕਾਰਣ ਆਈ ਮਾਨਸਿਕ ਅਤੇ ਸਰੀਰਕ ਥਕਾਵਟ ਅਤੇ ਜੀਵਨ-ਵਿਧੀ ਵਿਚ ਆਈ ਖੜ੍ਹੋਤ ਨੂੰ ਤੋੜਨ ਅਤੇ ਜ਼ਿੰਦਗੀ ਨੂੰ ਮੁੜ ਤਰੋਤਾਜ਼ਾ ਕਰਨ ਦਾ ਵੱਡਮੁੱਲਾ ਸਾਧਨ ਹਨ। ਇਹ ਮੇਲੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਦਾ ਸਾਧਨ ਹੋਣ ਦੇ ਨਾਲ-ਨਾਲ ਲੋਕਾਂ ਦੀ ਮਾਨਸਿਕ ਅਤੇ ਪਦਾਰਥਕ ਪੂਰਤੀ ਵੀ ਕਰਦੇ ਹਨ। ਜਿੱਥੋਂ ਤੱਕ ਪੰਜਾਬ ਦੇ ਮੇਲਿਆਂ ਦਾ ਸੰਬੰਧ ਹੈ, ਇਸ ਦੀਆਂ ਅਨੇਕਾਂ ਵੰਨਗੀਆਂ ਹਨ।

ਸਾਂਝਾ ਸੱਭਿਆਚਾਰ ਹੋਣ ਕਰਕੇ ਪੰਜਾਬ ਵਿੱਚ ਹਰ ਮਹੀਨੇ ਕੋਈ ਨਾ ਕੋਈ ਮੇਲਾ ਅਤੇ ਤਿਉਹਾਰ ਆਇਆ ਰਹਿੰਦਾ ਹੈ। ਇਹ ਮੇਲੇ ਅਤੇ ਤਿਉਹਾਰ ਜਿੱਥੇ ਲੋਕਾਂ ਦੀ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ, ਉੱਥੇ ਲੋਕਾਂ ਦੇ ਮਨੋਰੰਜਨ ਦਾ ਸਾਧਨ ਵੀ ਬਣਦੇ ਹਨ। ਪੁਰਾਣੇ ਸਮਿਆਂ 'ਚ ਖੇਤੀ ਦੀ ਪ੍ਰਧਾਨਤਾ ਹੋਣ ਕਰਕੇ ਮੇਲਿਆਂ ਅਤੇ ਤਿਉਹਾਰਾਂ ਦੀ ਖਾਸ ਪੁੱਛ-ਗਿੱਛ ਸੀ। ਅਜੋਕੇ ਸਮੇਂ ਮੇਲਿਆਂ ਅਤੇ ਤਿਉਹਾਰਾਂ ਦਾ ਸਰੂਪ ਬਦਲ ਗਿਆ ਹੈ। ਜਿਸ ਕਰਕੇ ਇਹਨਾਂ ਦੀ ਪਹਿਲਾਂ ਜਿੰਨੀ ਮਾਨਤਾ ਨਹੀਂ ਰਹੀ। ਜ਼ਿੰਦਗੀ ਦੀ ਭੱਜ-ਦੌੜ, ਆਧੁਨਿਕਤਾ ਅਤੇ ਮਨੋਰੰਜਨ ਦੇ ਸੈਂਕੜੇ ਸਾਧਾਨਾਂ ਦੀ ਭਰਮਾਰ ਨੇ ਲੋਕਾਂ ਨੂੰ ਮੇਲਿਆਂ ਅਤੇ ਤਿਉਹਾਰਾਂ ਤੋਂ ਵੱਖ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਦੇ ਮੁੱਖ ਮੇਲਿਆਂ ਅਤੇ ਤਿਉਹਾਰਾਂ ਦਾ ਸੰਖੇਪ ਵਰਨਣ ਇਸ ਤਰ੍ਹਾਂ ਹੈ।

## ਵਿਸਾਖੀ ਦਾ ਮੇਲਾ :-

ਵਿਸਾਖੀ ਦੇ ਮੇਲੇ ਦਾ ਸੰਬੰਧ ਪੰਜਾਬ ਦੀ ਸਮਾਜਿਕ, ਆਰਥਿਕ ਅਤੇ ਧਾਰਮਿਕ ਬਿਰਤੀ ਨਾਲ ਜੁੜਿਆ ਹੋਇਆ ਹੈ। ਪੰਜਾਬੀ ਸਮਾਜ ਖੇਤੀ ਨਾਲ ਜੁੜਿਆ ਹੋਇਆ ਹੈ ਅਤੇ ਵਿਸਾਖ ਦਾ ਮਹੀਨਾ ਕਣਕ ਦੇ ਪੱਕਣ ਅਤੇ ਵੱਢਣ ਦਾ ਮਹੀਨਾ ਹੈ। ਇਸ ਕਰਕੇ ਪੰਜਾਬੀ ਲੋਕ ਇਸ ਮਹੀਨੇ ਦੀ ਸ਼ੁਰੂਆਤ ਮੇਲੇ ਨਾਲ

ਕਰਦੇ ਹਨ। ਵਿਸਾਖੀ, ਦੇਸੀ ਮਹੀਨੇ ਵਿਸਾਖ ਦੇ ਪਹਿਲੇ ਦਿਨ ਮਨਾਈ ਜਾਂਦੀ ਹੈ। ਇਸ ਦਿਨ ਕਿਸਾਨ ਕਣਕ ਦੀ ਪੱਕੀ ਫ਼ਸਲ ਨੂੰ ਦਾਤੀ ਲਾਉਂਦੇ ਹਨ। ਵਿਸਾਖ ਮਹੀਨੇ 'ਚ ਕਿਸਾਨ ਕਰੜੀ ਮਿਹਨਤ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਪੂੰਜੀ ਰੂਪੀ ਫ਼ਸਲ ਨੂੰ ਦੇਖ ਕੇ ਖ਼ੁਸ਼ੀ ਮਨਾਉਂਦਾ ਹੈ। ਇਸ ਖ਼ੁਸ਼ੀ ਵਜੋਂ ਪਿੰਡ ਪਿੰਡ ਮੇਲੇ ਲੱਗਦੇ ਹਨ। ਮੇਲਿਆਂ ਤੇ ਗਭਰੂ-ਜਵਾਨ ਭੰਗੜਾ ਪਾਉਂਦੇ ਹਨ। ਇੰਜ ਪੰਜਾਬੀ, ਵਿਸਾਖੀ ਦੇ ਤਿਉਹਾਰ ਨੂੰ ਇੱਕ ਮੇਲੇ ਵਜੋਂ ਮਨਾਉਂਦੇ ਹਨ।

ਵਿਸਾਖੀ ਦਾ ਮੇਲਾ ਪੰਜਾਬ ਵਿੱਚ ਇਤਿਹਾਸਕ ਮੱਹਤਵ ਦਾ ਧਾਰਣੀ ਵੀ ਹੈ। ਇਸ ਦਿਨ 1666 ਈ 'ਚ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਦਾ ਰੂਪ ਤੇ ਸਰੂਪ ਨਿਰਧਾਰਿਤ ਕੀਤਾ। ਆਪ ਨੇ ਪੰਜ ਪਿਆਰਿਆਂ ਤੋਂ ਖੁਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ-ਚੇਲੇ ਦਾ ਨਵਾਂ ਵਿਧਾਨ ਸਿਰਜਿਆ। ਇਸ ਤਰ੍ਹਾਂ ਜ਼ੁਲਮ ਨਾਲ ਟਕਰਾਉਣ ਦੀ ਹਿੰਮਤ ਅਤੇ ਦਲੇਰੀ ਵਾਲੇ ਪੰਜਾਬੀ ਵਿਅਕਤੀ ਨੂੰ ਨਿਵੇਕਲੀ ਪਛਾਣ ਪ੍ਰਾਪਤ ਹੋਈ। ਉਦੋ ਤੋਂ ਲੈ ਕੇ ਹੁਣ ਤੱਕ ਪੰਜਾਬੀ ਜਿੱਥੇ ਵੀ ਵੱਸੇ ਹੋਣ ਵਿਸਾਖੀ ਬੜੇ ਉਤਸ਼ਾਹ ਨਾਲ ਮਨਾਉਦੇ ਹਨ।

ਦੇਸ਼ ਦੀ ਵੰਡ ਤੋ ਪਹਿਲਾ ਵਿਸਾਖੀ ਪੰਜਾ ਸਾਹਿਬ ਤੇ ਵਜ਼ੀਰਾ ਬਾਦ ਦੀ ਵੀ ਮਸ਼ਹੂਰ ਸੀ ਪਰ ਅੱਜਕਲ੍ਹ ਵਿਸਾਖੀ ਦੀਆਂ ਰੌਣਕਾਂ ਕਰਤਾਰਪੁਰ ਸਾਹਿਬ, ਦਮਦਮਾ ਸਾਹਿਬ ਅਤੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਲਗਦੀਆਂ ਹਨ। ਇਸ ਮੌਕੇ ਬੜੇ ਭਾਰੀ ਦਰਬਾਰ ਸਜਾਏ ਜਾਂਦੇ ਹਨ ਅਤੇ ਅੰਮ੍ਰਿਤ-ਪ੍ਰਵਾਹ ਚਲਦੇ ਹਨ।

ਇਸ ਤਿਉਹਾਰ ਨਾਲ ਪੰਜਾਬ ਦੇ ਇਤਿਹਾਸ ਦਾ ਖ਼ੂਨੀ ਸਾਕਾ ਵੀ ਜੁੜਿਆ ਹੋਇਆ ਹੈ। ਇਸੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਸਾਲ 1919 ਨੂੰ ਵਾਪਰਿਆ ਸੀ। ਇਥੇ ਅੰਗਰੇਜ ਜਰਨਲ ਡਾਇਰ ਨੇ ਅਣਗਿਣਤ ਨਿਹੱਥੇ ਪੰਜਾਬੀਆਂ ਨੂੰ ਸ਼ਹੀਦ ਕੀਤਾ ਸੀ, ਇਸ ਤਿਉਹਾਰ 'ਤੇ ਉਹਨਾਂ ਸ਼ਹੀਦਾਂ ਦੀ ਯਾਦ ਵੀ ਮਨਾਈ ਜਾਂਦੀ ਹੈ।

## ਛਪਾਰ ਦਾ ਮੇਲਾ :-

ਹਿੰਦੂ, ਸਿੱਖ ਅਤੇ ਮੁਸਲਮਾਨਾਂ ਦੀ ਸਾਂਝੀਵਾਲਤਾ ਦਾ ਪ੍ਰਤੀਕ ਛਪਾਰ ਦਾ ਮੇਲਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ 'ਛਪਾਰ' ਵਿਖੇ ਭਾਦੋਂ ਦੀ ਚਾਨਣੀ ਚੌਦਸ ਨੂੰ ਭਰਦਾ ਹੈ। ਇਹ ਮੇਲਾ ਛਪਾਰ ਨਜ਼ਦੀਕ ਬਣੀ ਗੁੱਗੇ ਦੀ ਮਾੜੀ ਉੱਤੇ ਲੱਗਦਾ ਹੈ। ਇਸ ਮੇਲੇ ਦਾ ਸੰਬੰਧ 'ਗੁੱਗੇ ਪੀਰ' ਨਾਲ ਹੈ। ਛਪਾਰ ਦੇ ਮੇਲੇ 'ਤੇ ਲੋਕ ਮਿੱਟੀ ਕੱਢਦੇ ਹਨ, ਚੌਕੀਆਂ ਭਰਦੇ ਹਨ ਅਤੇ ਗੁੱਗੇ ਦੀਆਂ ਜਸ ਭਰਪੂਰ ਭੇਟਾਂ ਗਾਉਂਦੇ ਹਨ।

ਇਸ ਮੇਲੇ ਦੀ ਮੁੱਖ ਵਿਸ਼ੇਸ਼ਤਾ ਮਰਦਾਂ ਦਾ ਗਿੱਧਾ ਹੈ। ਇਹ ਗਿੱਧਾ ਸਾਰੀ-ਸਾਰੀ ਰਾਤ ਚਲਦਾ ਹੈ। ਪੰਜਾਬ ਭਰ 'ਚੋਂ ਗਿੱਧੇ ਦੀਆਂ ਟੋਲੀਆਂ ਇਸ ਮੇਲੇ 'ਚ ਪੁੱਜਦੀਆਂ ਹਨ। ਇਹ ਟੋਲੀਆਂ ਲੰਮੀਆਂ-ਲੰਮੀਆਂ ਬੋਲੀਆਂ ਪਾ ਕੇ ਸਰੀਰਕ ਮੁਦਰਾਵਾਂ ਨਾਲ ਭੀੜ ਨੂੰ ਬੰਨ੍ਹੀ ਰੱਖਦੀਆਂ ਹਨ।

ਮੁੱਖ ਮੇਲੇ ਤੋਂ ਪਹਿਲੇ ਦਿਨ ਅਹਿਮਦਗੜ੍ਹ ਵਿਖੇ 'ਪਸ਼ੂਆਂ ਦੀ ਮੰਡੀ' ਵੀ ਲੱਗਦੀ ਹੈ। ਖਾਸ ਤੌਰ 'ਤੇ ਗਧੇ, ਖੱਚਰ ਅਤੇ ਘੋੜੇ ਵਿਕਣ ਲਈ ਲਿਆਂਦੇ ਜਾਂਦੇ ਹਨ।

## ਜਰਗ ਦਾ ਮੇਲਾ :-

ਜਰਗ ਦਾ ਮੇਲਾ 'ਸ਼ੀਤਲਾ ਮਾਤਾ' ਦੀ ਯਾਦ 'ਚ ਲਗਾਇਆ ਜਾਂਦਾ ਹੈ। ਜ਼ਿਲ੍ਹਾ ਲੁਧਿਆਣਾ ਦੀ ਪਾਇਲ ਤਹਿਸੀਲ ਦਾ ਪਿੰਡ ਜਰਗ ਇਸ ਲੋਕ ਮੇਲੇ ਕਾਰਨ ਪ੍ਰਸਿੱਧ ਹੋ ਗਿਆ ਹੈ। ਜਰਗ ਦੇ ਇੱਕ ਵੱਡੇ ਟੋਭੇ ਦੁਆਲੇ ਇਹ ਮੇਲਾ ਲੱਗਦਾ ਹੈ। ਇਸ ਟੋਭੇ ਵਿੱਚੋ ਮਿੱਟੀ ਕੱਢੀ ਜਾਂਦੀ ਹੈ ਤੇ ਸੀਤਲਾ ਮਾਤਾ ਦਾ ਥਾਨ ਪੂਜਿਆ ਜਾਂਦਾ ਹੈ। ਸੀਤਲਾ ਮਾਤਾ ਦੀ ਪੂਜਾ ਮਿੱਠੇ ਗੁਲਗੁਲੇ ਤੇ ਮਿਠੀਆਂ ਰੋਟੀਆਂ ਨਾਲ ਕੀਤੀ ਜਾਂਦੀ ਹੈ ਜੋ ਰਾਤ ਨੂੰ ਪਕਾਏ ਜਾਦੇ ਹਨ। ਬੇਹੇ ਭੋਜਨ ਨਾਲ ਪੂਜਾ ਕਰਨ ਸਦਕਾ ਹੀ ਇਸ ਮੇਲੇ ਨੂੰ ਬਾਸੜੀਏ ਜਾਂ ਬਾਹਿੜੀਏ ਦਾ ਨਾਂ ਵੀ ਦਿੱਤਾ ਗਿਆ ਹੈ।

## ਜਗਰਾਵਾਂ ਦੀ ਰੋਸ਼ਨੀ :-

ਜਗਰਾਵਾਂ ਦੀ ਰੋਸ਼ਨੀ ਜ਼ਿਲ੍ਹਾ ਲੁਧਿਆਣਾ ਦੇ 'ਜਗਰਾਵਾਂ' ਵਿਖੇ ਮਨਾਈ ਜਾਂਦੀ ਹੈ। ਪੋਨਿਆ ਵਾਲੇ ਫ਼ਕੀਰ ਦੀ ਦਰਗਾਹ ਉੱਪਰ ਚਿਰਾਗ਼ ਜਗਾਉਣ ਕਰਕੇ ਇਸ ਮੇਲੇ ਦਾ ਨਾਂ 'ਜਗਰਾਵਾਂ ਦੀ ਰੋਸ਼ਨੀ' ਪੈ ਗਿਆ। ਇਹ ਮੇਲਾ 14, 15 ਅਤੇ 16 ਫੱਗਣ ਨੂੰ ਭਰਦਾ ਹੈ। ਮੇਲੇ ਵਾਲੇ ਦਿਨ ਬਾਜ਼ਾਰ ਸੱਜਦੇ ਹਨ ਅਤੇ ਬੱਚਿਆਂ ਦੇ ਮਨੋਰੰਜਨ ਲਈ ਤਰ੍ਹਾਂ-ਤਰ੍ਹਾਂ ਦੀਆਂ ਚੰਡੋਲਾਂ ਤੇ ਖੇਡਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੁੱਖ ਪੂਰੀ ਹੋਣ ਦੇ ਸ਼ੁਕਰਾਨੇ ਵਜੋਂ ਲੋਕ ਪੂਰੀ ਸ਼ਰਧਾ ਨਾਲ ਪੀਰ ਦੀ ਦਰਗਾਹ ਉੱਪਰ ਨਤਮਸਤਕ ਹੁੰਦੇ ਹਨ ਅਤੇ ਮੇਲੇ ਦੀ ਰੌਣਕ 'ਚ ਵਾਧਾ ਕਰਦੇ ਹਨ।

## ਮਾਘੀ ਦਾ ਮੇਲਾ:-

ਮਾਘੀ ਦਾ ਮੇਲਾ 'ਸ਼੍ਰੀ ਮੁਕਤਸਰ ਸਾਹਿਬ' ਵਿਖੇ ਲੱਗਦਾ ਹੈ। ਇਹ ਮੇਲਾ ਚਾਲੀ ਮੁਕਤਿਆਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਹਜ਼ਾਰਾ ਦੀ ਗਿਣਤੀ 'ਚ ਲੋਕ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ ਅਤੇ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਸਰਵਣ ਕਰਦੇ ਹਨ। ਮੇਲੇ ਤੋਂ ਕਈ ਦਿਨ ਪਹਿਲਾਂ ਅਤੇ ਪਿੱਛੋਂ ਤੱਕ ਘੋੜਿਆਂ ਦੀ ਮੰਡੀ ਲੱਗਦੀ ਹੈ। ਦੇਸ਼ ਭਰ ਦੇ ਘੋੜਾ ਪਾਲਕ ਆਪਣੇ-ਆਪਣੇ ਘੋੜੇ ਲੈ ਕੇ ਇਸ ਮੰਡੀ 'ਚ ਪੁੱਜਦੇ ਹਨ।

ਮਾਘੀ ਦਾ ਮੇਲਾ ਭਾਵੇਂ ਸਿੱਖ ਧਰਮ ਨਾਲ ਸੰਬੰਧਿਤ ਹੈ ਪਰੰਤੂ ਹਰ ਜਾਤੀ ਅਤੇ ਧਰਮ ਦੇ ਲੋਕ ਇਸ ਮੇਲੇ ਵਿੱਚ ਸ਼ਿਰਕਤ ਕਰਦੇ ਹਨ। ਮੇਲੇ ਦੇ ਪਹਿਲੇ ਦਿਨ ਰਾਜਸੀ ਕਾਨਫ਼ਰੰਸਾਂ ਵੀ ਕੀਤੀਆਂ ਜਾਂਦੀਆਂ ਹਨ।

## ਸ਼ਹੀਦੀ ਜੋੜ-ਮੇਲਾ ਫਤਿਹਗੜ੍ਹ ਸਾਹਿਬ:-

ਸ਼ਹੀਦੀ ਜੋੜ ਮੇਲਾ ਫਤਿਹਗੜ੍ਹ ਸਾਹਿਬ (ਸਰਹਿੰਦ) ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜ਼ਰੀ ਦੀ ਮਿੱਠੀ ਤੇ ਪਵਿੱਤਰ ਯਾਦ ਨੂੰ ਸਮਰਪਿਤ ਹੈ। ਇਹ ਮੇਲਾ ਇਤਿਹਾਸਕ ਮਹੱਤਵ ਰੱਖਦਾ ਹੈ। ਇਹ ਮੇਲਾ ਦਿਸੰਬਰ (ਦੇਸੀ ਮਹੀਨਾ ਪੋਹ) ਦੇ ਅੰਤ 'ਚ ਦੋ-ਤਿੰਨ ਦਿਨ ਤੱਕ ਚਲਦਾ ਹੈ। ਸਰਹਿੰਦ ਦੇ ਫੌਜ਼ਦਾਰ ਵਜ਼ੀਰ ਖਾਨ ਦੇ ਹੁਕਮ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿਚ ਚਿਣਵਾਇਆ ਗਿਆ ਸੀ, ਜੋ ਅੱਜ ਵੀ ਇੱਕ ਯਾਦ ਵੱਜੋਂ ਕਾਇਮ ਹੈ। ਇਹ ਔਰੰਗਜ਼ੇਬ ਦੇ ਸ਼ਾਸਨ ਦੀ ਘਿਣਾਉਣੀ ਕਰਤੂਤ ਸੀ। ਸ਼ਰਧਾਲੂ ਇਸ ਪਵਿੱਤਰ ਸਥਾਨ ਤੇ ਨਤਮਸਤਕ ਹੁੰਦੇ ਹਨ।



BSER

ਅਜਿਹੀ ਲਾ-ਮਿਸਾਲ ਕੁਰਬਾਨੀ, ਜਿਸਦੀ ਹੋਰ ਕਿਧਰੇ ਦੁਨੀਆਂ ਵਿਚ ਕੋਈ ਮਿਸਾਲ ਨਹੀਂ ਮਿਲਦੀ, ਛੋਟੇ ਸਾਹਿਬਜ਼ਾਦਿਆਂ ਦੀ ਯਾਦ ਲੋਕ ਮਨਾਂ ਵਿਚ ਤਾਜ਼ਾ ਕਰ ਜਾਂਦੀ ਹੈ। ਇਸ ਤੋਂ ਇਲਾਵਾ ਮਾਤਾ ਗੁਜ਼ਰੀ ਤੇ ਸਾਹਿਬਜ਼ਾਦਿਆਂ ਨੂੰ ਜਿਸ ਠੰਡੇ ਬੁਰਜ਼ ਵਿੱਚ ਕੈਦ ਕੀਤਾ ਗਿਆ ਸੀ, ਮੁਗਲ ਹਕੂਮਤ ਦੇ ਤਸ਼ਦੱਦ ਦੀ ਕਹਾਣੀ ਕਹਿੰਦੇ ਉਸ ਬੁਰਜ਼ ਦੇ ਅੱਜ ਵੀ ਦਰਸ਼ਨ ਕੀਤੇ ਜਾ ਸਕਦੇ ਹਨ। ਸਰਹਿੰਦ ਦਾ ਕਣ-ਕਣ ਪਵਿੱਤਰ ਹੈ। ਦੁਨੀਆਂ ਭਰ ਤੋਂ ਸ਼ਰਧਾਲੂ ਇਸ ਸਥਾਨ ’ਤੇ ਪਹੁੰਚ ਕੇ ਸੇਜਲ ਅੱਖਾਂ ਨਾਲ ਸ਼ਰਧਾ ਦੇ ਸੁਮਨ ਭੇਂਟ ਕਰਦੇ ਹਨ। ਸਰਹਿੰਦ ਦੀ ਧਰਤੀ ਦੇ ਚੱਪੇ-ਚੱਪੇ ’ਤੇ ਮੁਗਲਾਂ ਦੇ ਜ਼ੁਲਮ ਦੀ ਗਾਥਾ ਨਜ਼ਰ ਆਉਂਦੀ ਹੈ। ਇਸ ਘਟਨਾਕ੍ਰਮ ’ਚ ਜਿਥੇ ਵਜ਼ੀਰ ਖਾਨ ਅਤੇ ਦੀਵਾਨ ਸੁੱਚਾ ਨੰਦ ਦੀ ਦਰਿੰਦਗੀ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਉਥੇ ਸਰਹਿੰਦ ਦੇ ਇਤਿਹਾਸ ਨਾਲ ਕੁਝ ਐਸੀਆਂ ਸ਼ਖ਼ਸੀਅਤਾਂ ਵੀ ਜੁੜੀਆਂ ਹੋਈਆਂ ਹਨ, ਜਿਨ੍ਹਾਂ ਦੇ ਨਾਮ ਲੈਣ ਨਾਲ ਮਨ ਨੂੰ ਠੰਡਕ ਮਹਿਸੂਸ ਹੁੰਦੀ ਹੈ; ਜਿਵੇਂ ਮਲੇਰਕੋਟਲੇ ਦਾ ਨਵਾਬ ਸ਼ੇਰ ਮਹੁੰਮਦ ਖ਼ਾਨ- ਜਿਸ ਨੇ ਵਜ਼ੀਰ ਖਾਨ ਨੂੰ ਅਪੀਲ ਕੀਤੀ ਕਿ ਤੁਹਾਡੀ ਦੁਸ਼ਮਨੀ ਗੁਰੂ ਗੋਬਿੰਦ ਸਿੰਘ ਨਾਲ ਹੈ, ਬੱਚਿਆਂ ਦਾ ਕੋਈ ਕਸੂਰ ਨਹੀਂ; ਬਾਬਾ ਮੋਤੀ ਰਾਮ ਮਹਿਰਾ- ਜੋ ਵਜ਼ੀਰ ਖਾਨ ਦੀ ਕੈਦ ਵਿਚ ਬੰਦ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰੀ ਨੂੰ ਚੋਰੀ ਛਿੱਪੇ ਦੁੱਧ ਪਿਆਉਂਦਾ ਸੀ ਅਤੇ ਦੀਵਾਨ ਟੋਡਰ ਮੱਲ ਜਿਸ ਨੇ ਸੋਨੇ ਦੀਆਂ ਮੋਹਰਾਂ ਅਦਾ ਕਰਕੇ ਸਾਹਿਬਜ਼ਾਦਿਆਂ ਦੇ ਅੰਤਮ ਸੰਸਕਾਰ ਲਈ ਵਜ਼ੀਰ ਖਾਨ ਤੋਂ ਜ਼ਮੀਨ ਪ੍ਰਾਪਤ ਕੀਤੀ। ਸਰਹਿੰਦ ਦੇ ਇਸ ਸਾਕੇ ਨੂੰ ‘ਨਿੱਕੀਆਂ ਜ਼ਿੰਦਾਂ ਵੱਡਾ ਸਾਕਾ’ ਦੇ ਤੌਰ ’ਤੇ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਲੋਕ ਸਤਿਕਾਰ ਵਜੋਂ ਜ਼ਮੀਨ ’ਤੇ ਸੌਂਦੇ ਹਨ, ਇਹ ਲੋਕਾਂ ਦੁਆਰਾ ਮਾਤਾ ਗੁਜ਼ਰੀ ਅਤੇ ਸਾਹਿਬਜ਼ਾਦਿਆਂ ਨੂੰ ਦਿੱਤੀ ਜਾਣ ਵਾਲੀ ਸ਼ਰਧਾਂਜ਼ਲੀ ਵਜੋਂ; ਇੱਕ ਰਵਾਇਤ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਦੀ ਪ੍ਰੇਰਨਾ ਸਦਕਾ ਬਾਬਾ ਬੰਦਾ ਸਿੰਘ ਬਹਾਦਰ ਨੇ ਭਾਰੀ ਫੌਜ ਲੈ ਕੇ ਸਰਹਿੰਦ ਉੱਤੇ ਧਾਵਾ ਬੋਲਿਆ ਅਤੇ ਖ਼ਾਲਸਾਈ ਨਿਸ਼ਾਨ ਝੁਲਾਇਆ ਤਾਂ ਉਸ ਦਿਨ ਤੋਂ ਸਰਹਿੰਦ ਦਾ ਨਾਂ ‘ਫਤਿਹਗੜ੍ਹ’ (ਜਿੱਤ ਦਾ ਕਿਲ੍ਹਾ) ਰੱਖਿਆ ਗਿਆ।

ਉਪਰੋਕਤ ਮੇਲਿਆਂ ਤੋਂ ਇਲਾਵਾ ਹੋਲਾ-ਮਹੱਲਾ, ਹੈਦਰ ਸ਼ੇਖ ਦਾ ਮੇਲਾ ਆਦਿ ਉਹ ਮੇਲੇ ਹਨ, ਜਿੰਨ੍ਹਾਂ ਵਿੱਚ ਪੰਜਾਬੀ ਲੋਕ ਵੱਡੀ ਗਿਣਤੀ ’ਚ ਪੁੱਜਦੇ ਹਨ। ਇਹ ਮੇਲੇ ਪੰਜਾਬੀਆਂ ਦੇ ਹੱਸਦੇ-ਵੱਸਦੇ ਹੋਣ ਦੀ ਸ਼ਾਹਦੀ ਭਰਦੇ ਹਨ। ਰੁੱਤਾਂ, ਮੌਸਮਾਂ, ਤਿਉਹਾਰਾਂ ਅਤੇ ਪੰਜਾਬੀਆਂ ਦੀ ਆਰਥਿਕਤਾ ਨਾਲ ਸੰਬੰਧਿਤ ਇਹ ਮੇਲੇ ਭਾਵੇਂ ਆਪਣੇ ਪੁਰਾਤਨ ਵਜੂਦ ਨੂੰ ਗਵਾ ਚੁੱਕੇ ਹਨ ਪਰੰਤੂ ਫ਼ੇਰ ਵੀ ਆਧੁਨਿਕ ਰੰਗਤ ਵਿੱਚ ਇਹ ਸਾਡਾ ਮਨੋਰੰਜਨ ਕਰਦੇ ਹਨ ਅਤੇ ਕਰਦੇ ਰਹਿਣਗੇ।

## ਦੁਸਹਿਰਾ:-

ਦੁਸਹਿਰੇ ਦਾ ਤਿਉਹਾਰ ਅੱਸੂ ਦੇ ਨਰ੍ਹਾਤਿਆਂ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲੇ ਸਾੜੇ ਜਾਂਦੇ ਹਨ। ਇਹ ਬਦੀ ਉੱਤੇ ਨੇਕੀ ਦੀ ਜਿੱਤ ਦਾ ਤਿਉਹਾਰ ਹੈ। ਇਸ ਦਿਨ ਭਗਵਾਨ ਰਾਮਚੰਦਰ ਜੀ ਨੇ ਰਾਵਣ ਉੱਪਰ ਜਿੱਤ ਪ੍ਰਾਪਤ ਕੀਤੀ ਸੀ।

## ਦੀਵਾਲੀ :-

ਦੀਵਾਲੀ ਪੰਜਾਬੀਆਂ ਦਾ ਹੀ ਨਹੀਂ ਸਮੁੱਚੇ ਭਾਰਤੀਆਂ ਦਾ ਪ੍ਰਮੁੱਖ ਤਿਉਹਾਰ ਹੈ। ਇਹ ਤਿਉਹਾਰ ਦੁਸਹਿਰੇ ਤੋਂ ਵੀਹ ਦਿਨ ਬਾਅਦ ਮਨਾਇਆ ਜਾਂਦਾ ਹੈ। ਹਿੰਦੂ ਧਰਮ ਅਨੁਸਾਰ ਇਸ ਦਿਨ ਭਗਵਾਨ ਰਾਮ

BSEB

ਬਨਵਾਸ ਕੱਟ ਕੇ ਵਾਪਸ ਅਯੁੱਧਿਆ ਪਰਤੇ ਸਨ ਤੇ ਉਹਨਾਂ ਦੇ ਪਰਤਨ ਦੀ ਖ਼ੁਸ਼ੀ 'ਚ ਲੋਕਾਂ ਨੇ ਘਰ-ਘਰ ਦੀਵੇ ਬਾਲੇ ਸਨ। ਉਸੇ ਖ਼ੁਸ਼ੀ ਦੀ ਯਾਦ 'ਚ ਇਹ ਤਿਉਹਾਰ ਪੀੜ੍ਹੀ-ਦਰ-ਪੀੜ੍ਹੀ ਮਨਾਇਆ ਜਾ ਰਿਹਾ ਹੈ। ਸਿੱਖ ਧਰਮ ਅਨੁਸਾਰ ਸਿੱਖਾਂ ਦੇ ਛੇਵੇਂ ਗੁਰੂ ਇਸ ਦਿਨ ਗਵਾਲੀਅਰ ਦੇ ਕਿਲ੍ਹੇ ਤੋਂ ਬਵੰਜਾ ਰਾਜਿਆਂ ਨੂੰ ਰਿਹਾ ਕਰਾ ਕੇ, ਸ਼੍ਰੀ ਅੰਮ੍ਰਿਤਸਰ ਸਾਹਿਬ ਪੁੱਜੇ ਸਨ। ਇਸ ਦਿਨ ਨੂੰ ਸਿੱਖ 'ਬੰਦੀ-ਛੋੜ ਦਿਵਸ' ਵਜੋਂ ਵੀ ਮਨਾਉਂਦੇ ਹਨ। ਇਸ ਖ਼ੁਸ਼ੀ 'ਚ ਲੋਕਾਂ ਨੇ ਘਰ-ਘਰ ਦੀਪਮਾਲਾ ਕੀਤੀ ਸੀ।

ਇਹ ਤਿਉਹਾਰ ਖ਼ੁਸ਼ੀਆਂ, ਖੇੜਿਆਂ ਅਤੇ ਭਾਈਚਾਰਕ ਪ੍ਰੇਮ-ਭਾਵ ਵਾਲਾ ਹੈ। ਇਸ ਦਿਨ ਘਰਾਂ ਉੱਪਰ ਦੀਪਮਾਲਾ ਕੀਤੀ ਜਾਂਦੀ ਹੈ। ਮੰਦਿਰਾਂ, ਗੁਰਦੁਆਰਿਆਂ ਨੂੰ ਸ਼ਿੰਗਾਰਿਆ ਜਾਂਦਾ ਹੈ। ਰਾਤ ਨੂੰ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ।

## ਲੋਹੜੀ ਦਾ ਤਿਉਹਾਰ :-

ਦੇਸੀ ਮਹੀਨੇ ਪੋਹ ਦੇ ਆਖਰੀ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਸੰਬੰਧ ਦੁੱਲੇ-ਭੱਟੀ ਦੀ ਕਥਾ ਨਾਲ ਜੋੜਿਆਂ ਜਾਂਦਾ ਹੈ। ਰਾਤ ਨੂੰ ਪਾਥੀਆਂ ਦੀ ਅੱਗ ਬਾਲ ਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ। ਹਰੇਕ ਮਰਦ ਅਤੇ ਔਰਤ ਤਿਲਾਂ ਨੂੰ ਵਾਰ ਕੇ ਅੱਗ ਵਿੱਚ ਸੁੱਟਦੇ ਹਨ ਅਤੇ ਬੋਲਦੇ ਹਨ :-

ਈਸਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।

ਜਿਸ ਘਰ ਮੁੰਡੇ ਦਾ ਨਵਾਂ ਵਿਆਹ ਹੋਇਆ ਹੋਵੇ ਜਾਂ ਮੁੰਡਾ ਜੰਮਿਆ ਹੋਵੇ, ਉਹ ਇਸ ਤਿਉਹਾਰ ਨੂੰ ਬੜੇ ਚਾਅ-ਮਲ੍ਹਾਰ ਨਾਲ ਮਨਾਉਂਦੇ ਹਨ। ਅੱਜ-ਕਲ੍ਹ ਦੇ ਸਮੇਂ ਜਦੋਂ ਮਰਦ-ਔਰਤ ਦੀ ਨਾਂ ਬਰਾਬਰੀ ਦੇ ਬੰਧਨ ਟੁੱਟ ਰਹੇ ਹਨ ਤਾਂ ਔਰਤ ਦੀ ਸਮਾਜਕ ਪਛਾਣ ਦੇ ਪ੍ਰਤੀਕ ਵਜੋਂ 'ਧੀਆਂ ਦੀ ਲੋਹੜੀ' ਮਨਾਉਣ ਦਾ ਰਿਵਾਜ਼ ਵੀ ਪ੍ਰਚਲਿਤ ਹੋਇਆ ਹੈ।

ਲੋਹੜੀ ਵਾਲੇ ਦਿਨ ਮੁੰਡੇ-ਕੁੜੀਆਂ ਘਰ-ਘਰ ਜਾ ਕੇ ਲੋਹੜੀ ਮੰਗਦੇ ਹਨ। ਉਹ ਪਾਥੀਆਂ, ਗੁੜ, ਮੂੰਗਫ਼ਲੀ ਆਦਿ ਇੱਕਠਾ ਕਰਕੇ ਰਾਤ ਵੇਲੇ ਸਾਂਝੀ ਲੋਹੜੀ ਬਾਲਦੇ ਹਨ।

ਉਪਰੋਕਤ ਤਿਉਹਾਰਾਂ ਤੋਂ ਬਿਨਾਂ ਵੀ ਪੰਜਾਬ 'ਚ ਮਾਘੀ, ਹੋਲੀ, ਗੁਰਪੁਰਬ , ਗੁੱਗਾ ਨੌਮੀ, ਰੱਖੜੀ ਆਦਿ ਤਿਉਹਾਰ ਮਨਾਏ ਜਾਂਦੇ ਹਨ। ਇਹ ਸਾਰੇ ਤਿਉਹਾਰ ਪੰਜਾਬ ਦੇ ਲੋਕਾਂ ਦੀਆਂ ਮਾਨਸਿਕ ਭਾਵਨਾਵਾਂ ਨਾਲ ਜੁੜੇ ਹੋਏ ਹਨ। ਜਿਸ ਕਰਕੇ ਹਰ ਵਰਗ ਦੇ ਲੋਕ ਇਹਨਾਂ ਤਿਉਹਾਰਾਂ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ।

## ਰੱਖੜੀ

ਰੱਖੜੀ ਜਾਂ ਰਕ਼ਸ਼ਾ ਬੰਧਨ ਨੂੰ ਪਵਿੱਤਰ ਤਿਉਹਾਰ ਮੰਨਿਆ ਜਾਂਦਾ ਹੈ। ਇਸ ਤਿਉਹਾਰ ਵਾਲੇ ਦਿਨ ਭੈਣ, ਭਰਾ ਦੀ ਰੱਖਿਆ ਲਈ ਕਾਮਨਾ ਕਰਦੀ ਹੈ। ਭੈਣ-ਭਰਾ ਦੇ ਭਾਵੁਕ ਪਿਆਰ ਨਾਲ ਸੰਬੰਧਤ, ਇਹ ਤਿਉਹਾਰ ਖ਼ੁਸ਼ੀਆਂ, ਚਾਵਾਂ, ਸੱਧਰਾਂ, ਮਲਾਰਾਂ ਤੇ ਉਮੰਗਾਂ ਨਾਲ ਭਰਿਆ ਹੁੰਦਾ ਹੈ। ਭੈਣ-ਭਰਾ ਦੇ ਰਿਸ਼ਤੇ ਨੂੰ ਪੀਡਾ ਕਰਨ ਲਈ ਭੈਣ, ਭਰਾ ਦੇ ਗੁੱਟ ਉੱਤੇ ਧਾਗਾ, ਲੋਗੜੀ ਦੀ ਰੱਖੜੀ ਬੰਨਦੀ ਹੈ। ਭਰਾ

BSEB

ਸ਼ਗਨ ਵੱਜੋਂ ਪੈਸੇ ਦਿੰਦਾ ਹੈ। ਇਹ ਤਿਉਹਾਰ ਸਾਉਣ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸ ਤਿਉਹਾਰ ਲਈ ਰਖ਼ਸ਼ਾ ਬੰਧਨ, ਰਾਖੀ ਬੰਧਨ, ਰੱਖੜੀ ਦਾ ਤਿਉਹਾਰ ਆਦਿ ਸ਼ਬਦ ਵਰਤ ਲਏ ਜਾਂਦੇ ਹਨ।

## ਬਸੰਤ ਪੰਚਮੀ

ਬਸੰਤ ਰੁੱਤ ਨੂੰ ਸਾਰੀਆਂ ਰੁੱਤਾਂ 'ਚ ਖ਼ਾਸ ਸਥਾਨ ਪ੍ਰਾਪਤ ਹੈ। ਬਸੰਤ ਪੰਚਮੀ ਵਾਲੇ ਦਿਨ ਮੁੰਡੇ-ਕੁੜੀਆਂ ਵੱਲੋਂ ਬਸੰਤੀ ਕੱਪੜੇ ਪਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੇ। ਪੀਲੇ ਚਾਵਲਾਂ ਦਾ ਪਲਾਅ ਬਣਾਉਣਾ ਵਿਸ਼ੇਸ਼ ਮੰਨਿਆ ਜਾਂਦਾ ਹੈ। ਇਸ ਤਿਉਹਾਰ ਦਾ ਸੰਬੰਧ ਪ੍ਰਕਿਰਤੀ ਨਾਲ ਵੀ ਜੋੜਿਆ ਜਾਂਦਾ ਹੈ, ਕਿਉਂਕਿ ਇਸ ਮੌਕੇ ਪ੍ਰਕਿਰਤੀ ਵਿਚ ਤਬਦੀਲੀ ਵਾਪਰਨੀ ਸ਼ੁਰੂ ਹੋ ਜਾਂਦੀ ਹੈ। 'ਆਈ ਬਸੰਤ ਪਾਲਾ ਉਡੰਤ' ਕਾਵਿ-ਤੁਕ ਅਜਿਹੇ ਬਦਲਾਉ ਦੀ ਸੂਚਕ ਹੈ। ਪਟਿਆਲੇ, ਅੰਮ੍ਰਿਤਸਰ, ਛੇਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਦੇ ਵਿਸ਼ੇਸ਼ ਮੇਲੇ ਵੀ ਲੱਗਦੇ ਹਨ। ਕੁੱਲ ਮਿਲਾ ਕੇ ਇਹ ਤਿਉਹਾਰ ਖ਼ੁਸ਼ੀ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।

## ਤੀਆਂ ਦਾ ਤਿਉਹਾਰ :-

ਤੀਆਂ ਪੰਜਾਬ ਦਾ ਪ੍ਰਮੁੱਖ ਤਿਉਹਾਰ ਹੈ। ਜਿਸਦਾ ਸੰਬੰਧ ਧੀਆਂ-ਧਿਆਣੀਆਂ ਨਾਲ ਹੈ। ਇਹ ਤਿਉਹਾਰ ਸਾਉਣ ਮਹੀਨੇ ਦੀ ਤੀਜ ਨੂੰ ਮਨਾਇਆ ਜਾਂਦਾ ਹੈ। ਲੋਕ-ਵਿਸ਼ਵਾਸ ਅਨੁਸਾਰ ਵਿਹਾਂਦੜ ਲੜਕੀ ਅਤੇ ਉਸ ਦੀ ਸੱਸ ਸਉਣ ਦੇ ਮਹੀਨੇ ਮੱਥੇ ਨਹੀਂ ਲੱਗਦੀਆਂ, ਇਸ ਕਰਕੇ ਇਸ ਤਿਉਹਾਰ 'ਤੇ ਵਿਆਹੀਆਂ ਲੜਕੀਆਂ ਆਪਣੇ ਪੇਕੇ ਘਰ ਆ ਜਾਂਦੀਆਂ ਹਨ ਅਤੇ ਪਿੰਡ ਤੋਂ ਬਾਹਰ ਖੁੱਲ੍ਹੀ ਥਾਂ ਇੱਕਠੀਆਂ ਹੋ ਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਪੀਘਾਂ ਝੂਟਦੀਆਂ, ਕਿੱਕਲੀ ਪਾਉਂਦੀਆਂ ਆਪਣੇ ਮਨ ਦੇ ਵਲਵਲਿਆਂ ਨੂੰ ਗੀਤਾਂ ਰਾਹੀਂ ਰੂਪਮਾਨ ਕਰਦੀਆਂ ਹਨ। ਤੀਆਂ ਵੇਲੇ ਜਿਸ ਥਾਂ ਪੀਘਾਂ ਪਾਈਆਂ ਜਾਂਦੀਆਂ ਅਤੇ ਗਿੱਧਾ ਪਾਇਆ ਜਾਂਦਾ ਹੈ, ਉੱਥੇ ਮਰਦਾਂ ਦਾ ਜਾਣਾ ਵਰਜਿਤ ਹੁੰਦਾ ਹੈ। ਤੀਆਂ ਦਾ ਤਿਉਹਾਰ ਮਲਵਈ ਸਭਿਆਚਾਰ ਨਾਲ ਸੰਬੰਧਤ ਹੈ।

BSER

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਪੰਜਾਬ ਦੇ ਮੁੱਖ ਮੇਲਿਆਂ ਦੇ ਨਾਂ ਦੱਸੋ ?

ਪ੍ਰਸ਼ਨ 2. ਜਰਗ ਦਾ ਮੇਲਾ ਕਿਸਦੀ ਯਾਦ ਵਿੱਚ ਅਤੇ ਕਦੋਂ ਲੱਗਦਾ ਹੈ ?

ਪ੍ਰਸ਼ਨ 3 . ਜਗਰਾਵਾਂ ਦੀ ਰੋਸ਼ਨੀ ਕਿਸ ਫ਼ਕੀਰ ਦੀ ਦਰਗਾਹ 'ਤੇ ਲੱਗਦੀ ਹੈ ਅਤੇ ਕਦੋਂ ਲੱਗਦੀ ਹੈ ?

ਪ੍ਰਸ਼ਨ 4. ਮਾਘੀ ਦਾ ਮੇਲਾ ਕਿੰਨਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ ?

ਪ੍ਰਸ਼ਨ 5. ਪੰਜਾਬ ਦੇ ਮੁੱਖ ਤਿਉਹਾਰਾਂ ਦੇ ਨਾਂ ਦੱਸੋ ?

ਪ੍ਰਸ਼ਨ 6. ਤੀਆਂ ਦੇ ਤਿਉਹਾਰ ਬਾਰੇ ਸੰਖੇਪ 'ਚ ਲਿਖੋ ?

ਪ੍ਰਸ਼ਨ 7. ਦੀਵਾਲੀ ਦਾ ਤਿਉਹਾਰ ਕਿਸ ਖੁਸ਼ੀ 'ਚ ਮਨਾਇਆ ਜਾਂਦਾ ਹੈ ?

ਪ੍ਰਸ਼ਨ 8. ਲੋਹੜੀ ਦੇ ਤਿਉਹਾਰ ਦਾ ਸੰਬੰਧ ਕਿਸ ਗੱਲ ਨਾਲ ਜੋੜਿਆ ਜਾਂਦਾ ਹੈ ?

BSER

# 3. ਪੰਜਾਬੀ ਲੋਕ-ਨਾਚ

ਨਾਚ ਸਭ ਕਲਾਵਾਂ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਲੋਕ-ਨਾਚ ਦਾ ਉਦੈ ਉਸ ਸਮੇਂ ਹੋਇਆ, ਜਦੋਂ ਮਨੁੱਖ ਨੂੰ ਅਜੇ ਬੋਲਣ ਦੀ ਜਾਂਚ ਵੀ ਨਹੀਂ ਆਈ ਸੀ। ਆਦਿ ਕਾਲ ਵਿਚ ਮਨੁੱਖ ਆਪਣੇ ਭਾਵਾਂ, ਚਾਵਾਂ, ਉਮੰਗਾਂ ਨੂੰ ਨੱਚ ਕੇ ਪ੍ਰਗਟ ਕਰਦਾ ਸੀ। ਇਹ ਨਾਚ ਮੁਦਰਾਵਾਂ ਉਸ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਸਤੁੰਸ਼ਟ ਕਰਦੀਆਂ ਸਨ। ਅੱਜ ਦੁਨੀਆਂ ਦੇ ਹਰੇਕ ਕੋਨੇ ਵਿਚ ਨਾਚਾਂ ਦੇ ਵਿਕਸਤ-ਅਵਿਕਸਤ ਰੂਪ ਦੇਖੇ ਜਾ ਸਕਦੇ ਹਨ।

ਨਾਚ-ਨਾਟ ਦੀ ਪ੍ਰਵਿਰਤੀ ਮਨੁੱਖ ਜਨਮ ਤੋਂ ਹੀ ਹਾਸਲ ਕਰ ਲੈਂਦਾ ਹੈ। ਪੰਜਾਬ ਵਿਚ ਹਰ ਖੁਸ਼ੀ ਮੌਕੇ ਨੱਚਣ, ਗਾਉਣ ਆਦਿ ਦੀ ਪਿਰਤ ਰਹੀ ਹੈ।

ਪੰਜਾਬੀ ਲੋਕ-ਨਾਚਾਂ ਦੀ ਅਮੀਰ ਪਰੰਪਰਾ ਹੈ। ਇਤਿਹਾਸ ਵਿਚੋਂ ਇਸਦੇ ਪ੍ਰਮਾਣ ਸਹਿਜੇ ਹੀ ਦੇਖੇ ਜਾ ਸਕਦੇ ਹਨ। ਹੜੱਪਾ ਤੇ ਮਹਿੰਜਦੜੋ ਦੀ ਖੁਦਾਈ ਤੋਂ ਵੀ ਇਸਦੇ ਪ੍ਰਮਾਣ ਦੇਖੇ ਜਾ ਸਕਦੇ ਹਨ।

ਹਕੀਕਤ ਵਿਚ ਪੰਜਾਬ ਦੁਨੀਆਂ ਦਾ ਉਹ ਖਿੱਤਾ ਹੈ, ਜਿੱਥੇ ਸਭਿਅਤਾ ਦਾ ਸੂਰਜ ਸਭ ਤੋਂ ਪਹਿਲਾਂ ਚੜ੍ਹਿਆ ਸੀ। ਰਬਿੰਦਰ ਨਾਥ ਟੈਗੋਰ ਵਰਗੇ ਮਹਾਨ ਪੁਰਖ ਦਾ ਪੰਜਾਬ ਨੂੰ ਸਿਜਦਾ ਕਰਨਾ ਇਸ ਦਾ ਵਿਸ਼ੇਸ਼ ਪ੍ਰਮਾਣ ਹੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਹਮੇਸ਼ਾ ਜੰਗਾਂ ਯੁੱਧਾਂ ਦਾ ਅਖਾੜਾ ਰਿਹਾ ਹੈ। ਇਸ ਲਈ ਇਥੋਂ ਦੇ ਲੋਕ ਵਧੇਰੇ ਉਤਸ਼ਾਹੀ, ਹਿੰਮਤੀ, ਜੁਝਾਰੂ ਤੇ ਬਹਾਦਰ ਹਨ। ਇਹੀ ਕਾਰਨ ਹੈ ਕਿ ਭੰਗੜੇ, ਗਿੱਧੇ ਸਮੇਂ ਇਨ੍ਹਾਂ ਦੇ ਪੈਰਾਂ ਨਾਲ ਧਰਤੀ ਕੰਬਦੀ ਹੈ।

ਲੋਕ-ਗੀਤ ਅਤੇ ਲੋਕ-ਨਾਚ ,ਕਿਸੇ ਕੌਮ, ਜਾਤੀ ਦੀ ਪਛਾਣ ਦਾ ਮੱਹਤਵਪੂਰਨ ਪਹਿਲੂ ਹੁੰਦੇ ਹਨ। ਪੰਜਾਬੀ ਜਿੱਥੇ ਵੀ ਵੱਸੇ ਹੋਏ ਹਨ, ਉੱਥੇ ਹੀ ਇਨ੍ਹਾਂ ਨਾਚਾਂ/ਗੀਤਾਂ ਦਾ ਜੀਵਤ ਰੂਪ ਵੇਖਿਆ ਜਾ ਸਕਦਾ ਹੈ।

ਪੰਜਾਬ ਦੇ ਲੋਕ ਨਾਚਾਂ ਦੀਆਂ ਅਨੇਕਾਂ ਵੰਨਗੀਆਂ ਹਨ। ਇਹਨਾਂ ਨੂੰ ਮੁੱਖ ਰੂਪ ਵਿਚ ਮਰਦਾਂ ਤੇ ਔਰਤਾਂ ਦੇ ਨਾਚਾਂ ਵਿਚ ਵੰਡਿਆ ਜਾ ਸਕਦਾ ਹੈ। ਅੱਗੋਂ ਇਨ੍ਹਾਂ ਮਰਦ-ਔਰਤ ਦੇ ਨਾਚਾਂ ਦੀ ਵੀ ਵੰਡ ਕੀਤੀ ਜਾ ਸਕਦੀ ਹੈ। ਸੰਖੇਪ 'ਚ ਮੁਟਿਆਰਾਂ ਤੇ ਮਰਦਾਂ ਦੇ ਨਿਮਨਲਿਖਤ ਨਾਚ ਪ੍ਰਚਲਿਤ ਹਨः-

## (ੳ) ਔਰਤਾਂ ਦੇ ਲੋਕ- ਨਾਚ

1. ਗਿੱਧਾ
2. ਸੰਮੀ
3. ਕਿੱਕਲੀ

## (ਅ) ਮਰਦਾਂ ਦੇ ਲੋਕ-ਨਾਚ

1. ਭੰਗੜਾ

BSER

2. ਝੂੰਮਰ

3. ਲੁੱਡੀ

4. ਧਮਾਲ

5. ਜੱਲੀ

ਇਨ੍ਹਾਂ ਲੋਕ ਨਾਚਾਂ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:-

## ਗਿੱਧਾ

ਗਿੱਧਾ ਪੰਜਾਬ ਦੀਆਂ ਮੁਟਿਆਰਾਂ ਦਾ ਹਰਮਨ ਪਿਆਰਾ ਲੋਕ-ਨਾਚ ਹੈ। ਜਿਹੜਾ ਪੰਜਾਬ ਦੀਆਂ ਮੁਟਿਆਰਾਂ ਵੱਲੋਂ ਹਰ ਖੁਸ਼ੀ ਮੌਕੇ ਪਾਇਆ ਜਾਂਦਾ ਹੈ। ਗਿੱਧੇ ਵਿੱਚ ਕੁੜੀਆਂ ਪਿੜ ਬਣਾ ਲੈਂਦੀਆਂ ਹਨ; ਇੱਕ ਕੁੜੀ ਬੋਲੀ ਪਾਉਂਦੀ ਹੈ, ਜਦੋਂ ਬੋਲੀ ਦੀ ਆਖਰੀ ਤੁੱਕ ਉਚਾਰੀ ਜਾਂਦੀ ਹੈ ਤਾਂ ਬੋਲੀ ਦੀ ਚਾਲ ਨੂੰ ਤੇਜ਼ ਕਰਨ ਲਈ ਸਾਰੀਆਂ ਕੁੜੀਆਂ ਰਲ ਕੇ ਬੋਲੀ ਚੁਕਦੀਆਂ ਤੇ ਨੱਚਦੀਆਂ ਹਨ। ਜਦੋਂ ਨਵੀਂ ਬੋਲੀ ਸ਼ੁਰੂ ਹੁੰਦੀ ਹੈ ਤਾਂ ਕੁੜੀਆਂ ਫਿਰ ਘੇਰੇ 'ਚ ਸ਼ਾਮਲ ਹੋ ਜਾਂਦੀਆਂ ਹਨ। ਗਿੱਧੇ ਵਿਚ ਸੁਰ ਤਾਲ ਬਣਾਈ ਰੱਖਣ ਲਈ ਤਾੜੀਆਂ ਮਾਰੀਆਂ ਜਾਂਦੀਆਂ ਹਨ। ਬੋਲੀ ਅਨੁਸਾਰ ਤਾੜੀ ਦੀ ਚਾਲ ਤੇਜ਼ ਹੁੰਦੀ ਜਾਂਦੀ ਹੈ। ਅੱਜ ਕੱਲ ਗਿੱਧਾ ਪਿੰਡਾਂ ਦੇ ਵਿਹੜਿਆਂ ਤੋਂ ਸਟੇਜਾਂ ਤੱਕ ਪਹੁੰਚ ਗਿਆ ਹੈ।

ਗਿੱਧਾ ਲੋਕ ਨਾਚ ਸਾਨੂੰ ਪੰਜਾਬੀ ਵਿਰਸੇ ਅਤੇ ਸਭਿਆਚਾਰ ਤੋਂ ਪ੍ਰਾਪਤ ਹੋਇਆ ਹੈ। ਗਿੱਧੇ ਦੀਆਂ ਬੋਲੀਆਂ ਪੀੜ੍ਹੀ ਦਰ ਪੀੜ੍ਹੀ ਸਾਡੇ ਤੱਕ ਪਹੁੰਚੀਆਂ ਹਨ। ਇਹ ਨਾਚ ਗਿੱਧੇ ਅਤੇ ਬੋਲੀਆਂ ਦਾ ਆਪਸੀ ਸੁਮੇਲ ਹੈ। ਗਿੱਧਾ ਪੰਜਾਬੀਆਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਗਿੱਧੇ ਦੀਆਂ ਬੋਲੀਆਂ ਤੋਂ ਰੁੱਤਾਂ, ਰਿਸ਼ਤੇ- ਨਾਤਿਆਂ, ਧਰਮ, ਰਸਮਾਂ-ਰਿਵਾਜ਼ਾਂ, ਰਹਿਣ-ਸਹਿਣ ਆਦਿ ਅਨੇਕਾਂ ਪਹਿਲੂਆਂ ਦੀ ਜਾਣਕਾਰੀ ਮਿਲਦੀ ਹੈ। ਇਥੇ ਗਿੱਧੇ ਵਿੱਚ ਪੈਣ ਵਾਲੀਆਂ ਕੁਝ ਖ਼ਾਸ ਬੋਲੀਆਂ ਦੀ ਚੋਣ ਕੀਤੀ ਜਾ ਰਹੀ ਹੈ:-

ਕਦੀ ਹੂੰ ਕਰਕੇ
ਕਦੀ ਹਾਂ ਕਰਕੇ
ਗੇੜਾ ਦੇ ਦੇ ਨੀ ਮੁਟਿਆਰੇ
ਲੰਮੀ ਬਾਂਹ ਕਰਕੇ

* * *

ਸ਼ੌਂਕ ਨਾਲ ਮੈਂ ਗਿੱਧੇ 'ਚ ਆਵਾਂ
ਬੋਲੀ ਪਾਵਾਂ ਸ਼ਗਨ ਮਨਾਵਾਂ
ਸਾਉਣ ਦਿਆ ਬੱਦਲਾ ਵੇ
ਮੈਂ ਤੇਰਾ ਜਸ ਗਾਵਾਂ

* * *



BSEP

ਸਾਉਣ ਮਹੀਨੇ ਘਾਹ ਹੋ ਗਿਆ
ਰੱਜੀ ਮੱਝੀ ਗਾਈਂ
ਗਿੱਧਿਆਂ ਪਿੰਡ ਵੜ ਵੇ
ਲਾਂਭ ਲਾਂਭ ਨਾ ਜਾਈਂ।

* * *

ਵੀਰਾ ਆਈ ਵੇ ਭੈਣ ਦੇ ਵਿਹੜੇ
ਪੁੰਨਿਆ ਦਾ ਚੰਨ ਬਣਕੇ

* * *

ਥਾਣੇਦਾਰ ਦੇ ਬਰਾਬਰ ਡਹਿੰਦੀ
ਕੁਰਸੀ ਮੇਰੇ ਵੀਰ ਦੀ

* * *

ਭੈਣਾਂ ਵਰਗਾ ਸਾਕ ਨਾ ਕੋਈ
ਟੁੱਟ ਕੇ ਨਾ ਬਹਿਜੀਂ ਵੀਰਨਾ

* * *

ਨੌਕਰ ਜਾਂਦੇ ਕੀ ਖੱਟ ਲਿਆਉਂਦੇ
ਖੱਟ ਕੇ ਲਿਆਉਂਦੇ ਧਾਈਆਂ
ਗਿੱਧਾ ਖਤਮ ਕਰੋ
ਬਹੁਤ ਰੌਣਕਾਂ ਲਾਈਆਂ

* * *

ਇੰਜ, ਗਿੱਧੇ ਵਿਚ ਪਾਈਆਂ ਜਾਣ ਵਾਲੀਆਂ ਅਨੇਕਾਂ ਬੋਲੀਆਂ ਇਸ ਨਾਚ ਨੂੰ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ।

## ਸੰਮੀ

ਸੰਮੀ ਔਰਤਾਂ ਦਾ ਪ੍ਰਸਿੱਧ ਲੋਕ ਨਾਚ ਹੈ। ਵਿਆਹ-ਸ਼ਾਦੀ ਅਤੇ ਖ਼ੁਸ਼ੀ ਦੇ ਹੋਰ ਮੌਕੇ ਸਮੇਂ ਜਦੋਂ ਮੇਲਣਾ ਜੁੜਦੀਆਂ ਹਨ ਤਾਂ ਉਹ ਘੇਰਾ ਬੰਨ ਕੇ ਇਹ ਨਾਚ ਨੱਚਦੀਆਂ ਹਨ। ਇਸ ਨਾਚ ਝੁੰਮਰ ਨਾਚ ਨਾਲ ਮਿਲਦਾ-ਜੁਲਦਾ ਹੈ। ਸੰਮੀ ਨਾਚ ਸਮੇਂ ਮੁਟਿਆਰਾਂ ਇਕ ਪਿੜ ਵਿਚ ਇਕੱਠੀਆਂ ਹੋ ਕੇ ਸੰਮੀ ਗੀਤ ਉਚਾਰਦੀਆਂ ਹਨ ਤੇ ਬਾਹਵਾਂ ਉਪਰ ਉਲਾਰਦੀਆਂ ਹਨ। ਬਾਕੀ ਘੇਰੇ ਵਿਚ ਖੜੀਆਂ ਔਰਤਾਂ ਆਪਣੇ

BSER

ਦੋਹਾਂ ਹੱਥਾਂ ਨੂੰ ਪਾਸਿਆਂ ਤੋਂ ਘੁਮਾ ਕੇ ਛਾਤੀ ਅੱਗੇ ਲਿਆ ਕੇ ਤਾੜੀਆਂ ਵਜਾਉਂਦੀਆਂ ਹਨ। ਆਮ ਤੌਰ ਤੇ ਸੰਮੀ ਪਾਉਣ ਵਾਲੀਆਂ ਔਰਤਾਂ ਲਾਲ ਜਾਂ ਕਾਲੇ ਰੰਗ ਦੀ ਘੱਗਰੀ, ਲਾਲ ਰੰਗ ਦੀ ਚੋਲੀ ਤੇ ਚੁੰਨੀ ਆਦਿ ਲੈਂਦੀਆਂ ਹਨ। ਸ਼ਿੰਗਾਰ ਲਈ ਕੰਨਾ 'ਚ ਬੁੰਦੇ, ਹੱਥ ਕੰਗਣ, ਅੱਖੀ ਸੁਰਮਾ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਸਾਂਦਲਬਾਰ (ਪਾਕਿਸਤਾਨ) ਦੇ ਇਲਾਕੇ ਵਿਚ ਅਜਿਹੇ ਨਾਚ ਦੇ ਨਮੂਨੇ ਅੱਜ ਵੀ ਦੇਖੇ ਜਾ ਸਕਦੇ ਹਨ।

ਸੰਮੀ ਨਾਚ ਬਾਰੇ ਇਕ ਦੰਤ-ਕਥਾ ਵੀ ਪ੍ਰਸਿੱਧ ਹੈ ਕਿ ਸੰਮੀ ਨਾਂ ਦੀ ਔਰਤ ਢੋਲੇ ਦੀ ਪ੍ਰੇਮਿਕਾ ਸੀ। ਢੋਲਾ ਨਰਵਰ ਦੇਸ ਦਾ ਰਾਜ ਕੁਮਾਰ ਸੀ ਤੇ ਸੰਮੀ ਮਾਰਵਾੜ (ਰਾਜਸਥਾਨ ਦੇ ਪ੍ਰਸਿੱਧ ਇਲਾਕੇ) ਦੀ ਰਾਜਕੁਮਾਰੀ ਸੀ। ਪੁਰਾਤਨ ਸਮੇਂ ਵਿਚ ਛੋਟੀ ਉਮਰ 'ਚ ਹੀ ਵਿਆਹ ਹੋ ਜਾਇਆ ਕਰਦੇ ਸਨ। ਸੋ ਦੋਹਾਂ ਦਾ ਵਿਆਹ ਕਰ ਦਿੱਤਾ ਗਿਆ। ਪਰ ਢੋਲੇ ਦੇ ਵੱਡੇ ਹੋਣ ਤੇ ਉਸਦਾ ਵਿਆਹ ਕਿਤੇ ਹੋਰ ਕਰ ਦਿੱਤਾ ਗਿਆ। ਦੋਵੇ ਇਕ ਦੂਜੇ ਤੇ ਵਿਯੋਗ 'ਚ ਜੀਵਨ ਬਿਤਾਉਂਦੇ ਹੋਏ ਗੀਤਾਂ ਜ਼ਰੀਏ ਆਪਣੇ ਭਾਵ ਪ੍ਰਗਟ ਕਰਦੇ ਹਨ। ਇਹ ਗੀਤ ਇਸ ਨਾਚ ਨਾਲ ਉਚਾਰੇ ਜਾਂਦੇ ਹਨ। ਇੰਜ ਸੰਮੀ ਨਾਚ 'ਚ ਪਿਆਰ ਭਿੰਨੇ ਗੀਤ, ਨਾਚ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਨਮੂਨੇ ਵੱਜੋਂ ਇਸ ਨਾਚ ਵਿਚ ਗਾਏ ਜਾਣ ਵਾਲੇ ਗੀਤ ਨਿਮਨਲਿਖਤ ਅਨੁਸਾਰ ਹਨ:-

ਸੰਮੀ ਮੇਰੀ ਵਣ
ਉੱਠ ਲੱਦੇ ਕਚੂਰ ਦੇ, ਵਣ ਸੰਮੀਆਂ
ਸੰਮੀ ਮੇਰੀ ਵਣ
ਊਠਾਂ ਦੇ ਗਲ ਟੱਲੀਆਂ, ਵਣ ਸੰਮੀਆਂ
ਸੰਮੀ ਮੇਰੀ ਵਣ
ਕੋਠੇ ਤੇ ਪਰ ਕੋਠੜਾ, ਵਣ ਸੰਮੀਆਂ
ਸੰਮੀ ਮੇਰੀ ਵਣ
ਕੋਠੇ ਤੇ ਤੰਦੂਰ, ਵਣ ਸੰਮੀਆਂ
ਸੰਮੀ ਮੇਰੀ ਵਣ
ਗਿਣ ਗਿਣ ਲਾਵਾਂ ਰੋਟੀਆਂ, ਵਣ ਸੰਮੀਆਂ
ਸੰਮੀ ਮੇਰੀ ਵਣ
ਖਾਵਣ ਵਾਲੇ ਦੂਰ, ਵਣ ਸੰਮੀਆਂ
ਸੰਮੀ ਮੇਰੀ ਵਣ

* * *

ਅੱਜ ਇਸ ਕਿਸਮ ਦੇ ਲੋਕ ਨਾਚਾਂ ਦੀਆਂ ਉਦਾਹਰਨਾਂ ਵਿਭਿੰਨ ਕਿਸਮ ਦੀਆਂ ਸਟੇਜਾਂ ਤੋਂ ਦੇਖੀਆਂ ਜਾ ਸਕਦੀਆਂ ਹਨ। ਯੁਵਕ ਮੇਲਿਆਂ ਵਿੱਚ ਅਜਿਹੇ ਲੋਕ ਨਾਚ ਨੂੰ ਸਾਂਭਣ ਦੇ ਯਤਨ ਕੀਤੇ ਜਾ ਸਕਦੇ ਹਨ।

BSER

## ਕਿੱਕਲੀ

ਕਿੱਕਲੀ ਜਵਾਨ ਕੁੜੀਆਂ ਦਾ ਮਨਭਾਉਂਦਾ ਲੋਕ-ਨਾਚ ਹੈ। ਇਸ ਲੋਕ-ਨਾਚ ਲਈ ਕੋਈ ਵਿਸ਼ੇਸ਼ ਬੰਦਿਸ਼ ਨਹੀਂ ਅਤੇ ਨਾ ਹੀ ਕਿਸੇ ਵਿਸ਼ੇਸ਼ ਥਾਂ ਦੀ ਜ਼ਰੂਰਤ ਹੁੰਦੀ ਹੈ। ਜਿੱਥੇ ਵੀ ਦੋ-ਚਾਰ ਕੁੜੀਆਂ ਇਕੱਠੀਆਂ ਹੁੰਦੀਆਂ ਹਨ, ਕਿੱਕਲੀ ਨਾਚ ਪਾਉਣਾ ਸ਼ੁਰੂ ਕਰ ਦਿੰਦੀਆਂ ਹਨ। ਕਿੱਕਲੀ ਪਾਉਣ ਲਈ ਕਿਸੇ ਵਿਸ਼ੇਸ਼ ਤਾਲ ਦੀ ਜ਼ਰੂਰਤ ਨਹੀਂ ਹੁੰਦੀ, ਸਗੋਂ ਦੋ ਕੁੜੀਆਂ ਜੁੱਟ ਬਣਾ ਕੇ ਮਧਾਣੀ ਚੀਰ ਵਾਂਗ ਹੱਥ ਫੜ ਲੈਂਦੀਆਂ ਹਨ। ਖੱਬੇ ਹੱਥ ਨਾਲ ਖੱਬਾ ਅਤੇ ਸੱਜੇ ਹੱਥ ਨਾਲ ਸੱਜਾ ਫੜ ਕੇ ਅੱਡੀਆਂ ਜੋੜ ਕੇ ਘੁੰਮਦੀਆਂ ਹਨ।

ਅੱਡੀਆਂ ਜੋੜ ਕੇ ਘੁੰਮਦੀਆਂ ਇਹ ਅੱਲੜ ਮੁਟਿਆਰਾਂ ਇੰਜ ਲੱਗਦੀਆਂ ਹਨ, ਜਿਵੇਂ ਹਵਾ 'ਚ ਤੈਰ ਰਹੀਆਂ ਹੋਣ ਜਾਂ ਫਿਰ ਅਸਮਾਨਾਂ ਵਿਚ ਉੱਡ ਰਹੀਆਂ ਹੋਣ। ਕਿੱਕਲੀ ਗੀਤ ਬੋਲਦੀਆਂ ਬੋਲਦੀਆਂ ਚਾਲ ਤੇਜ਼ ਕਰਦੀਆਂ ਹਨ। ਨੱਚਦੀਆਂ ਨੱਚਦੀਆਂ ਹਫ਼ ਜਾਂਦੀਆਂ ਹਨ। ਗਿੱਧੇ ਵਾਂਗ ਕਿੱਕਲੀ ਗੀਤ ਵਿਚ ਵੀ ਵਿਭਿੰਨ ਰਿਸ਼ਤਿਆਂ, ਵਸਤਾਂ, ਰਸਮਾਂ, ਰਿਵਾਜ਼ਾਂ, ਪਹਿਰਾਵੇ ਆਦਿ ਦਾ ਜ਼ਿਕਰ ਆਉਂਦਾ ਹੈ। ਉਦਾਹਰਨ ਵਜੋਂ:-

ਕਿੱਕਲੀ ਕਲੀਰ ਦੀ।
ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ
ਸੋਹਣਾ ਮੂੰਹ ਜਵਾਈ ਦਾ

* * *

ਗੀਤ ਮੁਕੰਮਲ ਹੋਣ ਤੇ ਸਾਹ ਲੈਣ ਲਈ ਕਿੱਕਲੀ ਨਾਚ ਛੱਡ ਦਿੱਤਾ ਜਾਂਦਾ ਹੈ।

## ਮਰਦਾਂ ਦੇ ਪ੍ਰਸਿੱਧ ਲੋਕ-ਨਾਚ

### ਭੰਗੜਾ

ਭੰਗੜਾ ਪੰਜਾਬੀਆਂ ਦਾ ਮਨਭਾਉਂਦਾ ਲੋਕ ਨਾਚ ਹੈ। ਸ਼ੁਰੂਆਤੀ ਦੌਰ ਵਿਚ ਇਹ ਲੋਕ-ਨਾਚ ਵਿਸਾਖੀ ਤਿਉਹਾਰ ਨਾਲ ਸੰਬੰਧਤ ਸੀ। ਜਦੋਂ ਕਣਕਾਂ ਪੱਕ ਜਾਂਦੀਆਂ ਸਨ। ਸੋਨੇ ਰੰਗੇ ਸਿੱਟੇ ਬਣ ਜਾਂਦੇ ਸਨ ਤਾਂ ਕਿਸਾਨ ਪੱਕੀ ਫ਼ਸਲ ਨੂੰ ਦੇਖ ਕੇ ਖ਼ੁਸ਼ ਹੋ ਕੇ ਇਹ ਨਾਚ ਨੱਚਦੇ ਸਨ। ਕਣਕ ਦੀ ਵਾਢੀ ਉਪਰੰਤ ਗੱਭਰੂ ਆਪਣੇ ਆਪ ਨੂੰ ਸ਼ਿੰਗਾਰਦੇ ਸੰਵਾਰਦੇ ਸਨ। ਕੁੰਡੀਆਂ ਮੁੱਛਾਂ, ਮਾਵੇ ਵਾਲੀਆਂ ਪੱਗਾਂ, ਸੋਨੇ ਦੇ ਕੈਂਠੇ, ਸੋਹਣੇ ਕੁੜਤੇ ਚਾਦਰਾਂ, ਤਿੱਲੇਦਾਰ ਜੁੱਤੀਆਂ, ਹੱਥ ਖੂੰਡਾ, ਚਿਮਟੇ, ਕਾਟੋ, ਅਲਗੋਜ਼ੇ ਆਦਿ ਲੋਕ ਸਾਜ਼ਾਂ ਨਾਲ ਭੰਗੜੇ ਪਾਉਂਦੇ ਸਨ। ਮੇਲੇ ਵਿਚ ਭੰਗੜਾ ਪਾਉਂਦੇ ਇਹ ਗੱਭਰੂ ਖ਼ੂਬਸੂਰਤ ਲੱਗਦੇ ਸਨ।

ਪੁਰਾਤਨ ਸਮੇਂ ਭੰਗੜਾ ਕਿਸੇ ਬੰਦਿਸ਼ 'ਚ ਨਹੀਂ ਪਾਇਆ ਜਾਂਦਾ ਸੀ। ਅਜੋਕੇ ਸਮੇਂ ਭੰਗੜਾ ਸਟੇਜ਼ਾਂ ਦਾ ਹਿੱਸਾ ਬਣ ਕੇ ਰਹਿ ਗਿਆ ਹੈ। ਯੁਵਕ ਮੇਲਿਆਂ ਵਿਚ ਸਮੇਂ ਦੀ ਸੀਮਾ ਹੇਠ ਪਾਏ ਜਾਣ ਵਾਲੇ ਭੰਗੜੇ ਵਿਚ ਅਨੇਕਾਂ ਤਕਨੀਕੀ ਗੁੰਝਲਾਂ ਸ਼ਾਮਲ ਕਰ ਲਈਆਂ ਗਈਆਂ ਹਨ।

ਪੁਰਾਤਨ ਸਮੇਂ ਭੰਗੜੇ ਵਿਚ ਢੋਲ, ਬੋਲੀਆਂ ਤੇ ਤਾਲ ਦੀ ਵਰਤੋਂ ਕੀਤੀ ਜਾਂਦੀ ਸੀ। ਭੰਗੜਾ ਖੁਲ੍ਹ ਕੇ ਪਾਇਆ ਜਾਂਦਾ ਸੀ। ਸਰੀਰਕ ਮੁਦਰਾਵਾਂ ਲਈ ਹੱਥਾਂ, ਬਾਹਵਾਂ, ਗਰਦਨ, ਪੈਰ ਆਦਿ ਸਰੀਰ ਦੇ ਵਿਭਿੰਨ ਅੰਗਾਂ ਦੀ ਹਰਕਤ ਨਾਚ ਨੂੰ ਰੰਗੀਨ ਬਣਾਉਂਦੀ ਸੀ। ਭੰਗੜੇ ਸਮੇਂ ਪਾਈਆਂ ਜਾਣ ਵਾਲੀਆਂ ਬੋਲੀਆਂ ਅਨੁਸਾਰ ਸਰੀਰਕ ਮੁਦਰਾਵਾਂ ਨਾਚ ਵਿਚ ਰੰਗ ਭਰਦੀਆਂ ਸਨ। ਜਿਵੇਂ ਨਿਮਨਲਿਖਤ ਗੀਤ/ਬੋਲੀਆਂ ਭੰਗੜੇ ਦਾ ਵਿਸ਼ੇਸ਼ ਅੰਗ ਮੰਨੀਆਂ ਜਾਂਦੀਆਂ ਹਨਃ-

ਕਣਕਾਂ ਦੇ ਮੂੰਹ ਆ ਗਈ ਲਾਲੀ
ਖੁਸ਼ੀਆਂ ਦੇ ਭਰੇ ਕਿਆਰੇ
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ
ਫਸਲਾਂ ਲੈਣ ਹੁਲਾਰੇ
ਭੰਗੜਾ ਪਾ ਮੁੰਡਿਆ
ਤੈਨੂੰ ਕਣਕ ਸੈਨਤਾਂ ਮਾਰੇ

* * *

ਸਾਡੇ ਪਿੰਡ ਦੇ ਮੁੰਡੇ ਦੇਖ ਲਓ
ਜਿਉਂ ਟਾਹਲੀ ਦੇ ਪਾਵੇ
ਕੰਨੀ-ਦਾਰ ਉਹ ਬੰਨ੍ਹਦੇ ਚਾਦਰੇ
ਪਿੰਜਣੀ ਨਾਲ ਸੁਹਾਵੇ
ਦੁੱਧ ਕਾਸਣੀ ਬੰਨ੍ਹ ਦੇ ਸਾਫ਼ੇ
ਉਡਦਾ ਕਬੂਤਰ ਜਾਵੇ
ਮਲ ਮਲ ਦੇ ਕੁੜਤੇ ਪਾਉਂਦੇ
ਜਿਉਂ ਬਗਲਾ ਤਲਾ ਵਿਚ ਨ੍ਹਾਵੇ

* * *

ਦੇਸ ਮੇਰੇ ਦੇ ਬਾਂਕੇ ਗੱਭਰੂ
ਮਸਤ ਅੱਲੜ ਮੁਟਿਆਰਾਂ
ਨੱਚਦੇ ਟੱਪਦੇ ਭੰਗੜਾ ਪਾਉਂਦੇ
ਗਾਉਂਦੇ ਰਹਿੰਦੇ ਵਾਰਾਂ
ਪ੍ਰੇਮ ਲੜੀ ਵਿਚ ਇੰਝ ਪ੍ਰੋਤੇ

ਜਿਉਂ ਕੂੰਜਾਂ ਦੀਆਂ ਡਾਰਾਂ

ਮੌਤ ਨਾਲ ਉਹ ਕਰਨ ਮਖੌਲਾਂ

ਮਸਤੇ ਵਿਚ ਪਿਆਰਾਂ

ਕੁਦਰਤ ਦੇ ਮੈਂ ਚਾਕਰ ਅੱਗੇ

ਏਹੋ ਅਰਜ਼ ਗੁਜ਼ਾਰਾਂ

ਦੇਸ਼ ਪੰਜਾਬ ਦੀਆਂ

ਖਿੜੀਆਂ ਰਹਿਣ ਬਹਾਰਾਂ।

* * *

ਬੱਲੇ ਬੱਲੇ ਬਈ ਢੋਲੀ ਦਾ ਢੋਲ ਵੱਜਦਾ

ਜੱਟ ਬੱਕਰੇ ਬਲਾਉਂਦਾ ਆਵੇ।

* * *

ਤਾਰਾਂ ਤਾਰਾਂ ਤਾਰਾਂ

ਬੋਲੀਆਂ ਦਾ ਖੂਹ ਭਰਦਿਆਂ

ਜਿਥੋਂ ਪਾਣੀ ਭਰਨ ਮੁਟਿਆਰਾਂ

ਬੋਲੀਆਂ ਦੀ ਸੜਕ ਬੰਨ੍ਹਾਂ

ਜਿਥੇ ਚਲਦੀਆਂ ਮੋਟਰ ਕਾਰਾਂ

ਬੋਲੀਆਂ ਦੀ ਰੇਲ ਭਰਾਂ

ਵਿਚ ਲੋਕੀ ਚੜ੍ਹਨ ਹਜ਼ਾਰਾਂ

ਬੋਲੀਆਂ ਦੀ ਨਹਿਰ ਭਰਾਂ

ਵਿਚੋਂ ਨਿਕਲਣ ਮੋਘੇ ਨਾਲਾਂ

ਸੋਹਣੇ ਦੇਸ਼ ਉੱਤੋਂ

ਮੈਂ ਜ਼ਿੰਦਗਾਨੀ ਵਾਰਾਂ।

* * *

ਅੱਜ ਇਸ ਨਾਚ ਵਿਚ ਅਨੇਕਾਂ ਤਬਦੀਲੀਆਂ ਆ ਜਾਣ ਦੇ ਬਾਵਜੂਦ ਵੀ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ।

BSER

## ਝੂੰਮਰ

ਝੂੰਮਰ ਲਹਿੰਦੇ ਪੰਜਾਬ ਦੇ ਸਾਂਦਲਬਾਰ (ਹੁਣ ਪਾਕਿਸਤਾਨ) ਇਲਾਕੇ ਦਾ ਪ੍ਰਸਿੱਧ ਲੋਕ ਨਾਚ ਹੈ। ਸਾਂਦਲਬਾਰ, ਰਾਵੀ ਤੇ ਝਨਾਂ ਵਿਚਕਾਰ ਦਾ ਮਹੱਤਵਪੂਰਨ ਇਲਾਕਾ ਹੈ। ਇੱਥੋਂ ਦੇ ਵਸਨੀਕਾਂ ਨੂੰ ਜਾਂਗਲੀ ਵੀ ਕਿਹਾ ਜਾਂਦਾ ਹੈ। ਸਾਂਦਲਬਾਰ ਦੇ ਇਲਾਕੇ ਵਿਚ ਸ਼ੇਖੂਪੁਰਾ, ਮਿੰਟਗੁਮਰੀ, ਝੰਗ ਮੰਗਿਆਣਾ, ਲਾਇਲਪੁਰ ਆਦਿ ਹਿੱਸਾ ਸ਼ਾਮਲ ਕੀਤਾ ਜਾਂਦਾ ਹੈ। ਇੱਥੋਂ ਦੇ ਲੋਕਾਂ ਦੁਆਰਾ ਇਹ ਨਾਚ ਨੱਚਿਆ ਜਾਂਦਾ ਹੈ। ਮੌਜੂਦਾ ਸਮੇਂ ਇਹ ਨਾਚ ਚੜਦੇ ਪੰਜਾਬ ਦਾ ਵੀ ਹਿੱਸਾ ਬਣ ਗਿਆ ਹੈ।

ਝੂੰਮਰ ਜਿਵੇਂ ਕਿ ਇਸ ਨਾਚ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਝੂੰਮ-ਝੂੰਮ ਕੇ ਨੱਚਿਆਂ ਜਾਣ ਵਾਲਾ ਨਾਚ ਹੈ। ਝੂੰਮਰ ਪਾਉਣ ਵਾਲੇ ਗੱਭਰੂਆਂ ਵਿਚਕਾਰ ਢੋਲੀ ਖੜਾ ਹੋ ਜਾਂਦਾ ਹੈ ਤੇ ਢੋਲ ਵਜਾਉਂਦਾ ਹੈ। ਗੱਭਰੂ ਘੁੰਮ ਕੇ ਝੂੰਮਰ ਪਾਉਂਦੇ ਹਨ। ਝੂੰਮਰ ਪਾਉਣ ਵਾਲਾ ਗੱਭਰੂ ਤਾਲ ਅਨੁਸਾਰ ਖੱਬਾ ਪੈਰ ਅੱਗੇ ਕਰਕੇ, ਬਾਹਵਾਂ ਉੱਪਰ ਉਲਾਰ ਕੇ ਫਿਰ ਸੱਜਾ ਪੈਰ ਅਗਾਂਹ ਕਰਕੇ, ਖੱਬਾ ਪੈਰ ਵਾਪਸ ਉਥੇ ਕਰਦਾ ਹੈ। ਬਾਹਵਾਂ ਉੱਪਰ ਰੱਖੀਆਂ ਜਾਂਦੀਆਂ ਹਨ ਤੇ ਫਿਰ ਪੈਰਾਂ ਨੂੰ ਹਿਲਾਇਆ ਜਾਂਦਾ ਹੈ। ਇੰਜ ਗੱਭਰੂ ਛਾਤੀ ਦੇ ਸਾਹਮਣੇ ਹੱਥ ਮਟਕਾਉਂਦੇ ਹੋਏ ਝੂਮਦੇ ਹਨ।

ਝੂੰਮਰ ਸਮੇਂ ਢੋਲੀ ਢੋਲ ਦੀ ਤਾਲ 'ਤਨਕ-ਦਿਨ ਤਾ ਤਨਕ-ਦਿਨ-ਤਾ-ਦਨਕ-ਦਿਨ ਦਿਨ' ਰਹਿੰਦੀ ਹੈ।

ਇਹ ਵੀ ਵਿਚਾਰ ਪ੍ਰਸਤੁਤ ਕੀਤਾ ਜਾਂਦਾ ਹੈ ਕਿ ਸਾਂਦਲਬਾਰ ਦੇ ਲੋਕ ਇਸ ਨਾਚ ਨੂੰ ਮਸਤੀ ਵਿਚ ਆ ਕੇ ਚੰਨ ਚਾਨਣੀ ਰਾਤ 'ਚ ਸਾਰੀ ਰਾਤ ਨੱਚਦੇ ਸਨ। ਪਹਿਰਾਵਾ ਸਾਦਾ ਹੀ ਹੁੰਦਾ ਸੀ। ਗਲ ਵਿਚ ਚੋਲਾ ਤੇ ਤੇੜ ਮਝਲਾ ਚਾਦਰਾ ਪਹਿਨਦੇ ਸਨ। ਸਰੀਰਕ ਸਜਾਵਟ ਲਈ ਗਹਿਣੇ ਵੀ ਪਾਏ ਜਾਂਦੇ ਸਨ। ਚੜ੍ਹਦੇ ਪੰਜਾਬ ਵਿਚ ਫਾਜ਼ਿਲਕਾ ਫਿਰੋਜ਼ਪੁਰ ਇਲਾਕੇ ਦੇ ਬਾਬਾ ਪੋਖਰ ਨੂੰ ਇਸ ਨਾਚ ਦਾ ਬਾਬਾ ਬੋਹੜ ਮੰਨਿਆ ਜਾਂਦਾ ਹੈ।

ਅਜੋਕੇ ਸਮੇਂ ਸਕੂਲਾਂ-ਕਾਲਜ਼ਾਂ ਦੇ ਯੁਵਕ ਮੇਲਿਆਂ ਵਿਚ ਇਸ ਨਾਚ ਨੂੰ ਸਾਂਭਣ ਦਾ ਯਤਨ ਕੀਤਾ ਜਾ ਰਿਹਾ ਹੈ।

ਇਸ ਨਾਚ ਸਮੇਂ ਅਨੇਕਾਂ ਗੀਤ ਗਾਏ ਜਾਂਦੇ ਹਨ, ਜਿਵੇਂ:-

ਅਸੀਂ ਗੱਭਰੂ ਦੇਸ਼ ਪੰਜਾਬ ਦੇ ਆਂ
ਤੇ ਉੱਡਦੇ ਆਂ ਵਿਚ ਹਵਾ ਓ
ਅਸੀਂ ਨੱਚ ਨੱਚ ਝੂੰਮਰ ਪਾਉਂਦੇ ਆਂ
ਤੇ ਦਿੰਦੇ ਆਂ ਧੂੜ ਧਮਾ ਓ
ਢੋਲ ਵਾਲਿਆ ਢੋਲੀਆ
ਢੋਲ ਤੇ ਡੱਗਾ ਲਾ ਓ

* * *

ਲੰਘ ਆ ਜਾ ਪੱਤਣ

ਝਨਾਂ ਦਾ ਓ ਯਾਰ

ਲੰਘ ਆ ਜਾ ਪੱਤਣ

ਝਨਾਂ ਦਾ

ਸਿਰ ਸਦਕਾ ਮੈਂ

ਤੇਰੇ ਨਾਂ ਦਾ ਓ ਯਾਰ

ਲੰਘ ਆ ਜਾ

ਪੱਤਣ ਝਨਾਂ ਦਾ

* * *

## ਲੁੱਡੀ

ਲੁੱਡੀ ਪੰਜਾਬੀਆਂ ਦਾ ਪ੍ਰਸਿੱਧ ਲੋਕ ਨਾਚ ਹੈ। ਇਹ ਨਾਚ ਪਾਕਿਸਤਾਨ ਦੇ ਪੱਛਮੀ ਇਲਾਕੇ ਵਿਚ ਬੜਾ ਪ੍ਰਸਿੱਧ ਰਿਹਾ ਹੈ। ਲੁੱਡੀ ਨਾਚ ਸਮੇਂ ਗੱਭਰੂ ਜਵਾਨ ਢੋਲੀ ਦੁਆਲੇ ਘੇਰਾ ਬੰਨ੍ਹ ਕੇ ਨੱਚਦੇ ਹਨ। ਇਸ ਨਾਚ ਵਿਚ ਬਾਹਵਾਂ ਤੋਂ ਵਧੇਰੇ ਕੰਮ ਲਿਆ ਜਾਂਦਾ ਹੈ। ਇਸ ਨਾਚ ਵਿਚ ਕੋਈ ਵਧੇਰੇ ਤੇਜ਼ ਗਤੀ ਵਾਲੀ ਚਾਲ-ਤਾਲ ਨਹੀਂ ਹੁੰਦੀ। ਇਹ ਨਾਚ ਤੇਜ਼ੀ ਨਾਲ ਨਹੀਂ ਨੱਚਿਆਂ ਜਾਂਦਾ ਹੈ।

ਇਸ ਨਾਚ ਸਮੇਂ ਪਹਿਰਾਵੇ ਵਜੋਂ ਸਾਦਾ ਲਿਬਾਸ ਹੀ ਪਹਿਨਿਆ ਜਾਂਦਾ ਹੈ। ਇਸ ਨਾਚ ਸਮੇਂ ਮੋਢਿਆ ਤੇ ਚਾਦਰ ਰੱਖ ਲਈ ਜਾਂਦੀ ਹੈ। ਚਾਦਰ ਨੂੰ ਸੱਜੇ ਮੋਢੇ ਤੋਂ ਖੱਬੇ ਤੇ ਖੱਬੇ ਤੋਂ ਸੱਜੇ ਮੋਢੇ ਤੇ ਰੱਖ ਕੇ ਨਾਚ ਨੱਚਿਆ ਜਾਂਦਾ ਹੈ।

ਇਸ ਨਾਚ ਨੂੰ ਵੀ ਚੰਨ ਦੀ ਚਾਨਣੀ ਰਾਤ ਵਿਚ ਨੱਚਿਆ ਜਾਂਦਾ ਰਿਹਾ ਹੈ। ਇਸ ਨਾਚ ਨੂੰ ਜੰਞ (ਵਿਆਹ) ਅੱਗੇ ਮੁੰਡੇ ਕੁੜੀਆਂ ਰਲ ਕੇ ਨੱਚਦੇ ਹਨ। ਕਬੱਡੀ ਖੇਡ ਸਮੇਂ ਵੀ ਇਹ ਨਾਚ ਨੱਚਿਆ ਜਾਂਦਾ ਹੈ। ਕਬੱਡੀ ਖੇਡ ਸਮੇਂ ਜਿਹੜੇ ਖਿਡਾਰੀ ਜਿੱਤਦੇ ਹਨ, ਉਹ ਖ਼ੁਸ਼ੀ ਵਿਚ ਇਹ ਨਾਚ ਨੱਚਦੇ ਹਨ। ਇਸ ਨਾਚ ਲਈ ਕੋਈ ਗੀਤ ਵਿਸ਼ੇਸ਼ ਨਹੀਂ ਹਨ। ਪਰ ਪੱਛਮੀ ਪੰਜਾਬ ਵਿਚ ਗੀਤ ਵੀ ਉਚਾਰੇ ਜਾਂਦੇ ਹਨ। ਜਿਵੇਂ:-

ਲੁੱਡੀ ਸ਼ਾਹਾਂ ਦੇ ਵਿਹੜੇ

ਮੰਜੀ ਡਾਹਾਂ ਦੇ ਵਿਹੜੇ

* * *

ਜਾਂ

ਹੋ ਹੋ ਐਲੀ ਐਲੀ

ਓ ਹੱਟ ਕੇ

ਓ ਬੱਚ ਕੇ

ਓ ਘੁੱਗੀ ਦੰਦ ਓ ਸ਼ੇਰਾਂ

* * *

ਇਸ ਨਾਚ ਸਮੇਂ ਕਈ ਵਾਰ ਹੱਥ ਵਿਚ ਸ਼ੀਸ਼ਾ ਵੀ ਫੜਿਆ ਜਾਂਦਾ ਹੈ। ਲੁੱਡੀ ਨੱਚਣ ਵਾਲੇ ਚੋਬਰ (ਗੱਭਰੂ) ਛਾਤੀ ਅਗਾਂਹ ਕੱਢ ਕੇ ਸਰੀਰਕ ਤਾਕਤ ਦਾ ਮੁਜਾਹਰਾ ਕਰਦੇ ਹਨ। ਮੌਜੂਦਾ ਸਮੇਂ ਇਹ ਨਾਚ ਘੱਟ ਹੀ ਨੱਚਿਆ ਜਾਂਦਾ ਹੈ।

## ਧਮਾਲ

ਮਸਤੀ ਵਿਚ ਨੱਚਿਆ ਜਾਣ ਵਾਲਾ ਇਹ ਨਾਚ ਜ਼ਿਆਦਾ ਪ੍ਰਸਿੱਧੀ ਨਹੀਂ ਹਾਸਲ ਕਰ ਸਕਿਆ। ਇਸ ਨਾਚ ਬਾਰੇ ਕਿਹਾ ਜਾਂਦਾ ਹੈ ਕਿ ਇਸ ਨਾਚ ਨੂੰ ਸਾਧ, ਪੀਰ ਨੱਚਦੇ ਹਨ। ਇਸ ਨਾਚ 'ਚ ਸਿਰ ਨੂੰ ਖੱਬਿਉਂ ਸੱਜੇ ਤੇ ਸੱਜਿਉਂ ਖੱਬੇ ਲਿਜਾਣ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸ ਨਾਚ ਦਾ ਜ਼ਿਆਦਾ ਸੰਬੰਧ ਸਰੀਰ ਦੇ ਧੜ ਨਾਲ ਹੈ। ਧਮਾਲ ਸਮੇਂ ਨੱਚਣ ਵਾਲੇ ਹੂ-ਹੂ ਜਾਂ ਸੂਫੀ ਰੰਗ ਵਾਲੀਆਂ ਕਾਫ਼ੀਆਂ ਗਾਉਂਦੇ ਸਨ। ਸਾਜ ਵੱਜੋਂ ਖੜਤਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਨਾਚ ਵਿਚ ਮਰਦਾਂ ਨਾਲ ਔਰਤਾਂ ਵੀ ਕਈ ਵਾਰ ਸ਼ਾਮਲ ਹੋ ਜਾਂਦੀਆਂ ਹਨ। ਅਜੋਕੇ ਸਮੇਂ ਖੜਤਾਲਾਂ ਦੇ ਨਾਲ-ਨਾਲ ਬੁੱਗਚੂ, ਚਿਮਟਾ ਆਦਿ ਸਾਜਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਮਸਤੀ ਵਿਚ ਨੱਚ ਰਹੇ ਮਰਦ ਗਲ਼ ਵਿਚ ਕੁੜਤਾ ਤੇੜ/ਫਤੂਹੀ ਜਾਂ ਗਲੋਂ ਨੰਗੇ ਵੀ ਨੱਚ ਲੈਂਦੇ ਹਨ। ਧਾਰਮਿਕ ਉਤਸਵਾਂ, ਮੇਲਿਆਂ ਆਦਿ ਵਿਚੋਂ ਇਸ ਨਾਚ ਦੇ ਅੰਗ ਵੇਖੇ ਜਾ ਸਕਦੇ ਹਨ। ਇਸ ਨਾਚ ਵਿਚ ਗਾਏ ਜਾਣ ਵਾਲੇ ਗੀਤ ਇਸ ਪ੍ਰਕਾਰ ਦੇ ਹੁੰਦੇ ਹਨ:-

ਪੀਰਾਂ ਪੀੜ੍ਹੀ ਦੇ ਪਟੋਲਾ — ਏ ਰਾਂਗਲਾ

ਬੀਬੀ ਬਾਈ ਦਾ ਬਣਿਆ — ਏ ਬਾਂਗਲਾ

ਮੈਂ ਵਾਰੀ ਪੀਰਾ ਵੇ

ਮੈਂ ਵਾਰੀ ਪੀਰਾ ਵੇ

ਸੱਚਿਆ ਮੇਰੀ ਨੀਤ ਤੇਰੇ ਵੱਲ।

ਮੇਰੇ ਹੱਥ ਲੋਹੇ ਦੀ ਦਾਤਰੀ

ਲਾਲਾਂ ਵਾਲੇ ਦੀ ਕਰਦੀਆਂ ਚਾਕਰੀ

ਮੈਂ ਵਾਰੀ ਪੀਰਾ ਵੇ

ਮੈਂ ਵਾਰੀ ਪੀਰਾ ਵੇ

ਸੱਚਿਆ ਮੇਰੀ ਨੀਤ ਤੇਰੇ ਵੱਲ।

* * *



BSEB

## ਜੱਲੀ

ਜੱਲੀ ਵੀ ਮਸਤੀ ਵਿਚ ਨੱਚਿਆ ਜਾਣ ਵਾਲਾ ਲੋਕ ਨਾਚ ਹੈ। ਇਸ ਨਾਚ ਨੂੰ ਨੱਚਣ ਵਾਲੇ ਸੁੱਧ-ਬੁੱਧ ਭੁੱਲ ਜਾਂਦੇ ਹਨ। ਮੁਸਲਮਾਨ ਤਬਕੇ ਦੇ ਲੋਕ ਇਸ ਨਾਚ ਨੂੰ 'ਜੱਲੀ' ਦਾ ਨਾਂ ਦਿੰਦੇ ਹਨ।

ਇਹ ਨਾਚ ਖਾਨਗਾਹਾਂ, ਪੀਰਾਂ ਦੇ ਮਕਬਰਿਆਂ ਆਦਿ ਧਾਰਮਿਕ ਸਥਾਨਾਂ ਤੇ ਨੱਚਿਆ ਜਾਂਦਾ ਹੈ। ਨਾਚ ਸਮੇਂ ਕਾਲੇ ਰੰਗ ਦਾ ਕੁੜਤਾ, ਕਾਲਾ ਚੋਲਾ ਜਾਂ ਕਾਲੇ ਰੰਗ ਦੀ ਵੇਸ਼-ਭੂਸ਼ਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਨੱਚਣ ਵਾਲੇ ਦੇ ਹੱਥ ਡੰਡਾ ਹੁੰਦਾ ਹੈ। 'ਡੰਡੇ' ਨੂੰ ਨੱਚਣ ਵਾਲਿਆਂ ਦੀ ਭਾਸ਼ਾ ਵਿਚ ਇਸ ਨੂੰ 'ਮੁਤੈਰ' ਕਿਹਾ ਜਾਂਦਾ ਹੈ। ਨਾਚ ਨੱਚਣ ਵਾਲੇ ਨੂੰ ਮਲੰਗ ਵੀ ਕਿਹਾ ਜਾਂਦਾ ਹੈ। ਪੱਛਮੀ ਪੰਜਾਬ ਵਿੱਚ ਇਸ ਨੂੰ 'ਮਲੰਗਾਂ ਦਾ ਨਾਚ' ਵੀ ਕਿਹਾ ਜਾਂਦਾ ਹੈ। ਔਰਤਾਂ ਇਸ ਨਾਚ 'ਚ ਸ਼ਾਮਲ ਨਹੀਂ ਹੋ ਸਕਦੀਆਂ। ਇਹ ਇਕ ਤਰ੍ਹਾਂ ਦੇ ਮਲੰਗ ਕਿਸਮ ਦੇ ਲੋਕਾਂ ਦਾ ਨਾਚ ਹੈ। ਇਸ ਨਾਲ ਗਾਇਆ ਜਾਣ ਵਾਲਾ ਗੀਤ ਇਸ ਪ੍ਰਕਾਰ ਦਾ ਹੁੰਦਾ ਹੈ:-

ਚਿੱਠੀ ਲੈਜਾ ਹੁਸੈਨ ਦੇ ਵੀਰ ਵੇ
ਚਿੱਠੀ ਲੈਜਾ ਹੁਸੈਨ ਦੇ ਵੀਰ ਵੇ

ਚਿੱਠੀ ਬੀਬੀ ਫਾਤਮਾ ਦੇ ਜਾਏ ਨੇ
ਵਿਚ ਕਰਬਲ ਦੇ ਡੇਰੇ ਲਾਏ ਨੇ

ਜੰਗ ਕਹਿਰ ਦਾ ਬੇ ਸ਼ਮੀਰ ਵੇ

ਚਿੱਠੀ ਲੈਜਾ ਹੁਸੈਨ ਦੇ ਵੀਰ ਵੇ
ਚਿੱਠੀ ਲੈਜਾ ਹੁਸੈਨ ਦੇ ਵੀਰ ਵੇ

* * *

ਪੰਜਾਬ ਦੇ ਲੋਕ-ਨਾਚ ਭਾਈਚਾਰਕ ਸਾਂਝ ਦੇ ਪ੍ਰਤੀਕ ਹਨ। ਪੰਜਾਬ ਦੇ ਲੋਕ ਨਾਚ ਸਰੀਰਕ ਮੁਸ਼ੱਕਤ ਦੇ ਨਾਲ-ਨਾਲ ਮਨੋਰੰਜਨ ਪੱਖੋਂ ਵੀ ਮਹੱਤਵਪੂਰਨ ਹਨ। ਅੱਜ ਦੀ ਨੌਜਵਾਨ ਪੀੜ੍ਹੀ ਪੱਛਮੀ ਪ੍ਰਭਾਵ ਅਧੀਨ ਆਪਣੇ ਅਮੀਰ ਵਿਰਸੇ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਇਸ ਨੂੰ ਕੋਈ ਚੰਗਾ ਰੁਝਾਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਜਿਹੜੀਆਂ ਕੌਮਾਂ ਆਪਣੇ ਵਿਰਸੇ ਨੂੰ ਵਿਸਾਰਦੀਆਂ ਹਨ, ਉਨ੍ਹਾਂ ਦਾ ਦੁਨੀਆਂ ਦੇ ਨਕਸ਼ੇ ਉੱਤੇ ਨਾਮੋ-ਨਿਸ਼ਾਨ ਮਿਟ ਜਾਂਦਾ ਹੈ। ਇਸ ਲਈ ਆਪਣੀ ਅਮੀਰ ਵਿਰਾਸਤ ਦੀ ਸਾਂਭ-ਸੰਭਾਲ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਲੋਕ-ਨਾਚ ਸਾਡੇ ਅਮੀਰ ਵਿਰਸੇ ਦੇ ਪ੍ਰਮਾਣ ਹਨ।

BSER

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਪੰਜਾਬੀ ਲੋਕ-ਨਾਚਾਂ ਵਿੱਚੋ ਮਰਦਾਂ ਦੇ ਨਾਚ ਕਿਹੜੇ ਹਨ ?

ਪ੍ਰਸ਼ਨ 2. ਸੰਮੀ ਲੋਕ ਨਾਚ ਦਾ ਸੰਬੰਧ ਕਿਸ ਦੰਤ ਕਥਾ ਨਾਲ ਹੈ ?

ਪ੍ਰਸ਼ਨ 3. ਭੰਗੜੇ ਵਿੱਚ ਨੱਚਣ ਵਾਲਿਆਂ ਦੇ ਪਹਿਰਾਵੇ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ 4. ਝੁੰਮਰ ਦਾ ਸੰਬੰਧ ਕਿਸ ਇਲਾਕੇ ਨਾਲ ਹੈ ?

ਪ੍ਰਸ਼ਨ 5. ਲੋਕ-ਨਾਚਾਂ ਦੇ ਮੱਹਤਵ ਬਾਰੇ ਤੁਸੀਂ ਕੀ ਜਾਣਦੇ ਹੋ ?

BSER

# 4. ਪੰਜਾਬੀ ਲੋਕ-ਖੇਡਾਂ

ਖੇਡਣਾ ਮਨੁੱਖ ਦੀ ਸਹਿਜ ਅਤੇ ਮੂਲ ਪ੍ਰਵਿਰਤੀ ਹੈ। ਜੋ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਕਾਇਮ ਰਹਿੰਦੀ ਹੈ। ਖੇਡਾਂ ਮਨੁੱਖ ਦੀ ਸਮੁੱਚੀ ਸ਼ਖਸੀਅਤ ਦੇ ਵਿਕਾਸ ਦੇ ਮੁੱਖ ਸੋਮਿਆਂ ਵਿੱਚੋਂ ਇਕ ਹਨ। ਖੇਡਾਂ ਦਾ ਮੁੱਖ ਟੀਚਾ ਮਨੁੱਖ ਦਾ ਪੂਰਨ ਵਿਕਾਸ ਕਰਦੇ ਹੋਏ ਸਿੱਖਿਆ, ਗਿਆਨ ਅਤੇ ਉੱਨਤੀ ਦੇ ਨਾਲ-ਨਾਲ ਭਰਪੂਰ ਮਨੋਰੰਜਨ ਦੇਣਾ ਹੈ। ਖੇਡਣ ਨਾਲ ਕੇਵਲ ਮਨੋਰੰਜਨ ਹੀ ਨਹੀਂ ਹੁੰਦਾ, ਸਗੋਂ ਇਹਨਾਂ ਨਾਲ ਸਿੱਖਿਆ ਵੀ ਮਿਲਦੀ ਹੈ, ਸਮੇਂ ਦੀ ਪ੍ਰਭਾਵਸ਼ਾਲੀ ਵਰਤੋਂ ਵੀ ਹੁੰਦੀ ਹੈ। ਸਹਿਯੋਗ, ਤਿਆਗ, ਸਹਿਣਸ਼ੀਲਤਾ, ਕੁਸ਼ਲਤਾ, ਸਾਂਝ ਆਦਿ ਮਾਨਵੀ ਨੈਤਿਕ ਗੁਣਾਂ ਦਾ ਵਿਕਾਸ ਖੇਡਾਂ ਰਾਹੀਂ ਸਹਿਜੇ ਹੀ ਹੋ ਜਾਂਦਾ ਹੈ।

ਮਨੁੱਖ ਆਦਿ ਕਾਲ ਤੋਂ ਹੀ ਸ਼ਰੀਰਿਕ, ਮਾਨਸਿਕ, ਸਮਾਜਿਕ, ਲੋੜਾਂ ਅਨੁਸਾਰ ਤ੍ਰਿਪਤੀ ਦੇ ਵੱਖਰੇ-ਵੱਖਰੇ ਕਾਰਜ ਘੜ੍ਹਦਾ ਆਉਂਦਾ ਹੈ। ਖੇਡਾਂ ਅਜਿਹੇ ਕਾਰਜਾਂ ਦੇ ਸਿੱਟੇ ਵਜੋਂ ਹੀ ਉਤਪੰਨ ਹੋਈਆਂ ਮੰਨੀਆਂ ਜਾਦੀਆਂ ਹਨ। ਇਕ ਧਾਰਣਾ ਅਨੁਸਾਰ ਖੇਡਾਂ ਮੰਨੋਰੰਜਨ ਦੇ ਲਈ ਸ਼ੁਗਲ ਵਜੋਂ ਉਤਪੰਨ ਹੋਈਆਂ ਵੀ ਮੰਨੀਆਂ ਜਾਂਦੀਆਂ ਹਨ। ਖੇਡਾਂ ਦੀ ਸਿਰਜਣਾ ਕਿਸੇ ਇੱਕਲੇ ਵਿਅਕਤੀ ਦੁਆਰਾ ਨਹੀਂ ਹੁੰਦੀ, ਸਗੋਂ ਲੋਕ-ਸਮੂਹ ਦੁਆਰਾ ਹੁੰਦੀ ਹੈ। ਇਹਨਾਂ ਦੇ ਪ੍ਰਚਲਨ ਵਿੱਚ ਲੋਕ-ਮਾਨਸ ਦੀ ਪ੍ਰਵਾਨਗੀ ਜ਼ਰੂਰੀ ਹੈ। ਇਹਨਾਂ ਖੇਡਾਂ ਦਾ ਸੰਚਾਰ ਪੁਸ਼ਤ-ਦਰ ਪੁਸ਼ਤ ਹੁੰਦਾ ਹੈ ਅਤੇ ਇਨ੍ਹਾਂ ਖੇਡਾਂ ਦੇ ਖੇਡਣ ਸਮੇਂ ਸਥਾਨ ਅਨੁਸਾਰ ਕੁਝ ਪਰਿਵਰਤਨ ਵੀ ਕਰ ਲਏ ਜਾਂਦੇ ਹਨ ਅਤੇ ਵਰਤੀ ਜਾਂਦੀ ਸ਼ਬਦਾਵਲੀ ਵੀ ਭਿੰਨ ਹੋ ਸਕਦੀ ਹੈ।

ਲੋਕ ਖੇਡਾਂ ਖੇਡਣ ਲਈ ਕਿਸੇ ਕਿਸਮ ਦੇ ਸਖਤ ਨਿਯਮ ਨਹੀਂ ਹਨ। ਸਮਾਂ ਅਤੇ ਸਥਾਨ ਵੀ ਨਿਸ਼ਚਿਤ ਨਹੀਂ ਹੈ। ਇਹ ਕਿਸੇ ਵੇਲੇ ਵੀ, ਦੁਪਹਿਰ, ਰਾਤ, ਦਿਨ, ਖੁੱਲ੍ਹੇ ਵਿਹੜੇ, ਮੈਦਾਨ, ਗਲੀਆਂ, ਰੁੱਖਾਂ ’ਤੇ ਖੇਡੀਆਂ ਜਾ ਸਕਦੀਆ ਹਨ। ਇਹਨਾਂ ਖੇਡਾਂ ਦੀ ਸਮੱਗਰੀ ਬਜ਼ਾਰੀ ਕਿਸਮ ਦੀ ਨਹੀਂ, ਸਗੋਂ ਸਥਾਨਕ ਸਮੱਗਰੀ ਤੋਂ ਹੀ ਕੰਮ ਲਿਆ ਜਾਂਦਾ ਹੈ, ਜਿਵੇਂ ਰੱਸੇ, ਕੌਲੇ, ਬਾਟੇ, ਛਿੱਤਰ, ਠੀਕਰੀਆਂ, ਰੁੱਖਾਂ ਦੇ ਪੱਤੇ, ਖੂੰਡੇ, ਲੀਰਾਂ, ਧਾਗੇ, ਕਣਕਾਂ ਦਾ ਸੁੱਕਾ ਨਾੜ੍ਹ, ਇਮਲੀ ਦੀਆਂ ਗਿੱਟਕਾਂ, ਬੰਟੇ, ਕੌਡੀਆਂ, ਗੀਟੇ ਆਦਿ।

ਖੇਡਣ ਲਈ ਦਾਈ ਜਾਂ ਪਿੱਤ ਦੇਣੀ ਪੈਂਦੀ ਹੈ। ਇਸ ਲਈ ਵੀ ਨਿਯਮ ਬਣੇ ਹੋਏ ਹਨ। ਜਿਸ ਨੂੰ ‘ਪੁੱਗਣਾ’ ਕਹਿੰਦੇ ਹਨ। ਜਿੰਨੇ ਬੱਚੇ ਖੇਡਣਾ ਚਾਹੁਣ ਉਹ ਆਪਣੇ ਹੱਥ ਇਕ-ਦੂਜੇ ਦੇ ਹੱਥਾਂ ਤੇ ਰੱਖ ਕੇ ਹਵਾ ਵਿਚ ਉਛਾਲਦੇ ਹਨ ਤੇ ਹੱਥ ਪੁੱਠੇ ਸਿੱਧੇ ਰੱਖਦੇ ਹਨ। ਜਿਵੇਂ ਤਿੰਨ ਬੱਚਿਆਂ ਨੇ ਪੁੱਗਣਾ ਹੋਵੇ ਤਾਂ ਜੇਕਰ ਦੋ ਬੱਚਿਆਂ ਦੇ ਹੱਥ ਸਿੱਧੇ ਹੋਣ ਅਤੇ ਇਕ ਦਾ ਪੁੱਠਾ ਹੋਵੇ ਤਾਂ ਪੁੱਠੇ ਹੱਥ ਵਾਲਾ ਬੱਚਾ ਪੁੱਗਿਆ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਅਖੀਰ ਤੱਕ ਪੁੱਗਣ ਦੀ ਵਿਧੀ ਦੁਹਰਾਈ ਜਾਂਦੀ ਹੈ। ਟੋਲੀਆਂ ਬਣਾ ਕੇ ਖੇਡਣ ਦੇ ਲਈ ਵੀ ਪੁੱਗਣ ਦੀਆਂ ਕਈ ਵਿਧੀਆਂ ਹਨ। ਸਾਰੇ ਬੱਚਿਆਂ ਵਿਚੋਂ ਕੋਈ ਦੋ ਮੁੱਖ ਬੱਚੇ ਦੋਵੇਂ ਟੋਲੀਆਂ ਦੇ ਮੁਖੀ ਬਣ ਜਾਂਦੇ ਹਨ। ਫਿਰ ਬਾਕੀ ਬੱਚਿਆਂ ਵਿਚੋਂ ਦੋ ਬੱਚੇ ਪਾਸੇ ਜਾ ਕੇ ਆਪਣੇ ਫਰਜ਼ੀ ਨਾਂ ਰੱਖ ਕੇ ਆਉਂਦੇ ਹਨ ਅਤੇ ਆ ਕੇ ਪੁੱਛਦੇ ਹਨ- “ਕੋਈ ਲੈ ਲਉ ਚਾਂਦੀ, ਕੋਈ ਲੈ ਲਉ ਸੋਨਾ” ਇਕ ਟੋਲੀ ਦਾ ਮੁਖੀ ਸੋਨਾ ਮੰਗ ਲੈਂਦਾ ਹੈ ਤੇ ਚਾਂਦੀ ਬਣਿਆ ਬੱਚਾ ਦੂਜੀ ਟੋਲੀ ਵਿਚ ਸ਼ਾਮਲ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਵਿਧੀ ਚਲਦੀ ਰਹਿੰਦੀ ਹੈ।

ਪੁੱਗਣ ਲਈ ਇਕ ਹੋਰ ਨਿਯਮ ਵੀ ਹੈ। ਖੇਡਣ ਵਾਲੇ ਸਾਰੇ ਬੱਚੇ ਇਕ ਗੋਲ ਚੱਕਰ ਬਣਾ ਕੇ ਖੜੋ

ਜਾਂਦੇ ਹਨ। ਇਕ ਜਣਾ ਕੱਲ੍ਹੇ-ਕੱਲ੍ਹੇ ਬੱਚੇ ਦੀ ਛਾਤੀ ਤੇ ਉਂਗਲ ਛੁਹਾਂਦਾ ਹੋਇਆ ਕੋਈ ਛੰਦ ਉਚਾਰਦਾ ਜਾਂਦਾ ਹੈ,ਜਿਵੇਂ :-

ਈਂਗਣ ਮੀਂਗਣ ਤਲੀ ਤਲੀਂਗਣ,
ਕਾਲਾ ਪੀਲਾ ਡੱਕਰਾ,
ਗੁੜ ਖਾਵਾਂ ਵੇਲ ਵਧਾਵਾਂ
ਮੂਲੀ ਪੱਤਰਾ
ਪੱਤਰਾਂ ਵਾਲੇ ਘੋੜੇ ਆਏ
ਹੱਥ ਕੁਤਾੜੀ ਪੈਰ ਕੁਤਾੜੀ
ਨਿਕਲ ਬਾਲਿਆ ਤੇਰੀ ਵਾਰੀ

* * *

## ਪੰਜਾਬ ਦੀ ਪ੍ਰਮੁੱਖ ਲੋਕ ਖੇਡਾਂ ਇਸ ਪ੍ਰਕਾਰ ਹਨ:-

### ਕਬੱਡੀ

ਇਹ ਪੰਜਾਬ ਦੀ ਪ੍ਰਸਿੱਧ ਅਤੇ ਲੋਕ ਖੇਡਾਂ ਵਿਚੋਂ ਮਾਂ-ਖੇਡ ਦਾ ਦਰਜਾ ਰੱਖਣ ਵਾਲੀ ਖੇਡ ਹੈ। 'ਕਬੱਡੀ' ਸ਼ਬਦ 'ਕਬੱਡ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਕੱਬਾ। ਇਸ ਖੇਡ ਰਾਹੀਂ ਪੰਜਾਬੀਆਂ ਦੇ ਦੱਬੇ ਸੁਭਾਅ ਦੀ ਝਲਕ ਪੈਂਦੀ ਹੈ। ਗੂੰਗੀ ਕੋਡੀ, ਸੌਂਚੀ ਪੱਕੀ, ਲੰਬੀ ਕੌਡੀ ਆਦਿ ਕਬੱਡੀ ਦੀਆਂ ਪ੍ਰਸਿੱਧ ਕਿਸਮਾਂ ਹਨ। ਪਰ ਅੱਜ ਕੱਲ੍ਹ ਇਹਨਾਂ ਦੀ ਜਗ੍ਹਾਂ ਨੈਸ਼ਨਲ ਸਟਾਈਲ ਕਬੱਡੀ ਨੇ ਲੈ ਲਈ ਹੈ।

ਇਹ ਖੇਡ ਦੋ ਟੋਲੀਆਂ ਬਣਾ ਕੇ ਖੇਡੀ ਜਾਂਦੀ ਹੈ। ਇਕ ਟੋਲੀ ਦਾ ਖਿਡਾਰੀ ਕਬੱਡੀ-ਕਬੱਡੀ ਕਰਦਾ ਦੂਜੀ ਟੋਲੀ ਦੇ ਖਿਡਾਰੀਆਂ ਤੇ ਧਾਵਾ ਬੋਲਦਾ ਹੈ ਅਤੇ ਦੂਜੀ ਟੋਲੀ ਦੇ ਖਿਡਾਰੀਆਂ ਨੂੰ ਹੱਥ ਲਾਉਣ ਦੀ ਕੋਸ਼ਿਸ਼ ਕਰਦਾ ਹੈ, ਤੇ ਹੱਥ ਲਾ ਕੇ ਬਿਨਾਂ ਸਾਹ ਤੋੜੇ ਵਾਪਸ ਮੁੜਦਾ ਹੈ। ਦੂਜੀ ਟੋਲੀ ਦੇ ਖਿਡਾਰੀ ਉਸ ਨੂੰ ਰੋਕਣ ਦਾ ਯਤਨ ਕਰਦੇ ਸਨ। ਜੇਕਰ ਉਹ ਉਸ ਦੇ ਸਾਹ ਟੁੱਟਣ ਤੱਕ ਉਸ ਨੂੰ ਰੋਕ ਲੈਣ ਤਾਂ ਉਹ ਖਿਡਾਰੀ ਮਰਿਆ ਸਮਝਿਆ ਜਾਂਦਾ ਹੈ। ਪਰ ਜੇ ਉਹ ਖਿਡਾਰੀ ਸਾਹ ਟੁੱਟਣ ਤੋਂ ਪਹਿਲਾਂ ਆਪਣੇ ਪਾਲੇ ਵਿੱਚ ਪਰਤ ਆਵੇ ਤਾਂ ਉਹ ਸਾਰੇ ਖਿਡਾਰੀ ਮਰੇ ਸਮਝੇ ਜਾਂਦੇ ਹਨ ਜਿੰਨ੍ਹਾਂ ਨੂੰ ਉਹਨੇ ਹੱਥ ਲਾਇਆ ਹੁੰਦਾ ਹੈ। ਇਸ ਤਰ੍ਹਾਂ ਜਿਸ ਧਿਰ ਦੇ ਸਾਰੇ ਖਿਡਾਰੀ ਮਾਰੇ ਜਾਣਗੇ, ਉਹ ਹਾਰੀ ਹੋਈ ਸਮਝੀ ਜਾਂਦੀ ਹੈ।

### ਸੌਂਚੀ ਪੱਕੀ

ਸੌਂਚੀ ਪੱਕੀ ਵੀ ਪੰਜਾਬੀਆਂ ਦੀ ਮੰਨੀ ਪ੍ਰਮੰਨੀ ਖੇਡ ਹੁੰਦੀ ਸੀ। ਇਹ ਖੇਡ ਅੱਜ ਕੱਲ੍ਹ ਦੀ ਬੋਕਸਿੰਗ ਨਾਲ ਮਿਲਦੀ ਜੁਲਦੀ ਹੈ। ਇਸ ਖੇਡ ਲਈ ਦਰਸ਼ਕ ਇਕ ਗੋਲ ਘੇਰਾ ਬਣਾ ਕੇ ਖੜੇ ਹੋ ਜਾਂਦੇ ਹਨ। ਘੇਰੇ ਦੀ ਵਿਚਕਾਰ ਮਿੱਟੀ ਦੀ ਢੇਰੀ ਤੇ ਇਕ ਡਾਂਗ ਗੱਡ ਕੇ ਉਸ 'ਤੇ ਲਾਲ ਰੰਗ ਦੀ ਝੰਡੀ ਬੰਨੀ ਜਾਂਦੀ ਹੈ। ਜਿਸ ਨੂੰ 'ਮਾਲੀ' ਕਹਿੰਦੇ ਹਨ। ਇਕ ਖਿਡਾਰੀ ਦੂਜੇ ਪਾਸੇ ਵਿਚ ਜਾ ਕੇ ਵਿਰੋਧੀ ਖਿਡਾਰੀ ਦੀ ਛਾਤੀ 'ਤੇ ਧੱਫੇ ਮਾਰਦਾ ਹੈ। ਜੇ ਉਹ ਵਿਰੋਧੀ ਖਿਡਾਰੀ ਦੀ ਛਾਤੀ ਤੋਂ ਇਲਾਵਾ ਸ਼ਰੀਰ ਦਾ ਕੋਈ ਹੋਰ ਅੰਗ ਛੂਹ ਲਵੇ ਤਾਂ



BSER

ਫਾਊਲ ਸਮਝਿਆ ਜਾਦਾ ਹੈ। ਵਿਰੋਧੀ ਖਿਡਾਰੀ ਵੀ ਧੱਫੇ ਮਾਰਨ ਵਾਲੇ ਖਿਡਾਰੀ ਦੀ ਵੀਣੀਂ ਫੜ ਕੇ ਉਸ ਨੂੰ ਰੋਕਦਾ ਹੈ। ਜੇਕਰ ਉਹ ਵੀ ਵੀਣੀਂ ਤੋਂ ਬਿਨਾਂ ਕੋਈ ਹੋਰ ਅੰਗ ਛੂਹ ਲਵੇ ਤਾਂ ਫਾਊਲ ਸਮਝਿਆ ਜਾਂਦਾ ਹੈ। ਜੇਕਰ ਧਾਵਾ ਬੋਲਣ ਵਾਲਾ ਖਿਡਾਰੀ ਵੀਣੀ ਛੁਡਾ ਕੇ ਆਪਣੇ ਪਾਲੇ 'ਚ ਪਰਤ ਜਾਵੇ ਤਾਂ ਉਹ ਜੇਤੂ ਸਮਝਿਆ ਜਾਦਾ ਹੈ ਨਹੀਂ ਤਾਂ ਵਿਰੋਧੀ ਖਿਡਾਰੀ ਜੇਤੂ ਸਮਝਿਆ ਜਾਂਦਾ ਹੈ। ਜੇਤੂ ਖਿਡਾਰੀ ਮਾਲੀ ਮੋਢੇ 'ਤੇ ਰੱਖ ਕੇ ਮੈਦਾਨ ਦਾ ਗੇੜਾ ਲਾਉਂਦਾ ਹੈ ਤੇ ਦਰਸ਼ਕਾਂ ਦੀ ਵਾਹ-ਵਾਹ ਕਬੂਲਦਾ ਹੈ।

## ਕੁਸ਼ਤੀ

ਕੁਸ਼ਤੀ ਵੀ ਇੱਕ ਪੁਰਾਣੀ ਖੇਡ ਹੈ। ਇਸ ਖੇਡ ਵਿੱਚ ਦੋ ਭਲਵਾਨ ਘੁਲਦੇ ਹਨ ਅਤੇ ਇਕ ਦੂਜੇ ਦੇ ਪਿੱਠ ਲਾਉਣ ਲਈ ਜ਼ੋਰ ਅਜਮਾਈਸ਼ ਕਰਦੇ ਹਨ। ਪਿੱਠ ਲਾਉਣ ਲਈ ਦੋਵੇਂ ਭਲਵਾਨ ਆਪਣੇ ਆਪਣੇ ਦਾਅ ਪੇਚ ਵਰਤਦੇ ਹਨ। ਖੇਡ ਉਦੋਂ ਤੱਕ ਜਾਰੀ ਰਹਿੰਦੀ ਹੈ ਜਦੋਂ ਤੱਕ ਇੱਕ ਖਿਡਾਰੀ ਦੀ ਪਿੱਠ ਨਹੀਂ ਲੱਗ ਜਾਂਦੀ। ਇਹ ਖੇਡ ਜ਼ੋਰ, ਤਾਕਤ ਅਤੇ ਚੁਸਤੀ-ਫੁਰਤੀ ਦੀ ਖੇਡ ਹੈ। ਜਿੱਤਣ ਤੋਂ ਬਾਅਦ ਜੇਤੂ ਪਹਿਲਵਾਨ ਅਖਾੜੇ ਦਾ ਚੱਕਰ ਲਾਉਂਦਾ ਹੈ।

## ਪੀਲ ਪਲਾਂਗੜਾ ਜਾਂ ਡੰਡਾ ਡੁੱਕ

ਇਹ ਖੇਡ ਰੁੱਖ ਅਤੇ ਰੁੱਖਾਂ ਦੇ ਹੇਠਾਂ ਖੇਡੀ ਜਾਂਦੀ ਹੈ। ਪੁੱਗਣ ਤੋਂ ਬਾਅਦ ਜ਼ਮੀਨ 'ਤੇ ਇਕ ਗੋਲ ਚੱਕਰ ਵਾਹ ਦਿੱਤਾ ਜਾਂਦਾ ਹੈ ਤੇ ਇਕ ਡੰਡਾ ਲੱਤ ਦੇ ਹੇਠੋਂ ਦੀ ਘੁਮਾ ਕੇ ਦੂਰ ਸੁਟਿਆ ਜਾਂਦਾ ਹੈ। ਦਾਈ ਦੇਣ ਵਾਲਾ ਬੱਚਾ ਡੰਡਾ ਚੁੱਕਣ ਜਾਂਦਾ ਹੈ। ਬਾਕੀ ਸਾਰੇ ਬੱਚੇ ਰੁੱਖਾਂ 'ਤੇ ਚੜ੍ਹ ਜਾਂਦੇ ਹਨ। ਦਾਈ ਵਾਲਾ ਬੱਚਾ ਡੰਡਾ ਚੁੱਕ ਕੇ ਵਾਹੇ ਹੋਏ ਗੋਲ ਚੱਕਰ ਵਿੱਚ ਰੱਖ ਦਿੰਦਾ ਹੈ ਤੇ ਫਿਰ ਬਾਕੀ ਬੱਚਿਆਂ ਨੂੰ ਹੱਥ ਲਾਉਣ ਲਈ ਰੁੱਖ ਤੇ ਚੜ੍ਹ ਜਾਂਦਾ ਹੈ। ਫੁਰਤੀਲੇ ਬੱਚੇ ਰੁੱਖ ਤੋਂ ਥੱਲੇ ਉੱਤਰ ਕੇ ਡੰਡੇ ਨੂੰ ਲੱਤ ਹੇਠੋਂ ਕੱਢ ਕੇ ਚੁੰਮਣ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਦਾਈ ਦੇਣ ਵਾਲੇ ਬੱਚੇ ਦੇ, ਕਿਸੇ ਬੱਚੇ ਨੂੰ ਹੱਥ ਲਾਉਣ ਤੋਂ ਪਹਿਲਾਂ ਕੋਈ ਬੱਚਾ ਡੰਡਾ ਚੁੰਮ ਲਏ ਤਾਂ ਦਾਈ ਫਿਰ ਉਸ ਬੱਚੇ ਦੇ ਸਿਰ ਪਾਈ ਜਾਂਦੀ ਹੈ, ਨਹੀਂ ਤਾਂ ਜਿਸ ਬੱਚੇ ਨੂੰ ਹੱਥ ਲੱਗ ਜਾਵੇ ਦਾਈ ਉਸ ਬੱਚੇ ਸਿਰ ਪਾਈ ਜਾਂਦੀ ਹੈ। ਇਹ ਖੇਡ ਸਰੀਰ ਦੇ ਲਚੀਲੇਪਣ ਅਤੇ ਦਿਮਾਗੀ ਚੁਸਤੀ ਨਾਲ ਸੰਬੰਧਿਤ ਹੈ। ਸਥਾਨਕ ਵਖਰੇਵਿਆਂ ਕਾਰਣ ਇਸ ਖੇਡ ਦੇ ਵੱਖ-ਵੱਖ ਨਾਂ ਪ੍ਰਚਲਿਤ ਹਨ।

## ਟਿਬਲਾ-ਟਿਬਲੀ

ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਕਰਾਉਣ ਲਈ ਇਹ ਖੇਡ ਸਾਰਥਕ ਭੂਮਿਕਾ ਨਿਭਾਉਂਦੀ ਹੈ। ਇਹ ਖੇਡ ਬੱਚੇ ਅਤੇ ਜਵਾਨ ਬੜੇ ਚਾਅ ਨਾਲ ਖੇਡਦੇ ਹਨ। ਰਾਤ ਸਮੇਂ ਬੱਚੇ ਟੋਲੀਆਂ ਬਣਾ ਇਹ ਖੇਡ ਖੇਡਦੇ ਹਨ। ਇੱਕ ਟੋਲੀ ਦਾ ਬੁੱਧੀਮਾਨ ਤੇ ਚਤੁਰ ਬੱਚਾ ਦੂਜੀ ਟੋਲੀ ਦੇ ਬੱਚਿਆਂ ਨੂੰ ਪੁੱਛਦਾ ਹੈ, "ਇੱਕ ਘਰ ਵਿਚ ਦੋ ਟਿਬਲੇ ਚਾਰ ਟਿਬਲੀਆਂ।" (ਟਿਬਲੇ ਤੋਂ ਭਾਵ ਨਰ ਅਤੇ ਟਿਬਲੀ ਤੋਂ ਭਾਵ ਮਾਦਾ ਹੈ।) ਦੂਜੀ ਟੋਲੀ ਦੇ ਬੱਚੇ ਆਪਣੇ ਪਿੰਡ ਜਾਂ ਮੁਹੱਲੇ ਦੇ ਪਰਿਵਾਰਾਂ ਦੇ ਜੀਆਂ ਦੇ ਗਿਣਤੀ ਕਰਦੇ ਹਨ, ਕਿ ਕਿਹੜੇ ਘਰ ਵਿਚ ਦੋ ਨਰ ਅਤੇ ਚਾਰ ਮਾਦਾ ਹਨ ਅਤੇ ਕਾਫੀ ਦੇਰ ਜੱਦੋ-ਜਹਿਦ ਕਰਦੇ ਹਨ। ਜੇਕਰ ਇਹਨਾਂ ਬੱਚਿਆਂ ਨੂੰ ਪਤਾ ਨਾ ਲੱਗੇ ਤਾਂ ਉਹਨਾਂ ਨੂੰ ਦੂਜੀ ਟੋਲੀ ਦੇ ਬੱਚੇ ਇਸ਼ਾਰਾ ਜਾਂ ਸੰਕੇਤ ਵੀ ਕਰਦੇ ਹਨ, "ਗੁੱਡੀਆਂ-ਫੁੱਟੀਆਂ ਪਿਆਰੇ ਦੀ ਹੱਟੀ 'ਤੇ।" ਫਿਰ ਬੁੱਝਣ ਵਾਲੇ ਬੱਚੇ ਇਸ ਇਸ਼ਾਰੇ ਦੇ ਨੇੜੇ-ਤੇੜੇ ਦੇ ਘਰਾਂ ਦੇ ਜੀਆਂ ਦੀ ਗਿਣਤੀ ਕਰਦੇ ਹਨ ਅਤੇ ਅਖੀਰ ਉਸ ਘਰ ਨੂੰ ਲੱਭ ਲੈਂਦੇ ਹਨ। ਫਿਰ ਸਵਾਲ ਪੁੱਛਣ ਵਾਲੀ ਟੋਲੀ ਦੇ ਬੱਚੇ ਘੋੜੀਆਂ ਬਣ ਜਾਂਦੇ ਹਨ ਤੇ ਦੂਜੀ ਟੋਲੀ ਦੇ ਬੱਚਿਆਂ ਨੂੰ ਚੁੱਕ ਕੇ ਉਸ ਘਰ ਦੇ ਅੱਗੇ ਲੈ ਜਾਂਦੇ ਹਨ ਅਤੇ ਘਰ ਦੀਆਂ ਸਵਾਣੀਆਂ ਤੋਂ ਪੁੱਛਦੇ ਹਨ 'ਹੇਠਲਾ ਹੇਠਾਂ ਕਿ ਉਤਲਾ ਉੱਤੇ'।

ਸੁਆਣੀਆਂ ਘੋੜੀਆਂ ਬਣੇ ਬੱਚਿਆਂ ਨਾਲ ਹਮਦਰਦੀ ਵਿਖਾਉਂਦੀਆਂ 'ਹੇਠਾਂ' ਆਖ ਦਿੰਦੀਆ ਹਨ। ਇਸ ਤਰ੍ਹਾਂ ਹੁਣ ਘੋੜੀਆਂ ਬਣੇ ਬੱਚੇ ਉੱਤੇ ਸਵਾਰ ਹੋ ਜਾਂਦੇ ਹਨ ਤੇ ਸਾਰੇ ਬੱਚੇ ਪਹਿਲਾਂ ਵਾਲੀ ਥਾਂ ਤੇ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਇਹ ਖੇਡ ਕਾਫੀ ਦੇਰ ਚਲਦੀ ਰਹਿੰਦੀ ਹੈ।

## ਖਿੰਦੋ-ਖੂੰਡੀ

ਖਿੱਦੋ ਖੂੰਡੀ ਪੰਜਾਬੀਆਂ ਦੇ ਪੇਂਡੂ ਇਲਾਕੇ ਦੀ ਹਰਮਨ ਪਿਆਰੀ ਖੇਡ ਹੈ। ਖਿੱਦੋ-ਖੂੰਡੀ ਤੋਂ ਹੀ ਸਾਡੀ ਰਾਸ਼ਟਰੀ ਖੇਡ ਹਾਕੀ ਵਿਕਸਿਤ ਹੋਈ ਹੈ। ਖੇਡਣ ਦੇ ਲਈ ਲੀਰਾਂ ਦੀ ਬਣੀ ਖਿੱਦੋ ਤੇ ਲੱਕੜ ਦੀ ਬਣੀ ਖੂੰਡੀ ਲੋੜੀਂਦੇ ਖੇਡ ਸੰਦ ਹਨ। ਖੂੰਡੀ ਆਮ ਕਰਕੇ ਕਿੱਕਰ-ਬੇਰੀ ਦੇ ਟਾਹਣਾ ਦੇ ਰੂਪ ਵਿੱਚ ਹੁੰਦੀ ਸੀ। ਇਹ ਖੇਡ ਦੋ ਟੋਲੀਆਂ ਦੇ ਵਿਚ ਖੇਡੀ ਜਾਂਦੀ ਹੈ। ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਹੁੰਦੀ ਤੇ ਨਾਂ ਇਸ ਦਾ ਕੋਈ ਵਿਸ਼ੇਸ਼ ਖੇਡ ਮੈਦਾਨ ਹੁੰਦਾ ਹੈ। ਆਮ ਤੌਰ ਤੇ ਮੈਦਾਨ ਖਾਲੀ ਥਾਂ ਹੁੰਦੀ ਹੈ।

ਇਸ ਖੇਡ ਵਿੱਚ ਦੋਵੇਂ ਟੋਲੀਆਂ ਨੇ ਖਿੱਦੋ ਨੂੰ ਇਕ-ਦੂਜੇ ਦੇ ਪਾਸੇ ਲਿਜਾ ਕੇ ਗੋਲ ਲਈ ਨਿਸ਼ਚਿਤ ਕੀਤੀ ਥਾਂ ਵਿੱਚੋਂ ਲੰਘਾਉਣਾ ਹੁੰਦਾ ਹੈ। ਇਸ ਤਰ੍ਹਾਂ ਗੋਲ ਸਮਝਿਆ ਜਾਦਾ ਹੈ। ਖੇਡ ਬੰਦ ਕਰਨ ਸਮੇਂ ਜਿਸ ਟੋਲੀ ਦੇ ਗੋਲ ਵੱਧ ਹੁੰਦੇ ਹਨ, ਉਹ ਟੋਲੀ ਜੇਤੂ ਸਮਝੀ ਜਾਂਦੀ ਹੈ। ਸਮੇਂ ਦੀ ਸੀਮਾ ਕੋਈ ਵਿਸ਼ੇਸ਼ ਨਹੀਂ ਹੁੰਦੀ। ਇਸ ਖੇਡ ਦੌਰਾਨ ਸ਼ਰੀਰਕ ਕਸਰਤ ਹੁੰਦੀ ਰਹਿੰਦੀ ਹੈ।

## ਗੁੱਲੀ ਡੰਡਾ

ਇਹ ਖੇਡ ਹਰਮਨ ਪਿਆਰੀ ਤੇ ਮਨੋਰੰਜਕ ਖੇਡ ਹੈ। ਇਹ ਖੇਡ ਛੋਟੇ ਬੱਚੇ ਅਤੇ ਜਵਾਨ ਬੜੇ ਸ਼ੌਂਕ ਨਾਲ ਖੇਡਦੇ ਹਨ। ਇਸ ਖੇਡ ਲਈ ਲੱਕੜੀ ਦਾ ਗੋਲ ਜਾਂ ਚਪਟਾ ਡੰਡਾ ਅਤੇ ਦੋਹਾਂ ਪਾਸਿਆਂ ਤੋਂ ਘੜੀ ਗੁੱਲੀ ਵਰਤੋਂ ਕੀਤੀ ਜਾਦੀ ਹੈ। ਜਮੀਨ ਤੇ ਨਿੱਕਾ ਜਿਹਾ ਟੋਇਆ ਪੁੱਟਿਆ ਜਾਂਦਾ ਹੈ ਜਿਸ ਨੂੰ 'ਰਾਬ' ਜਾਂ 'ਖੁੱਤੀ' ਕਹਿੰਦੇ ਹਨ। ਇਹ ਖੇਡ ਦੋ ਖਿਡਾਰੀਆਂ ਜਾਂ ਦੋ ਟੋਲੀਆਂ ਵਿੱਚ ਵੀ ਖੇਡੀ ਜਾ ਸਕਦੀ ਹੈ। ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਹੁੰਦੀ।

ਡੰਡੇ ਦੀ ਸਹਾਇਤਾ ਨਾਲ ਗੁੱਲੀ ਨੂੰ ਬੁੱਗ ਮਾਰ ਕੇ ਦੂਰ ਸੁੱਟਿਆ ਜਾਂਦਾ ਹੈ। ਦਾਈ ਦੇਣ ਵਾਲਾ ਖਿਡਾਰੀ ਸਾਹਮਣੇ ਖੜ੍ਹਾ ਉੱਡਦੀ ਗੁੱਲੀ ਨੂੰ ਬੁੱਚਣ ਦੀ ਕੋਸ਼ਿਸ਼ ਕਰਦਾ ਹੈ ਜੇ ਗੁੱਲੀ ਬੁੱਚ ਲਈ ਜਾਵੇ ਤਾਂ ਖੇਡਣ ਵਾਲਾ ਖਿਡਾਰੀ ਆਪਣੀ ਵਾਰੀ ਗੁਆ ਬੈਠਦਾ ਹੈ। ਜੇਕਰ ਗੁੱਲੀ ਥੱਲੇ ਡਿੱਗ ਪਵੇ ਤਾਂ ਫਿਰ ਖੇਡਣ ਵਾਲਾ ਖਿਡਾਰੀ ਆਪਣਾ ਡੰਡਾ ਖੁੱਤੀ ਤੇ ਰੱਖ ਦਿੰਦਾ ਹੈ ਤੇ ਦਾਈ ਦੇਣ ਵਾਲਾ ਖਿਡਾਰੀ ਗੁੱਲੀ ਨਾਲ ਡੰਡੇ ਦਾ ਨਿਸ਼ਾਨਾ ਲਾਉਂਦਾ ਹੈ ਜੇ ਨਿਸ਼ਾਨਾ ਵੱਜ ਜਾਵੇ ਤਾਂ ਖੇਡਣ ਵਾਲਾ ਖਿਡਾਰੀ ਦੀ ਵਾਰੀ ਚਲੀ ਜਾਂਦੀ ਹੈ, ਨਹੀਂ ਤਾਂ ਫਿਰ ਖੇਡਣ ਵਾਲਾ ਖਿਡਾਰੀ ਗੁੱਲੀ ਦੇ ਸਿਰੇ 'ਤੇ ਡੰਡੇ ਨਾਲ ਚੋਟ ਕਰਦਾ ਹੈ ਤੇ ਗੁੱਲੀ ਨੂੰ ਉਛਾਲ ਕੇ ਦੂਰ ਟੁੱਲ ਮਾਰਦਾ ਹੈ। ਦਾਈ ਵਾਲਾ ਖਿਡਾਰੀ ਗੁੱਲੀ ਚੁੱਕ ਕੇ ਉੱਥੋਂ ਫਿਰ ਡੰਡੇ ਦਾ ਨਿਸ਼ਾਨਾ ਲਾਉਂਦਾ ਹੈ। ਇਸ ਤਰ੍ਹਾਂ ਇਹ ਖੇਡ ਚੱਲਦੀ ਰਹਿੰਦੀ ਹੈ। ਟੋਲੀਆਂ ਦੇ ਰੂਪ ਵਿੱਚ ਜਦੋਂ ਇਕ ਖਿਡਾਰੀ ਵਾਰੀ ਗੁਆ ਲਵੇ ਤਾਂ ਦੂਜਾ ਖਿਡਾਰੀ ਖੇਡਦਾ ਹੈ। ਇਸ ਤਰ੍ਹਾਂ ਟੋਲੀ ਦੇ ਸਾਰੇ ਖਿਡਾਰੀ ਵਾਰੀ ਲੈ ਹਟਣ ਤਾਂ ਦੂਜੀ ਟੋਲੀ ਦੀ ਖੇਡਣ ਦੀ ਵਾਰੀ ਆਉਂਦੀ ਹੈ। ਇਸ ਖੇਡ ਨੂੰ ਖੇਡਣ ਲਈ ਕੋਈ ਹੋਰ ਵਿਧੀ ਵੀ ਅਪਣਾ ਲਈ ਜਾਂਦੀ ਹੈ।

## ਪਿੱਠੂ

ਪਿੱਠੂ ਬੱਚਿਆਂ ਦੀ ਉਹ ਮਨੋਰੰਜਕ ਖੇਡ ਹੈ ਜਿਹੜੀ ਛੋਟੇ ਬੱਚਿਆਂ ਵਿੱਚ ਗੇਂਦ ਅਤੇ ਠੀਕਰੀਆਂ

ਨਾਲ ਖੇਡੀ ਜਾਂਦੀ ਹੈ। ਠੀਕਰੀਆਂ ਜਿਆਦਾਤਰ ਕਿਸੇ ਟੁੱਟੇ ਹੋਏ ਮਿੱਟੀ ਦੇ ਘੜੇ ਆਦਿ ਦੀਆਂ ਹੁੰਦੀਆਂ ਹਨ। ਕਿਤੇ ਕਿਤੇ ਲੱਕੜ ਦੀਆਂ ਠੀਕਰੀਆਂ ਵੀ ਵਰਤੋਂ ਵਿੱਚ ਲਿਆਂਦੀਆਂ ਜਾਂਦੀਆਂ ਹਨ। ਇਸ ਖੇਡ ਵਿੱਚ ਖਿੱਦੋ (ਗੇਂਦ) ਨਾਲ ਨਿਸ਼ਾਨਾ ਲਾਉਣਾ ਹੁੰਦਾ ਹੈ। ਖੇਡਣ ਵਾਲਿਆਂ ਦੀ ਗਿਣਤੀ ਜਿੰਨੀ ਮਰਜੀ ਹੋ ਸਕਦੀ ਹੈ। ਬੱਚੇ ਦੋ ਟੋਲੀਆਂ ਬਣਾ ਲੈਂਦੇ ਹਨ। ਖੇਡ ਸ਼ੁਰੂ ਕਰਨ ਲਈ ਜ਼ਮੀਨ ਤੇ ਗੋਲ ਚੱਕਰ ਬਣਾ ਕੇ ਠੀਕਰੀਆਂ ਨੂੰ ਇੱਕ ਦੂਜੀ ਉੱਪਰ ਚਿਣਿਆ ਜਾਂਦਾ ਹੈ। ਦੋ ਤਿੰਨ ਕਰਮਾਂ ਦੇ ਵਕਫ਼ੇ ਤੇ ਨਿਸ਼ਾਨ ਲਾ ਕੇ ਖਿਡਾਰੀ ਚਿਣੀਆਂ ਹੋਈਆਂ ਠੀਕਰੀਆਂ, ਜਿਸ ਨੂੰ ਪਿੱਠੂ ਕਿਹਾ ਜਾਂਦਾ ਹੈ ਤੇ ਨਿਸ਼ਾਨਾ ਲਾਉਂਦਾ ਹੈ। ਜੇ ਠੀਕਰੀਆਂ ਤੇ ਨਿਸ਼ਾਨਾ ਲੱਗੇ ਬਿਨਾਂ ਵਿਰੋਧੀ ਟੋਲੀ ਦਾ ਖਿਡਾਰੀ ਗੇਂਦ ਨੂੰ ਬੋਚ ਲਵੇ ਤਾਂ ਨਿਸ਼ਾਨਾ ਲਾਉਣ ਵਾਲਾ ਖਿਡਾਰੀ ਆਪਣੀ ਵਾਰੀ ਗੁਆ ਲੈਂਦਾ ਹੈ। ਖੇਡ ਵਿਚ ਲਾਜ਼ਮੀ ਹੈ ਕਿ ਠੀਕਰੀਆਂ ਡੇਗੀਆਂ ਜਾਣ ਅਤੇ ਦੂਜੀ ਟੋਲੀ ਦੇ ਖਿਡਾਰੀਆਂ ਦੇ ਨਿਸ਼ਾਨੇ ਤੋਂ ਬੱਚ ਕੇ ਦੁਬਾਰਾ ਫਿਰ ਠੀਕਰੀਆਂ ਚਿਣ ਕੇ ਪਿੱਠੂ ਬੋਲਿਆ ਜਾਂਦਾ ਹੈ ਤਾਂ ਇਹ ਨਿਸ਼ਾਨਾ ਲਾਉਣ ਵਾਲੀ ਟੋਲੀ ਜੇਤੂ ਮੰਨੀ ਜਾਂਦੀ ਹੈ। ਜੇ ਠੀਕਰੀਆਂ ਚਿਣਦਿਆਂ ਵਿਰੋਧੀ ਟੋਲੀ ਦਾ ਖਿਡਾਰੀ ਚਿਣਨ ਵਾਲੇ ਖਿਡਾਰੀ ਦੇ ਖਿੱਦੋ ਦਾ ਨਿਸ਼ਾਨਾ ਲਾ ਦੇਵੇ ਤਾਂ ਪਿੱਠੂ ਡੇਗਣ ਵਾਲੀ ਟੋਲੀ ਦੀ ਵਾਰੀ ਚਲੀ ਜਾਂਦੀ ਹੈ। ਇਸ ਪ੍ਰਕਾਰ ਇਹ ਬਹੁਤ ਹੀ ਰੋਚਕ ਖੇਡ ਹੈ, ਜਿਹੜੀ ਬੱਚਿਆਂ ਦੇ ਮਨੋਰੰਜਨ ਦੇ ਨਾਲ-ਨਾਲ ਸਰੀਰਕ ਕਸਰਤ ਦਾ ਵੀ ਸਾਧਨ ਹੈ। ਇਸ ਖੇਡ ਵਿੱਚ ਜ਼ਿਆਦਾਤਰ ਭੱਜਣ ਵਿਚ ਤੇਜ਼ ਤਰਾਰ ਖਿਡਾਰੀ ਹੀ ਕਾਮਯਾਬ ਰਹਿੰਦੇ ਹਨ।

## ਸ਼ੇਰ-ਬੱਕਰੀ

ਇਹ ਖੇਡ ਲੜਕੀਆਂ ਨਾਲ ਸੰਬੰਧਤ ਹੈ ਅਤੇ ਬਹੁਤ ਪੁਰਾਣੀ ਹੈ, ਜਿਸਨੂੰ ਅੱਠ ਤੋਂ ਦੱਸ ਲੜਕੀਆਂ ਤੱਕ ਖੇਡ ਸਕਦੀਆਂ ਹਨ। ਇਕ ਲੜਕੀ ਨੂੰ ਸ਼ੇਰ ਬਣਾਇਆ ਜਾਂਦਾ ਹੈ ਅਤੇ ਦੂਸਰੀ ਨੂੰ ਬੱਕਰੀਆਂ ਚਾਰਣ ਵਾਲਾ ਆਜੜੀ। ਰਹਿੰਦੀਆਂ ਲੜਕੀਆਂ ਇੱਕ ਕਤਾਰ ਬਣਾ ਕੇ ਆਜੜੀ ਬਣੀ ਲੜਕੀ ਦੇ ਪਿੱਛੇ ਇਕ ਦੂਜੀ ਲੜਕੀ ਨੂੰ ਪਕੜ ਕੇ ਖੜ੍ਹ ਜਾਂਦੀਆਂ ਹਨ। ਜਿਹੜੀ ਲੜਕੀ ਸ਼ੇਰ ਬਣੀ ਹੁੰਦੀ ਹੈ। ਉਹ ਕਹਿੰਦੀ ਹੈ:-

ਰਾਜਾ ਮੰਗੇ ਬੱਕਰੀ ਮੈਂ ਬੱਕਰੀ ਲੈ ਜਾਣੀ ਆ

ਆਜੜੀ ਜਵਾਬ ਦਿੰਦਾ ਹੈ :

ਇਕੋ ਮੇਰੀ ਬੱਕਰੀ ਮੈਂ ਕਿਲੇ ਤੇ ਬਿਠਾਉਂਣੀ ਆ

* * *

ਸ਼ੇਰ ਬਣੀ ਲੜਕੀ ਬੱਕਰੀਆਂ ਬਣੀਆਂ ਲੜਕੀਆਂ ਨੂੰ ਫੜ੍ਹਦੀ ਹੈ ਤੇ ਆਜੜੀ ਬਣੀ ਲੜਕੀ ਬਾਕੀਆਂ ਨੂੰ ਆਪਣੇ ਪਿੱਛੇ ਰੱਖ ਕੇ ਸ਼ੇਰ ਤੋਂ ਬਚਾਉਂਦੀ ਹੈ। ਜਿਸ ਲੜਕੀ ਨੂੰ ਸ਼ੇਰ ਬਣੀ ਲੜਕੀ ਹੱਥ ਲਾ ਦੇਵੇ ਤਾਂ ਉਹ ਲੜਕੀ ਖੇਡ ਵਿੱਚੋਂ ਬਾਹਰ ਗਿਣੀ ਜਾਂਦੀ ਹੈ। ਇੱਕ ਇੱਕ ਕਰਕੇ ਸ਼ੇਰ ਬਣੀ ਲੜਕੀ ਬੱਕਰੀਆਂ ਬਣੀਆਂ ਲੜਕੀਆਂ ਨੂੰ ਹੱਥ ਲਾਉਂਦੀ ਰਹਿੰਦੀ ਹੈ ਅਤੇ ਖੇਡ ਤੋਂ ਬਾਹਰ ਕਰਦੀ ਰਹਿੰਦੀ ਹੈ। ਜਦ ਸਾਰੀਆਂ ਇਸ ਖੇਡ ਵਿਚੋਂ ਬਾਹਰ ਹੋ ਜਾਂਦੀਆਂ ਹਨ ਤਾਂ ਸ਼ੇਰ ਬਣੀ ਲੜਕੀ ਜੇਤੂ ਕਰਾਰ ਕਰ ਦਿੱਤੀ ਜਾਂਦੀ ਹੈ। ਇਸ ਖੇਡ ਦਾ ਮਨੋਰਥ ਰਾਜਾ, ਪਰਜਾ ਅਤੇ ਅਹਿਲਕਾਰਾਂ ਦੇ ਆਪਸੀ ਤਾਲਮੇਲ ਦੀ ਜਾਣਕਾਰੀ ਦੇਣਾ ਹੈ।

BSEB

## ਕੋਟਲਾ ਛਪਾਕੀ

ਕੋਟਲਾ ਛਪਾਕੀ ਛੋਟੇ ਬੱਚਿਆਂ ਦੀ ਬਹੁਤ ਹੀ ਮਨਪਸੰਦ ਖੇਡ ਹੈ। ਖਿਡਾਰੀਆਂ ਦੀ ਗਿਣਤੀ ਮਿਣਤੀ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ ਹੈ। ਜਦੋਂ ਵੀ ਬੱਚੇ ਚਾਹੁੰਣ ਕਿਸੇ ਵੀ ਜਗ੍ਹਾ ਤੇ ਇੱਕ ਗੋਲ ਦਾਇਰੇ ਵਿੱਚ ਬੈਠ ਕੇ ਇਹ ਖੇਡ ਖੇਡੀ ਜਾ ਸਕਦੀ ਹੈ। ਇਸ ਖੇਡ ਲਈ ਇਕ ਕੱਪੜੇ ਦਾ ਵੱਟਿਆ ਹੋਇਆ ਕੋਟਲਾ ਹੀ ਜ਼ਰੂਰੀ ਹੁੰਦਾ ਹੈ। ਜਿਸ ਬੱਚੇ ਨੇ ਦਾਈ ਦੇਣੀ ਹੋਵੇ, ਉਹ ਆਪਣੇ ਪਿੱਛੇ ਕੋਟਲੇ ਨੂੰ ਛੁਪਾ ਲੈਂਦਾ ਹੈ ਅਤੇ ਬੱਚਿਆਂ ਦੇ ਦੁਆਲੇ ਘੁੰਮਦਾ ਘੁੰਮਦਾ ਗਾਉਂਦਾ ਜਾਂਦਾ ਹੈ,

ਕੋਟਲਾ ਛਪਾਕੀ ਜੁੰਮੇ ਰਾਤ ਆਈ ਜੇ

ਅੱਗੋਂ ਬੱਚੇ ਇਸ ਤਰ੍ਹਾ ਜਵਾਬ ਦਿੰਦੇ ਹਨ:

ਜਿਹੜਾ ਅੱਗੇ ਪਿੱਛੇ ਝਾਕੇ, ਉਹਦੀ ਸ਼ਾਮਤ ਆਈ ਏ

ਕੋਟਲਾ ਲੈ ਕੇ ਦਾਇਰੇ ਦੁਆਲੇ ਘੁੰਮ ਰਿਹਾ ਬੱਚਾ ਚੋਰੀ ਛੁੱਪੇ ਕਿਸੇ ਇੱਕ ਬੱਚੇ ਦੇ ਪਿੱਛੇ ਕੋਟਲਾ ਰੱਖ ਦਿੰਦਾ ਹੈ। ਦਾਈ ਦੇਣ ਵਾਲਾ ਖਿਡਾਰੀ ਚੁੱਪ ਚਪੀਤੇ ਆ ਕੇ ਕੋਟਲਾ ਚੁੱਕ ਕੇ ਬੱਚੇ ਨੂੰ ਮਾਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਉਹ ਕੋਟਲੇ ਦੀ ਮਾਰ ਤੋਂ ਬੱਚਣ ਲਈ ਦੂਰ ਭੱਜਦਾ ਹੈ। ਜੇਕਰ ਬੱਚਾ ਨਿਸ਼ਚਿਤ ਜਗ੍ਹਾ ਤੇ ਬੈਠ ਜਾਵੇ ਤਾਂ ਕੋਟਲੇ ਦੀ ਮਾਰ ਤੋਂ ਬਚ ਜਾਂਦਾ ਹੈ। ਇਸੇ ਤਰ੍ਹਾਂ ਜੇ ਰੱਖਿਆ ਕੋਟਲਾ ਦੂਸਰੇ ਖਿਡਾਰੀ ਦੇ ਹੱਥ ਆ ਜਾਵੇ ਤਾਂ ਦਾਈ ਦੇਣ ਵਾਲਾ ਭੱਜ ਕੇ ਕੋਟਲਿਆਂ ਤੋਂ ਬਚਦਾ ਹੈ। ਅੱਗੇ ਅੱਗੇ ਦੌੜਨ ਵਾਲਾ ਬੱਚਾ ਮਾਰਨ ਵਾਲੇ ਬੱਚੇ ਵਾਲੀ ਨਿਸ਼ਚਿਤ ਥਾਂ ਤੇ ਜਿੰਨ੍ਹੀ ਦੇਰ ਨਹੀਂ ਬੈਠਦਾ, ਓਨੀ ਦੇਰ ਉਸ ਨੂੰ ਕੋਟਲਿਆਂ ਦੀ ਮਾਰ ਪੈਂਦੀ ਰਹਿੰਦੀ ਹੈ। ਖੇਡ ਵਿਚ ਅਨੇਕਾਂ ਵਾਰ ਇਹ ਪ੍ਰਕਿਰਿਆ ਦੁਹਰਾਈ ਜਾਂਦੀ ਹੈ। ਚੱਕਰ ਦੁਆਲੇ ਦੌੜਦੇ ਬੱਚੇ ਗਾਉਂਦੇ, ਕੋਟਲੇ ਖਾਂਦੇ ਅਤੇ ਆਨੰਦ ਮਾਣਦੇ ਹਨ। ਇਸ ਖੇਡ ਵਿਚ ਪਿੱਛੇ ਦੇਖਣਾ ਮਨ੍ਹਾ ਹੈ। ਇਸ ਖੇਡ ਵਿਚ ਵੀ ਸੰਕੇਤ ਹੈ ਕਿ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਚੇਤ ਰੱਖਿਆ ਜਾ ਸਕਦਾ ਹੈ। ਕੋਟਲੇ ਦੀ ਮਾਰ ਦੀ ਸਥਿਤੀ ਤੋਂ ਪੰਜਾਬੀਆਂ ਦੇ ਨਿੱਡਰ ਅਤੇ ਸਾਹਸੀ ਸੁਭਾਅ ਦਾ ਪਤਾ ਲੱਗਦਾ ਹੈ।

## ਸ਼ਟਾਪੂ

ਸ਼ਟਾਪੂ, ਉਹ ਖੇਡ ਜਿਸ ਨੂੰ ਮੁੰਡੇ ਕੁੜੀਆਂ ਦੋਵੇਂ ਹੀ ਖੇਡ ਸਕਦੇ ਹਨ ਪਰ ਜ਼ਿਆਦਾਤਰ ਇਹ ਖੇਡ ਲੜਕੀਆਂ ਵਿੱਚ ਹਰਮਨ ਪਿਆਰੀ ਹੈ। ਅੱਡੀ-ਟੱਪਾ, ਸਮੁੰਦਰ-ਪੱਟੜਾ ਅਤੇ ਪੀਚੋ-ਬੱਕਰੀ ਵੀ ਇਸ ਦੇ ਹੋਰ ਪ੍ਰਸਿੱਧ ਨਾਮ ਹਨ। ਇਹ ਧਰਤੀ ਉੱਪਰ ਪੰਜ ਤੋਂ ਅੱਠ ਖਾਨੇ ਵਾਹ ਕੇ ਖੇਡੀ ਕੀਤੀ ਜਾਂਦੀ ਹੈ। ਖਾਨਿਆਂ ਦੇ ਗਿਣਤੀ, ਲੰਬਾਈ ਅਤੇ ਚੌੜਾਈ ਦਾ ਅਕਾਰ ਖੇਡਣ ਵਾਲਿਆਂ ਬੱਚਿਆਂ ਦੀ ਉਮਰ ਦੇ ਮੁਤਾਬਿਕ ਹੁੰਦਾ ਹੈ, ਕਿਉਂਕਿ ਛੋਟੇ ਬੱਚੇ ਛੋਟੀਆਂ ਪੁਲਾਘਾਂ ਪੁੱਟ ਸਕਦੇ ਹਨ, ਇਸ ਲਈ ਖਾਨੇ ਛੋਟੇ ਬਣਾਏ ਜਾਂਦੇ ਹਨ ਅਤੇ ਵੱਡੀ ਉਮਰ ਦੇ ਬੱਚੇ ਖ਼ਾਨਿਆਂ ਨੂੰ ਵੱਡੇ ਬਣਾ ਲੈਂਦੇ ਹਨ। ਸਾਰੇ ਬੱਚੇ ਪੁੱਗ ਕੇ ਆਪਸ ਵਿਚ ਵਾਰੀ ਨਿਰਧਾਰਤ ਕਰ ਲੈਂਦੇ ਹਨ। ਸ਼ਟਾਪੂ ਦੀ ਸ਼ੁਰੂਆਤ ਕਰਨ ਵਾਲਾ ਬੱਚਾ ਨੰਬਰ ਇੱਕ ਖ਼ਾਨੇ ਵਿੱਚ ਠੀਕਰੀ ਸੁੱਟ ਕੇ ਆਪਣਾ ਤਵਾਜ਼ਨ ਇੱਕ ਲੱਤ ਉੱਪਰ ਕਰਕੇ ਪਹਿਲੇ ਖਾਨੇ ਵਿਚੋਂ ਠੀਕਰੀ ਨੂੰ ਠੇਡੇ ਨਾਲ ਬਾਹਰ ਕੱਢਦਾ ਹੈ। ਇਸ ਤਰ੍ਹਾਂ ਦੂਜੇ ਖਾਨੇ ਵਿਚ ਠੀਕਰੀ ਨੂੰ ਠੇਡਾ ਮਾਰਿਆ ਜਾਂਦਾ ਹੈ ਕਿ ਉਹ ਕਿਸੇ ਵੀ ਕਤਾਰ ਤੇ ਨਾ ਰੁੱਕੇ ਅਤੇ ਨਾ ਹੀ ਖਾਨੇ ਤੋਂ ਬਾਹਰ ਜਾਵੇ। ਇਹ ਖਿਡਾਰੀ ਦੀ ਖੇਡ ਮੁਹਾਰਤ ਦਾ ਪ੍ਰਮਾਨ ਹੁੰਦਾ ਹੈ। ਇੱਕ ਤੋਂ

ਬਾਅਦ ਦੂਜੇ ਅਤੇ ਦੂਜੇ ਖ਼ਾਨੇ ਤੋਂ ਤੀਜੇ ਖਾਨੇ ਵਿਚ ਜਾਣਾ ਅਤੇ ਦੂਜੇ ਪਾਸੇ ਅੰਤਮ ਖ਼ਾਨੇ ਵਿਚੋਂ ਵਾਪਸ ਆਉਣਾ ਖਿਡਾਰੀ ਦੀ ਸਫ਼ਲਤਾ ਦਾ ਮਾਪਦੰਡ ਹੁੰਦਾ ਹੈ। ਸਫ਼ਲ ਹੋਣ ਤੇ ਇਸ ਤਰ੍ਹਾਂ ਅਗਲੇ ਖ਼ਾਨਿਆਂ ਵਿੱਚ ਵਾਰੀ ਵਾਰੀ ਠੀਕਰੀ ਸੁੱਟ ਕੇ ਉਪਰ ਦੱਸੇ ਤਰੀਕੇ ਅਨੁਸਾਰ ਕੱਢਦੇ ਜਾਣਾ ਹੁੰਦਾ ਹੈ। ਖ਼ਾਨਾ ਨੰਬਰ ਪੰਜ ਵਿਚ ਇਕ ਕਾਟਾ ਲੱਗਾ ਹੁੰਦਾ ਹੈ। ਇਸ ਖ਼ਾਨੇ ਵਿਚ ਦੋਨੋਂ ਪੈਰ ਰੱਖਣੇ ਜ਼ਰੂਰੀ ਹੁੰਦੇ ਹਨ। ਜੇਕਰ ਠੀਕਰੀ ਗ਼ਲਤ ਖ਼ਾਨੇ ਵਿਚ ਸੁੱਟੀ ਜਾਵੇ, ਪੈਰ ਧਰਤੀ ਨਾਲ ਛੂਹ ਜਾਣ, ਠੀਕਰੀ ਕਿਸੇ ਖ਼ਾਨੇ ਦੀ ਕਤਾਰ ਤੇ ਆ ਜਾਵੇ ਜਾਂ ਪੈਰ ਹੀ ਕਤਾਰ ਤੇ ਆ ਜਾਵੇ ਅਤੇ ਖ਼ਾਨਾ ਨੰਬਰ ਪੰਜ ਵਿਚ ਦੋਨੋਂ ਪੈਰ ਨਾ ਰੱਖੇ ਜਾਣ ਤਾਂ ਵਾਰੀ ਖ਼ਤਮ ਹੋ ਜਾਂਦੀ ਹੈ। ਸਾਰੇ ਖ਼ਾਨੇ ਪੂਰੇ ਕਰ ਲੈਣ ਨਾਲ ਇੱਕ ਬਾਜ਼ੀ ਮੁਕੰਮਲ ਹੋ ਜਾਂਦੀ ਹੈ। ਆਮ ਰਵਾਇਤ ਹੈ ਕਿ ਇਸ ਖੇਡ ਪਿਛੇ ਲੜਕੀਆਂ ਨੂੰ ਜ਼ਿੰਦਗੀ ਦੇ ਮੁਸ਼ਕਲ ਭਰੇ ਰਾਹਾਂ ਉੱਪਰ ਧੀਰਜ ਅਤੇ ਹੌਂਸਲੇ ਨਾਲ ਚੱਲਣ ਦਾ ਸਬਕ ਦਿੱਤਾ ਜਾਂਦਾ ਹੈ।

## ਰੱਸੀ ਟੱਪਣਾ

ਰੱਸੀ ਟੱਪਣਾ ਪੰਜਾਬ ਵਿੱਚ ਹੀ ਨਹੀਂ ਬਾਹਰਲੇ ਮੁਲਕਾਂ ਵਿਚ ਵੀ ਪ੍ਰਚਲਿਤ ਹੈ। ਦਰਅਸਲ ਇਹ ਖੇਡ ਸਰੀਰਕ ਤੰਦਰੁਸਤੀ ਨਾਲ ਜੁੜੀ ਹੋਈ ਹੈ। ਇਸ ਖੇਡ ਨੂੰ ਲੜਕੀਆਂ ਨੱਚ-ਟੱਪ ਕੇ, ਗਾ ਕੇ ਖੇਡਦੀਆਂ ਹਨ। ਇਸ ਖੇਡ ਵਿਚ ਵੀ ਖਿਡਾਰੀਆਂ ਗਿਣਤੀ-ਮਿਣਤੀ ਦਾ ਕੋਈ ਹਿਸਾਬ ਨਹੀਂ ਹੁੰਦਾ। ਇੱਕ ਲੜਕੀ ਵੀ ਖੇਡ ਸਕਦੀ ਹੈ ਅਤੇ ਬਹੁਤੀਆਂ ਵੀ। ਰੱਸੀ ਟੱਪਣ ਵਾਲੇ ਖਿਡਾਰੀ ਦੇ ਦਮ-ਖ਼ਮ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਹ ਬਿਨਾਂ ਰੁਕੇ ਕਿੰਨੀ ਦੇਰ ਰੱਸੀ ਟੱਪ ਸਕਦਾ ਹੈ। ਇੱਕ ਲੜਕੀ ਹੋਵੇ ਤਾਂ ਉਹ ਰੱਸੀ ਨੂੰ ਖ਼ੁਦ ਹੀ ਘੁੰਮਾਉਂਦੀ ਹੈ ਪਰ ਜੇ ਲੜਕੀਆਂ ਇੱਕ ਤੋਂ ਵੱਧ ਹੋਣ ਤਾਂ ਦੋ ਲੜਕੀਆਂ ਰੱਸੀ ਨੂੰ ਘੁੰਮਾਉਂਦੀਆਂ ਹਨ ਅਤੇ ਬਾਕੀ ਵਾਰੀ-ਵਾਰੀ ਨਾਲ ਘੁੰਮਦੀ ਰੱਸੀ ਦੇ ਅੰਦਰ ਆ ਕੇ ਟੱਪਦੀਆਂ ਹਨ। ਇਸ ਵਿਚ ਸ਼ਰਤ ਇਹ ਹੁੰਦੀ ਹੈ ਕਿ ਰੱਸੀ ਨਿਰੰਤਰ ਘੁੰਮਦੀ ਰਹਿਣੀ ਚਾਹੀਦੀ ਹੈ ਅਤੇ ਜਿਹੜੀ ਖਿਡਾਰਣ ਘੁੰਮਦੀ ਰੱਸੀ ਵਿਚ ਰੁਕਾਵਟ ਬਣਦੀ ਹੈ, ਉਹ ਨਾ-ਕਾਮਯਾਬ ਗਿਣੀ ਜਾਂਦੀ ਹੈ। ਲੜਕੀਆਂ ਬੜੀ ਫੁਰਤੀ ਨਾਲ ਅੰਦਰ ਆਉਂਦੀਆਂ ਹਨ ਅਤੇ ਕਈ ਲੜਕੀਆਂ ਬੜੀ ਮੁਹਾਰਤ ਨਾਲ ਜ਼ਮੀਨ ਤੇ ਹੱਥ ਵੀ ਲਾ ਜਾਂਦੀਆਂ ਹਨ। ਕਿਤੇ-ਕਿਤੇ ਦੋ ਲੜਕੀਆਂ ਆਪਸ ਵਿਚ ਹੱਥ ਫੜ੍ਹ ਕੇ ਇੱਕਠੀਆਂ ਟੱਪਦੀਆਂ ਹਨ। ਇਹ ਖੇਡ ਬਹੁਤ ਪੁਰਾਤਨ ਸਮੇਂ ਤੋਂ ਚੱਲੀ ਆ ਰਹੀ ਹੈ।

## ਭੰਡਾ-ਭੰਡਾਰੀਆ

ਭੰਡਾ-ਭੰਡਾਰੀਆ ਉਹ ਖੇਡ ਜਿਹੜੀ ਲੜਕੇ ਅਤੇ ਲੜਕੀਆਂ ਦੋਵਾਂ ਵਰਗਾਂ ਵਿਚ ਬਹੁਤ ਹੀ ਹਰਮਨ ਪਿਆਰੀ ਹੈ। ਇਸ ਖੇਡ ਵਿਚ ਇਕ ਲੜਕੀ ਜਾਂ ਲੜਕਾ ਜ਼ਮੀਨ ਉੱਤੇ ਬੈਠ ਜਾਂਦਾ ਹੈ ਅਤੇ ਬਾਕੀ ਲੜਕੇ ਜਾਂ ਲੜਕੀਆਂ ਉਸਦੇ ਸਿਰ ਤੇ ਮੁੱਠੀਆਂ ਰੱਖ ਕੇ ਖਲੋ ਜਾਂਦੇ ਹਨ। ਵਾਰੀ ਦੇਣ ਵਾਲੇ ਖਿਡਾਰੀ ਨੂੰ ਪੁੱਛਿਆ ਜਾਂਦਾ ਹੈ:

ਭੰਡਾ-ਭੰਡਾਰੀਆ ਕਿੰਨਾ ਕੁ ਭਾਰ

ਉਹ ਜੁਆਬ ਦਿੰਦਾ ਹੈ:

ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ

ਹਰ ਵਾਰੀ ਕਹਿਣ ਦੇ ਨਾਲ-ਨਾਲ ਇੱਕ ਮੁੱਠੀ ਚੁੱਕ ਲਈ ਜਾਂਦੀ ਹੈ। ਅਖ਼ੀਰਲੇ ਖਿਡਾਰੀ ਦੇ ਮੁੱਠੀ ਚੁੱਕਣ ਦੇ ਨਾਲ ਹੀ ਸਾਰੇ ਖਿਡਾਰੀ 'ਹਾਏ ਹਾਏ ਦਦਈਆ ਲੜ ਗਿਆ' ਕਹਿ ਕੇ ਭੱਜ ਜਾਂਦੇ ਹਨ ਤੇ ਵਾਰੀ ਦੇਣ ਵਾਲਾ ਖਿਡਾਰੀ ਉਨ੍ਹਾਂ ਵਿਚੋਂ ਜਿਸਨੂੰ ਡੰਗ ਲਵੇ, ਉਸਨੂੰ ਦਾਈ ਦੇਣੀ ਪੈਂਦੀ ਹੈ।

## ਸਮੁੰਦਰ ਮੱਛੀ

ਇਸ ਖੇਡ ਵਿਚ ਜਿੰਨੇ ਮਰਜ਼ੀ ਖਿਡਾਰੀ ਚਾਹੁਣ ਖੇਡ ਸਕਦੇ ਹਨ। ਜਿਸ ਲੜਕੀ ਨੇ ਵਾਰੀ ਦੇਣੀ ਹੁੰਦੀ ਹੈ, ਉਹ ਲੜਕੀ ਵੱਡੇ ਗੋਲ-ਚੱਕਰ ਵਿਚ ਖਲੋ ਜਾਂਦੀ ਹੈ ਅਤੇ ਬਾਕੀ ਦੀਆਂ ਲੜਕੀਆਂ ਉਸ ਦੇ ਗਿਰਦ ਘੇਰਾ ਪਾ ਕੇ ਘੁੰਮਦੀਆਂ ਹੋਈਆਂ ਸਵਾਲ ਕਰਦੀਆਂ ਹਨ, ਅਤੇ ਵਿਚਕਾਰ ਵਾਲੀ ਲੜਕੀ ,ਜੋ ਗੋਲ ਚੱਕਰ ਵਿਚ ਮੱਛੀ ਬਣੀ ਹੁੰਦੀ ਹੈ, ਜਵਾਬ ਦਿੰਦੀ ਹੈ:

ਲੜਕੀਆਂ : ਹਰਾ ਸਮੁੰਦਰ ਗੋਪੀ ਚੰਦਰ, ਬੋਲ ਮੇਰੀ ਮੱਛਲੀ ਕਿੰਨਾ ਕੁ ਪਾਣੀ?

ਮੱਛਲੀ : ਗਿੱਟੇ ਗਿੱਟੇ ਪਾਣੀ।

ਲੜਕੀਆਂ : ਹਰਾ ਸਮੁੰਦਰ.. ਕਿੰਨਾ ਕੁ ਪਾਣੀ?

ਮੱਛਲੀ : ਗੋਡੇ ਗੋਡੇ ਪਾਣੀ

ਲੜਕੀਆਂ : ਹਰ ਸਮੁੰਦਰ.. ਕਿੰਨਾ ਕੁ ਪਾਣੀ?

ਮੱਛਲੀ : ਸਿਰ ਸਿਰ ਪਾਣੀ।

ਲੜਕੀਆਂ : 'ਹਾਏ ਡੁੱਬ ਗਏ' ਕਹਿੰਦੀਆਂ ਭੱਜਦੀਆਂ ਹਨ।

ਇਸ ਤੋਂ ਬਾਅਦ ਮੱਛੀ ਬਣੀ ਲੜਕੀ ਬਾਕੀ ਲੜਕੀਆਂ ਵਿਚੋਂ ਕਿਸੇ ਇਕ ਨੂੰ ਹੱਥ ਲਾ ਦਿੰਦੀ ਹੈ ਤਾਂ ਉਹ ਮੱਛਲੀ ਬਣ ਜਾਂਦੀ ਹੈ। ਇਸ ਤਰ੍ਹਾਂ ਖੇਡ ਚਲਦੀ ਰਹਿੰਦੀ ਹੈ।

## ਬੁੱਢੀ ਮਾਈ

ਜ਼ਿਆਦਾ ਇਕੱਠੇ ਹੋਏ ਬੱਚੇ ਆਮ ਕਰਕੇ ਬੁੱਢੀ ਮਾਈ ਦੀ ਖੇਡ ਜ਼ਰੂਰ ਖੇਡਦੇ ਹਨ। ਪੁੱਗਣ ਮਗਰੋਂ ਜਿਸ ਸਿਰ ਵਾਰੀ ਹੋਵੇ, ਉਹ ਬੁੱਢੀ ਮਾਈ ਬਣਾ ਕੇ ਮਿੱਟੀ ਫਰੋਲਣ ਲੱਗਦੀ ਹੈ। ਸਾਰੇ ਬੱਚੇ ਉਸ ਨਾਲ ਇਸ ਤਰ੍ਹਾਂ ਸਵਾਲ ਜਵਾਬ ਕਰਦੇ ਹਨ:

ਸਵਾਲ : ਬੁੱਢੀ ਮਾਈ, ਬੁੱਢੀ ਮਾਈ ਕੀ ਟੋਲਦੀ?

ਜਵਾਬ : ਸੂਈ ਧਾਗਾ।

ਸਵਾਲ : ਸੂਈ ਧਾਗਾ ਕੀ ਕਰਨਾ?

ਜਵਾਬ : ਗੁਥਲੀ ਸਿਊਣੀ

ਸਵਾਲ : ਗੁੱਥਲੀ ਸੀ ਕੇ ਕੀ ਕਰਨਾ?



BSER

| | | |
|---|---|---|
| ਜਵਾਬ | : | ਪੈਸੇ ਪਾਉਣੇ। |
| ਸਵਾਲ | : | ਪੈਸੇ ਪਾ ਕੇ ਕੀ ਕਰਨੇ ? |
| ਜਵਾਬ | : | ਮ੍ਹੈਸ ਲੈਣੀ |
| ਸਵਾਲ | : | ਮ੍ਹੈਸ ਲੈ ਕੇ ਕੀ ਕਰਨਾ ? |
| ਜਵਾਬ | : | ਦੁੱਧ ਚੋਅ ਕੇ ਖੀਰ ਬਣਾਉਂ। |
| ਸਵਾਲ | : | ਖੀਰ ਬਣਾ ਕੇ ਕੀ ਕਰਨਾ ? |
| ਜਵਾਬ | : | ਖੀਰ ਪੰਡਿਤ ਨੂੰ ਖਵਾਊਂ। |
| ਸਵਾਲ | : | ਪੰਡਿਤ ਨੇ ਤੈਨੂੰ ਕੀ ਦੇਣਾ ? |
| ਜਵਾਬ | : | ਪਤਾਸਾ। |
| ਸਾਰੇ | : | ਬੂਹ ਪਤਾਸਾ ਕੌੜਾ, ਬੂਹ ਪਤਾਸਾ ਕੌੜਾ। |

ਇਹ ਆਖ-ਆਖ ਬੱਚੇ ਬੁੱਢੀ ਮਾਈ ਦਾ ਮਖੌਲ ਉਡਾਉਂਦੇ ਹੋਏ ਨੱਸਦੇ ਹਨ। ਬੁੱਢੀ ਉਹਨਾਂ ਨੂੰ ਛੂੰਹਦੀ ਹੈ। ਜਿਸ ਨੂੰ ਛੂਹ ਲਵੇ, ਉਹ ਬੱਚਾ ਬੁੱਢੀ ਮਾਈ ਬਣ ਕੇ ਵਾਰੀ ਦਿੰਦਾ ਹੈ। ਰੰਗ ਮੱਲਣ, ਲੱਕੜ ਕਾਠ, ਊਠਕ ਬੈਠਕ ਆਦਿ ਛੂਹਣ-ਛੂਹਾਈ ਕਿਸਮ ਦੀਆਂ ਪ੍ਰਸਿੱਧ ਖੇਡਾਂ ਰਹੀਆਂ ਹਨ।

## ਪਾਸਾ/ਚੌਂਪੜ

ਵਡੇਰੀ ਉਮਰ ਵਾਲੇ ਆਦਮੀਆਂ ਦੀ ਮਨਭਾਉਂਦੀ ਖੇਡ ਪਾਸਾ ਹੈ ਜੋ ਚੌਂਪੜ ਦੇ ਨਾ ਨਾਲ ਵੀ ਜਾਣੀ ਜਾਂਦੀ ਹੈ। ਮਹਾਂਭਾਰਤ ਵਿਚ ਆਏ ਹਵਾਲੇ (ਪਾਂਡਵ ਚੌਪੜ ਦੀ ਖੇਡ ਰਾਹੀਂ ਜੂਏ ਵਿਚ ਸਾਰਾ ਰਾਜ ਭਾਗ ਹਾਰ ਗਏ ਸਨ) ਤੋਂ ਸਿੱਧ ਹੁੰਦਾ ਹੈ ਕਿ ਇਸ ਖੇਡ ਦਾ ਸਮਾਂ ਕੌਰਵਾਂ-ਪਾਂਡਵਾਂ ਤੋ ਵੀ ਪਹਿਲਾਂ ਦਾ ਹੈ।

ਇਸ ਖੇਡ ਵਿਚ ਵੀ ਬਾਕੀ ਖੇਡਾਂ ਵਾਂਗ ਅਕਾਰ ਬਣਾ ਕੇ ਖੇਡਿਆ ਜਾਂਦਾ ਹੈ ਅਤੇ ਇਸ ਖੇਡ ਦੇ ਨਮੂਨੇ ਦਾ ਅਕਾਰ ਅਕਸਰ ਜ਼ਮੀਨ ਉੱਤੇ ਹੀ ਬਣਾਇਆ ਜਾਂਦਾ ਹੈ। ਇਹ ਖੇਡ ਬਾਅਦ ਵਿੱਚ ਜ਼ਿਆਦਾ ਪ੍ਰਚੱਲਿਤ ਹੋਣ ਕਰਕੇ ਕੱਪੜੇ ਉੱਤੇ ਧਾਗਿਆਂ ਨਾਲ ਲਕੀਰਾਂ ਕੱਢ ਕੇ ਪੱਕੇ ਖ਼ਾਨੇ ਬਣਾ ਕੇ ਖੇਡੀ ਜਾਣ ਲੱਗ ਪਈ।

ਇਸ ਖੇਡ ਵਿਚ ਤਾਸ਼ ਵਾਂਗ ਸਿਰਫ਼ ਕਿਸਮਤ ਉੱਤੇ ਹੀ ਆਸ ਨਹੀਂ ਰੱਖਣੀ ਪੈਂਦੀ ਸਗੋਂ ਸੋਚ ਤੋਂ ਵੀ ਕਾਫ਼ੀ ਕੰਮ ਲੈਣਾ ਪੈਂਦਾ ਹੈ। ਹਰ ਖਿਡਾਰੀ ਦਾ ਇਹ ਯਤਨ ਹੁੰਦਾ ਹੈ ਕਿ ਉਸ ਦੀਆਂ ਸਾਰੀਆਂ ਗੋਟੀਆਂ ਦੂਜੇ ਖਿਡਾਰੀ ਨਾਲੋਂ ਪਹਿਲਾਂ ਪੁੱਗ ਜਾਣ। ਇਸ ਖੇਡ ਰਾਹੀਂ ਨਾ ਕੇਵਲ ਬੁੱਧੀ ਵਿਚ ਹੀ ਵਾਧਾ ਹੁੰਦਾ ਹੈ, ਸਗੋਂ ਚੁਕੰਨਾ ਰਹਿਣ ਦਾ ਅਭਿਆਸ ਵੀ ਹੁੰਦਾ ਹੈ। ਚੌਪੜ ਇੱਕ ਗੁੰਝਲਦਾਰ ਖੇਡ ਹੈ, ਇਸ ਨੂੰ ਪੂਰੀ ਤਰ੍ਹਾਂ ਸਿੱਖਣ ਤੇ ਮੁਹਾਰਤ ਹਾਸਿਲ ਕਰਨ ਲਈ ਕਾਫ਼ੀ ਵਕਤ ਲੱਗਦਾ ਹੈ। ਜਦੋਂ ਖਿਡਾਰੀ ਨੂੰ ਪਾਸਾ/ਚੌਪੜ ਚੰਗੀ ਤਰ੍ਹਾਂ ਖੇਡਣੀ ਆ ਜਾਵੇ ਤਾਂ ਉਹ ਬਹੁਤ ਅਨੰਦ ਮਾਣਦਾ ਹੈ ਤੇ ਉਹਦਾ ਵਿਹਲਾ ਸਮਾਂ ਵੀ ਸੁਹਣਾ ਗੁਜ਼ਰਦਾ ਹੈ।



BSER

ਖੇਡਾਂ ਜੀਵਨ ਦਾ ਮਹੱਤਵਪੂਰਨ ਅੰਗ ਬਣ ਚੁੱਕੀਆਂ ਹਨ। ਖੇਡਾਂ ਨਾਲ ਮਨੁੱਖ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਖੇਡਾਂ ਮਨੁੱਖ ਦਾ ਸ਼ਰੀਰ ਚੁਸਤ, ਫੁਰਤੀਲਾ ਅਤੇ ਤੰਦਰੁਸਤ ਰੱਖਦੀਆਂ ਹਨ। ਕਹਿੰਦੇ ਹਨ ਕਿ 'ਇੱਕ ਤੰਦਰੁਸਤ ਦਿਮਾਗ਼, ਇੱਕ ਤੰਦਰੁਸਤ ਸ਼ਰੀਰ ਵਿਚ ਹੀ ਹੋ ਸਕਦਾ ਹੈ' ਇਹ ਵੀ ਆਮ ਆਖਿਆ ਜਾਂਦਾ ਹੈ, 'ਜੇ ਧਨ ਖੁਸ ਗਿਆ ਤਾਂ ਜਾਣੋਂ ਕੁਝ ਵੀ ਨਹੀਂ ਖੁਸਿਆ, ਪਰੰਤੂ ਜੇ ਸਿਹਤ ਨਿੱਘਰ ਗਈ ਤਾਂ ਸਮਝੋ ਸਭ ਕੁਝ ਚਲਾ ਗਿਆ।'

## ਅਭਿਆਸ-ਪ੍ਰਸ਼ਨ

**ਪ੍ਰਸ਼ਨ 1.** **'ਪਿੱਠੂ' ਦੀ ਖੇਡ ਸਮੱਗਰੀ ਬਾਰੇ ਤੁਸੀਂ ਕੀ ਜਾਣਦੇ ਹੋ ?**

**ਪ੍ਰਸ਼ਨ 2.** **ਸ਼ੇਰ ਬੱਕਰੀ ਖੇਡ ਵਿੱਚ ਸ਼ੇਰ ਬਣੀ ਲੜਕੀ ਕੀ ਕਹਿੰਦੀ ਹੈ ਅਤੇ ਆਜੜੀ ਕੀ ਜਵਾਬ ਦੇਂਦਾ ਹੈ ?**

**ਪ੍ਰਸ਼ਨ 3.** **ਕੋਟਲਾ ਛਪਾਕੀ ਵਿੱਚ ਕਿਹੜਾ ਗੀਤ ਗਾਇਆ ਜਾਂਦਾ ਹੈ ?**

**ਪ੍ਰਸ਼ਨ 4.** **ਲੋਕ ਖੇਡਾਂ ਵਿੱਚ ਆਪਣੀ ਵਾਰੀ ਨਿਰਧਾਰਤ ਕਰਨ ਲਈ ਕੀ ਕੀਤਾ ਜਾਂਦਾ ਹੈ ?**

**ਪ੍ਰਸ਼ਨ 5.** **ਪਾਸਾ/ਚੌਪੜ ਖੇਡ ਦਾ ਸਮਾਂ ਕਦੋਂ ਦਾ ਹੈ, ਸਿੱਧ ਕਰੋ ?**

**ਪ੍ਰਸ਼ਨ 6.** **ਖੇਡਾਂ ਦਾ ਕੀ ਮੱਹਤਵ ਹੈ ?**

**ਪ੍ਰਸ਼ਨ 7.** **ਕੱਬਡੀ ਅਤੇ ਸੌਂਚੀ ਪੱਕੀ ਵਿੱਚ ਕੀ ਅੰਤਰ ਹੈ ?**

BSER

# ਭਾਗ-ਦੂਜਾ

# ਲੋਕ-ਕਹਾਣੀ : ਪਰਿਭਾਸ਼ਾ ਅਤੇ ਰੂਪ

ਲੋਕ-ਕਹਾਣੀ ਕਿਸੇ ਮਨੁੱਖੀ ਸਮੂਹ ਦੇ ਸੱਭਿਆਚਾਰ ਦੀ ਅੰਦਰੂਨੀ ਦਸ਼ਾ ਨੂੰ ਦਰਸਾਉਂਦੀ ਹੈ। ਲੋਕ-ਕਹਾਣੀ ਦੱਸਦੀ ਹੈ ਕਿ ਕਿਸੇ ਸਮਾਜ ਦੇ ਲੋਕਾਂ ਦੀ ਮਾਨਸਿਕਤਾ ਦਾ ਅਸਲੀ ਰੂਪ ਕੀ ਹੈ।

ਪੰਜਾਬੀ ਲੋਕ-ਸਭਿਆਚਾਰ ਵਿੱਚ ਲੋਕ-ਕਹਾਣੀ ਲਈ ਵਧੇਰੇ ਪ੍ਰਚੱਲਿਤ ਸ਼ਬਦ 'ਬਾਤ' ਹੈ। ਪੰਜਾਬੀ ਵਿਅਕਤੀ ਦਾ ਬਚਪਨ ਦਾਦੀ, ਨਾਨੀ ਦੁਆਰਾ ਪਾਈਆਂ (ਸੁਣਾਈਆਂ) ਬਾਤਾਂ ਵਿੱਚ ਗੁਜ਼ਰਦਾ ਹੈ। ਇਹ ਬਾਤਾਂ ਵੱਖ-ਵੱਖ ਰੂਪਾਂ ਵਿੱਚ ਕਹਾਣੀ-ਰਸ ਨਾਲ ਭਰਪੂਰ ਮਨੋਰੰਜਨ ਕਰਦੀਆਂ ਹਨ। ਪਰ, ਇਹਨਾਂ ਵਿੱਚ ਕੇਵਲ ਮਨੋਰੰਜਨ ਹੀ ਨਹੀਂ, ਸਗੋਂ ਨੈਤਿਕ ਉਪਦੇਸ਼, ਕਦਰਾਂ-ਕੀਮਤਾਂ, ਜੀਵਨ ਦਾ ਵਰਤ-ਵਿਹਾਰ, ਅਨੁਭਵ, ਜੀਵਨ ਦੀਆਂ ਹਕੀਕਤਾਂ, ਅਟੱਲ ਸਚਾਈਆਂ, ਇਤਿਹਾਸ, ਮਨੁੱਖੀ ਕਮਜ਼ੋਰੀਆਂ, ਮਨੁੱਖੀ ਰਿਸ਼ਤੇ ਅਤੇ ਪ੍ਰਕਿਰਤੀ ਦੀ ਅਸਲੀਅਤ ਆਦਿ ਬਾਰੇ ਵੀ ਗੱਲ ਕੀਤੀ ਜਾਂਦੀ ਹੈ। ਇੰਜ ਬਾਤ ਲੋਕ-ਗਿਆਨ ਦਾ ਖ਼ਜ਼ਾਨਾ ਹੁੰਦੀ ਹੈ। ਇਸ ਲੋਕ-ਗਿਆਨ ਨੂੰ ਬਿਰਤਾਂਤ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਬਿਰਤਾਂਤ ਕਿਸੇ ਵਾਪਰੀ ਘਟਨਾ ਨੂੰ ਬਿਆਨ ਕਰਨ ਦੀ ਜੁਗਤ ਹੈ।

ਸੋ, ਲੋਕ-ਕਹਾਣੀ ਨੂੰ ਲੋਕ-ਮਨ ਦਾ ਬਿਰਤਾਂਤ ਕਿਹਾ ਜਾ ਸਕਦਾ ਹੈ। ਬਿਰਤਾਂਤ ਹੋਣ ਕਰਕੇ ਹੀ ਇਸ ਵਿੱਚ ਵਕਤਾ (ਕਹਾਣੀ ਸੁਣਾਉਣ ਵਾਲਾ) ਅਤੇ ਸਰੋਤਾ (ਕਹਾਣੀ ਸੁਣਨ ਵਾਲਾ) ਦੀ ਹਾਜ਼ਰੀ ਲਾਜ਼ਮੀ ਹੁੰਦੀ ਹੈ। ਲੋਕ-ਕਹਾਣੀ ਦਾ ਆਨੰਦ ਇਸ ਨੂੰ ਸੁਣਨ ਵਿੱਚ ਲੁਕਿਆ ਹੋਇਆ ਹੈ। ਵਕਤਾ, ਬਾਤਕਾਰ ਦੇ ਰੂਪ ਵਿੱਚ ਸਰੋਤੇ ਦੀ ਹਾਜ਼ਰੀ ਨੂੰ ਪੱਕਿਆਂ ਕਰਨ ਲਈ 'ਹੁੰਗਾਰੇ' ਦੀ ਮੰਗ ਰੱਖਦਾ ਹੈ। ਜਦੋਂ ਬਾਤ ਪਾਈ ਜਾਂਦੀ ਹੈ ਤਾਂ ਸੁਣਨ ਵਾਲਿਆਂ ਵਿੱਚੋਂ ਇੱਕ ਜਣਾ 'ਹੂੰ', 'ਫੇਰ', 'ਅੱਛਾ' ਆਦਿ ਸ਼ਬਦ ਬੋਲ ਕੇ ਸਰੋਤਿਆਂ ਦੀ ਹਾਜ਼ਰੀ ਨੂੰ ਯਕੀਨੀ ਬਣਾਈ ਰੱਖਦਾ ਹੈ। ਇਸ ਤੋਂ ਹੀ ਸਰੋਤੇ ਦੀ ਦਿਲਚਸਪੀ ਦਾ ਪਤਾ ਲੱਗਦਾ ਹੈ। ਇਸੇ ਰੂਪ ਵਿੱਚ ਹੀ ਲੋਕ-ਕਹਾਣੀ ਇੱਕ-ਪਾਸੜ ਬਿਆਨ ਨਾ ਹੋ ਕੇ ਦੁਵੱਲੀ ਖੇਡ ਬਣ ਜਾਂਦੀ ਹੈ। ਲੋਕ-ਕਹਾਣੀ ਸੁਣੀ ਹੀ ਨਹੀਂ ਜਾਂਦੀ, ਸਗੋਂ ਸਰੋਤੇ ਨੂੰ ਕਹਾਣੀ ਦੇ ਬਿਰਤਾਂਤ ਵਿੱਚ ਸ਼ਾਮਲ ਹੋਣਾ ਪੈਂਦਾ ਹੈ। ਅਜਿਹੀ ਸ਼ਮੂਲੀਅਤ ਨਾਲ ਹੀ ਸਰੋਤਾ ਵਿਹਾਰਕ ਗਿਆਨ ਨੂੰ ਗ੍ਰਹਿਣ ਕਰਦਾ ਹੈ।

ਵਿਦਿਆਰਥੀਆਂ ਨੂੰ ਪੰਜਾਬੀ ਲੋਕ-ਕਹਾਣੀਆਂ ਦੇ ਭਰਪੂਰ ਖ਼ਜਾਨੇ ਵਿੱਚੋਂ ਕੁੱਝ ਕੁ ਲੋਕ-ਕਹਾਣੀਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ :-

## 1. ਨੀਤੀ-ਕਥਾਵਾਂ

ਲੋਕ-ਕਥਾਵਾਂ ਦੀਆਂ ਅਨੇਕਾਂ ਵੰਨਗੀਆਂ ਵਿੱਚੋਂ ਨੀਤੀ ਕਥਾਵਾਂ ਦਾ ਵੀ ਵਿਸ਼ੇਸ਼ ਸਥਾਨ ਹੈ। ਇਸ ਵੰਨਗੀ ਦੀਆਂ ਕਹਾਣੀਆਂ ਲਈ 'ਤੰਤਰ-ਕਥਾ' ਸ਼ਬਦ ਵੀ ਵਰਤਿਆ ਜਾਂਦਾ ਰਿਹਾ ਹੈ। ਪ੍ਰਾਚੀਨ ਗ੍ਰੰਥ 'ਪੰਚ-ਤੰਤਰ' ਅਤੇ 'ਹਿਤੋ-ਉਪਦੇਸ਼' ਵਿੱਚ ਅਨੇਕ ਪ੍ਰਕਾਰ ਦੀਆਂ ਨੀਤੀ-ਕਥਾਵਾਂ ਸ਼ਾਮਲ ਹਨ। 'ਕਥਾ ਸਾਹਿਤ ਸਾਗਰ' ਨਾਂ ਦੇ ਗ੍ਰੰਥ ਵਿੱਚੋਂ ਵੀ ਇਸ ਪ੍ਰਕਾਰ ਦੀਆਂ ਕਥਾਵਾਂ ਦੇ ਨਮੂਨੇ ਤਲਾਸ਼ੇ ਜਾ ਸਕਦੇ ਹਨ।

ਨੀਤੀ ਕਥਾਵਾਂ ਦਾ ਸੰਬੰਧ 'ਨੀਤੀ ਵਿੱਦਿਆ' ਨਾਲ ਹੈ। ਨੀਤੀ ਤੋਂ ਭਾਵ ਕੁਝ ਵਿਸ਼ੇਸ਼ ਨੁਕਤੇ,

ਚਾਲਾਂ, ਜੁਗਤਾਂ ਦਾ ਗਿਆਨ। ਇਹ ਉਸ ਕਿਸਮ ਦਾ ਗਿਆਨ ਹੁੰਦਾ ਹੈ ਜੋ ਵਿਵਹਾਰਿਕ ਸੰਕਟ, ਸਮੱਸਿਆ, ਕਠਿਨਾਈ ਮੌਕੇ ਮੱਦਦਗਾਰ ਸਾਬਤ ਹੁੰਦਾ ਹੈ। ਇੰਜ ਉਹ ਕਥਾਵਾਂ ਜਿਨ੍ਹਾਂ ਜ਼ਰੀਏ ਪਾਠਕਾਂ/ ਸਰੋਤਿਆਂ ਨੂੰ ਜੀਵਨ ਵਿੱਚ ਆਉਣ ਵਾਲੀਆਂ ਕਠਿਨਾਈਆਂ, ਮੁਸ਼ਕਿਲਾਂ ਪ੍ਰਤੀ ਕੁਝ ਚਾਲਾਂ, ਜੁਗਤਾਂ, ਨਿਯਮਾਂ ਆਦਿ ਸਮਝਾਉਣ ਦਾ ਸੁਨੇਹਾ ਦਿੱਤਾ ਜਾਵੇ, ਨੀਤੀ-ਕਥਾਵਾਂ ਅਖਵਾਉਦੀਆਂ ਹਨ। ਨੀਤੀ ਸ਼ਾਸਤਰ ਵਿੱਚ ਸਮਾਜ ਤੇ ਰਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਲੇ ਨਿਯਮ ਦਰਜ ਹਨ।

ਨੀਤੀ-ਕਥਾ ਇੱਕ ਪ੍ਰਕਾਰ ਦੀ ਉਪਦੇਸ਼ਨੁਮਾ ਕਥਾ ਹੁੰਦੀ ਹੈ, ਜਿਸ ਵਿੱਚ ਉਪਦੇਸ਼ ਸਿੱਧਾ ਨਹੀਂ ਸਗੋਂ, ਟੇਢੇ ਢੰਗ ਨਾਲ ਦਿੱਤਾ ਜਾਂਦਾ ਹੈ। ਇਸ ਲਈ ਉਤਸੁਕਤਾ ਵੀ ਬਣੀ ਰਹਿੰਦੀ ਹੈ। ਕਹਾਣੀ ਰਸ ਅਤੇ ਮਨੋਰੰਜਨ ਦੇ ਲੱਛਣ ਕਥਾ ਨੂੰ ਹੋਰ ਨਿਖਾਰਦੇ ਹਨ। ਇਸ ਕਥਾ ਵਿੱਚ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਨੂੰ ਨੈਤਿਕ ਸਿੱਖਿਆ ਰਾਹੀਂ ਹੱਲ ਕਰਨ ਦੇ ਢੰਗ / ਤਰੀਕੇ ਦੱਸੇ ਜਾਂਦੇ ਹਨ।

ਨੀਤੀ-ਕਥਾਵਾਂ ਦੇ ਪਾਤਰ ਮਨੁੱਖ, ਪਸ਼ੂ, ਪੰਛੀ, ਜਾਨਵਰ, ਬੇਜਾਨ ਵਸਤਾਂ ਆਦਿ ਹੁੰਦੇ ਹਨ। ਇਹ ਸਾਰੇ ਪਾਤਰ ਮਨੁੱਖਾ ਵਾਂਗ ਹਰਕਤਾਂ ਕਰਦੇ, ਬੋਲਦੇ-ਸੁਣਦੇ ਪ੍ਰਤੀਤ ਹੁੰਦੇ ਹਨ। ਇਹ ਲੜਦੇ-ਝਗੜਦੇ, ਦੋਸਤੀਆਂ-ਦੁਸ਼ਮਣੀਆਂ ਪਾਲਦੇ ਨਜ਼ਰ ਆਉਂਦੇ ਹਨ। ਇਹਨਾਂ ਕਥਾਵਾਂ ਬਾਰੇ ਇਹ ਕਿਆਸ ਕੀਤਾ ਜਾਂਦਾ ਹੈ ਕਿ ਪੁਰਾਤਨ ਸਮੇਂ ਰਾਜੇ ਮਹਾਂਰਾਜਿਆਂ ਦੇ ਰਾਜਕੁਮਾਰਾਂ ਨੂੰ ਰਾਜ-ਘਰਾਣਿਆਂ ਨੂੰ ਚਲਾਉਣ ਦੇ ਢੰਗ ਤਰੀਕੇ ਦੱਸਣ ਲਈ ਇਸ ਪ੍ਰਕਾਰ ਦੀਆਂ ਕਥਾਵਾਂ ਘੜੀਆਂ ਜਾਂਦੀਆਂ ਸਨ। ਇਹਨਾਂ ਕਥਾਵਾਂ ਵਿੱਚ ਮਨੁੱਖੀ ਸੁਭਾਅ ਦੀਆਂ ਬਰੀਕੀਆਂ ਤੋਂ ਜਾਣੂੰ ਕਰਵਾਇਆ ਜਾਂਦਾ ਸੀ। ਜ਼ਿੰਦਗੀ ਦੇ ਵਿਭਿੰਨ ਸੂਤਰ ਸਮਝਾਏ ਜਾਂਦੇ ਸਨ। ਅਜੋਕੇ ਸਮੇਂ ਵਿੱਚ 'ਚਾਣਕਿਆ ਨੀਤੀ' ਬਾਰੇ ਫਿਰ ਤੋਂ ਚਰਚਾ ਦਾ ਸ਼ੁਰੂ ਹੋਣਾ ਇਸ ਦਾ ਪੱਕਾ ਪ੍ਰਮਾਣ ਹੈ ਕਿ ਕਠਿਨਾਈ ਮੌਕੇ ਅਜਿਹੀਆਂ ਨੀਤੀਆਂ ਕਿੰਨ੍ਹੇ ਕੰਮ ਦੀਆਂ ਹੁੰਦੀਆਂ ਹਨ।

ਇਸ ਪ੍ਰਕਾਰ ਦੀਆਂ ਕਥਾਵਾਂ ਵਿੱਚ 'ਨੀਤੀ ਸੂਤਰ' ਸਮਝਾਏ ਜਾਂਦੇ ਹਨ। ਇਹ ਸੂਤਰ ਕਥਾ ਦੇ ਅੰਤ ਤੇ ਸਪਸ਼ਟ ਹੁੰਦੇ ਹਨ, ਪਰ ਕਈ ਵਾਰ ਇਹ ਸੂਤਰ ਕਥਾ ਦੀ ਸ਼ੁਰੂਆਤ ਤੋਂ ਹੀ ਉਘੜਨੇ ਸ਼ੁਰੂ ਹੋ ਜਾਂਦੇ ਹਨ ਤੇ ਹੌਲੀ-ਹੌਲੀ ਸਪਸ਼ਟ ਰੂਪ ਧਾਰ ਲੈਂਦੇ ਹਨ।

ਪੰਜਾਬੀ ਦੀਆਂ ਨੀਤੀ ਕਥਾਵਾਂ ਨੇ ਬਾਲ-ਸਾਹਿਤ ਨੂੰ ਵੀ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨੀਤੀ-ਕਥਾਵਾਂ ਬਾਲ-ਮਨ ਨੂੰ ਵਧੇਰੇ ਟੁੰਬਦੀਆਂ ਹਨ। ਇਹ ਕਥਾਵਾਂ ਮੁੱਢਲੀ ਅਵਸਥਾ ਤੋਂ ਹੀ ਜ਼ਿੰਦਗੀ ਜਿਉਣ ਦੇ ਚੱਜ-ਵਿਵਹਾਰ ਸਿਖਾਉਂਦੀਆਂ ਹਨ।

ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ 'ਚੰਦਰੀ ਸੰਗਤ', 'ਸ਼ੇਰ ਅਤੇ ਬਾਂਦਰ', 'ਟਾਹਲੀ ਮੇਰੇ ਬੱਚੇ', 'ਰਾਜੇ ਦਾ ਕਸੂਰ' ਅਤੇ ਸੱਚ ਦਾ ਨਿਤਾਰਾ ਆਦਿ ਨੀਤੀ-ਕਥਾਵਾਂ ਵੰਨਗੀ ਵੱਜੋਂ ਚੁਣੀਆਂ ਗਈਆਂ ਹਨ :-

## (ੳ) ਚੰਦਰੀ ਸੰਗਤ

ਇੱਕ ਵਾਰ ਦੀ ਗੱਲ ਏ, ਇੱਕ ਦਰੱਖਤ ਤੇ ਕਾਂ ਤੇ ਹੰਸ ਰਿਹਾ ਕਰਦੇ ਸੀ। ਦੋਵਾਂ ਦੇ ਸੁਭਾਅ ਵੱਖ-ਵੱਖ ਸਨ। ਕਾਂ ਦੁਸ਼ਟ ਸੁਭਾਅ ਦਾ ਹੋਣ ਕਰਕੇ ਕਦੇ ਜ਼ਖ਼ਮੀ ਪਸ਼ੂਆਂ ਦੇ ਠੂੰਗਾ ਮਾਰਦਾ ਤੇ ਕਦੇ ਬੱਚਿਆਂ ਹੱਥੋਂ ਚੀਜ ਖੋਹ ਕੇ ਉੱਡ ਜਾਂਦਾ। ਜਦੋਂ ਕਿ ਹੰਸ ਸ਼ਾਂਤ ਸੁਭਾਅ ਦਾ ਸੀ। ਉਹ ਹਮੇਸ਼ਾ ਕਾਂ ਨੂੰ ਨੇਕ ਬਣਨ ਦੀ ਸਲਾਹ ਦਿੰਦਾ ਤੇ ਸਮਝਾਉਂਦਾ "ਬਈ ਕਾਂਵਾਂ ਇੰਜ ਨਾ ਕਰਿਆ ਕਰ।" ਪਰ ਕਾਂ ਕੋਈ ਅਮਲ ਨਾ ਕਰਦਾ। ਇਕਠੇ ਰਹਿਣ ਕਰਕੇ ਦੋਹਾਂ ਦੀ ਦੋਸਤੀ ਸੀ ਇਸ ਕਰਕੇ ਕਾਂ ਦੀਆਂ ਮਾੜੀਆਂ ਹਰਕਤਾਂ ਦੇ

ਬਾਵਜੂਦ ਵੀ ਉਹ ਉਸਨੂੰ ਹਰ ਵਾਰ ਮਾਫ਼ ਕਰ ਦਿੰਦਾ।

ਇੱਕ ਦਿਨ ਕੋਈ ਮੁਸਾਫ਼ਿਰ ਉਸ ਦਰੱਖਤ ਕੋਲੋਂ ਲੰਘਿਆ, ਜਿਸ ਦਰੱਖਤ ਤੇ ਉਹ ਦੋਵੇਂ ਰਹਿੰਦੇ ਸਨ। ਗਰਮੀ ਹੋਣ ਕਰਕੇ ਮੁਸਾਫ਼ਿਰ ਨੇ ਪਲ ਭਰ ਆਰਾਮ ਕਰਨ ਲਈ ਦਰੱਖਤ ਹੇਠ ਸੌਣ ਦਾ ਮਨ ਬਣਾਇਆ। ਠੰਡੀ ਹਵਾ ਚੱਲ ਰਹੀ ਸੀ। ਉਹ ਝਟ ਹੀ ਡੂੰਘੀ ਨੀਂਦਰ ਸੌਂ ਗਿਆ।

ਥੋੜ੍ਹੀ ਦੇਰ ਬਾਅਦ ਰੁੱਖ ਦੀ ਪਰਛਾਈ ਬਦਲਣ ਕਾਰਨ ਮੁਸਾਫ਼ਿਰ ਦੇ ਮੂੰਹ ਤੇ ਧੁੱਪ ਪੈਣ ਲੱਗੀ। ਹੰਸ ਨੇ ਜਿਉਂ ਹੀ ਵੇਖਿਆ ਕਿ ਮੁਸਾਫ਼ਿਰ ਦੇ ਮੂੰਹ ਤੇ ਧੁੱਪ ਪੈ ਰਹੀ ਹੈ ਉਸਨੇ ਮਨ 'ਚ ਸੋਚਿਆ "ਵਿਚਾਰਾ ਧੁੱਪੇ ਸੁੱਤਾ ਪਿਆ ਏ ਕਿਉਂ ਨਾ ਟਹਿਣੀ ਉਹਲੇ ਖੰਭ ਪਸਾਰ ਕੇ ਬੈਠ ਜਾਵਾਂ ਉਹ ਧੁੱਪ ਤੋਂ ਬਚ ਜਾਏਗਾ।" ਉਸਨੇ ਅਜਿਹਾ ਕੀਤਾ ਤੇ ਮੁਸਾਫ਼ਿਰ ਘੂਕ ਸੁੱਤਾ ਰਿਹਾ।

ਕਾਂ, ਹੰਸ ਦਾ ਪਰਉਪਕਾਰੀ ਸੁਭਾਅ ਵੇਖ ਕੇ ਖਿਝਣ ਲੱਗਿਆ ਤੇ ਸ਼ਰਾਰਤਾਂ ਸੋਚਣ ਲੱਗਿਆ। ਉਸਨੇ ਵੇਖਿਆ ਕਿ ਮੁਸਾਫਿਰ ਮੂੰਹ ਅੱਡ ਕੇ ਘੂਕ ਸੁੱਤਾ ਪਿਆ ਹੈ। ਸੋ ਉਸਨੇ ਆਪਣੇ ਦੁਸ਼ਟ ਸੁਭਾਅ ਕਾਰਨ ਮੁਸਾਫ਼ਿਰ ਦੇ ਮੂੰਹ ਵਿੱਚ ਵਿੱਠ ਕਰ ਦਿੱਤੀ ਤੇ ਉੱਡ ਕੇ ਨਾਲ ਦੇ ਦਰੱਖਤ ਤੇ ਜਾ ਬੈਠਾ।

ਮੁਸਾਫ਼ਿਰ ਘਬਰਾ ਕੇ ਜਦੋਂ ਉੱਠਿਆ। ਉਸਨੇ ਮੂੰਹ ਸਾਫ਼ ਕਰਕੇ ਜਦੋਂ ਦਰੱਖਤ ਵੱਲ ਨਿਗ੍ਹਾ ਮਾਰੀ ਤਾਂ ਉਸਨੇ ਦੇਖਿਆ ਕਿ ਹੰਸ, ਦਰੱਖਤ ਤੇ ਬੈਠਾ ਏ। ਮੁਸਾਫ਼ਿਰ ਨੇ ਸਮਝਿਆ ਕਿ ਹੰਸ ਨੇ ਉਸਦੇ ਮੂੰਹ 'ਚ ਵਿੱਠ ਕੀਤੀ ਹੈ। ਉਹਨੇ ਗੁੱਸੇ 'ਚ ਆ ਕੇ ਝਟ ਹੀ ਛੁਰੀ ਨਾਲ ਹੰਸ ਨੂੰ ਫੁੰਡ ਦਿੱਤਾ। ਹੰਸ ਤੜਪ-ਤੜਪ ਕੇ ਥੱਲੇ ਡਿੱਗ ਪਿਆ।

ਕਾਂ ਨਾਲ ਦੇ ਦਰੱਖਤ ਤੇ ਬੈਠਾ ਸਭ ਕੁਝ ਵੇਖਦਿਆਂ ਮੁਸਕਰਾਉਂਦਾ ਰਿਹਾ। ਜਦੋਂ ਮੁਸਾਫ਼ਿਰ ਨੇ ਹੰਸ ਨੂੰ ਫੜਿਆ ਤਾਂ ਉਸ ਦੀਆਂ ਅੱਖਾਂ ਵਿੱਚੋਂ ਨਿਰਦੋਸ਼ਤਾ ਝਲਕਣ ਲੱਗੀ। ਹੰਸ ਦੀਆਂ ਦੋਵੇਂ ਅੱਖਾਂ ਟਿਕਟਿਕੀ ਬੰਨੀ ਦੇਖਦੀਆਂ ਰਹੀਆਂ, ਥੋੜ੍ਹੀ ਦੇਰ ਬਾਅਦ ਉਹ ਹਮੇਸ਼ਾਂ ਲਈ ਬੰਦ ਹੋ ਗਈਆਂ। ਹੰਸ ਦੀ ਤੱਕਣੀ ਵਿੱਚ ਇੱਕ ਸੁਨੇਹਾ ਸੀ:-

"ਭੈੜੀ ਸੰਗਤ ਨੇ ਮੈਨੂੰ ਮਰਵਾ ਦਿੱਤਾ।"

ਕਾਂ ਚੁੱਪ-ਚਾਪ ਵੇਖਦਾ ਰਿਹਾ।

## ਅਭਿਆਸ-ਪ੍ਰਸ਼ਨ

**ਪ੍ਰਸ਼ਨ 1. 'ਚੰਦਰੀ ਸੰਗਤ' ਨੀਤੀ-ਕਥਾ ਦਾ ਸਾਰ ਲਿਖੋ।**

**ਪ੍ਰਸ਼ਨ 2. ਹੰਸ ਨੇ ਕਾਂ ਨੂੰ ਕੀ ਕਿਹਾ ?**

**ਪ੍ਰਸ਼ਨ3. ਮੁਸਾਫ਼ਿਰ ਲਈ ਹੰਸ ਨੇ ਕੀ ਕੀਤਾ ?**

**ਪ੍ਰਸ਼ਨ 4. ਕਾਂ ਦੀ ਕਿਸ ਸ਼ਰਾਰਤ ਕਾਰਨ ਹੰਸ ਨੂੰ ਮੁਸੀਬਤ ਝੱਲਣੀ ਪਈ ?**

**ਪ੍ਰਸ਼ਨ 5. ਕੀ ਹੰਸ ਨਿਰਦੋਸ਼ ਸੀ ? 'ਹਾਂ' ਤਾਂ ਕਿਵੇਂ ?**

**ਪ੍ਰਸ਼ਨ 6. ਇਸ ਨੀਤੀ ਕਥਾ ਵਿੱਚ ਕੀ ਸੁਨੇਹਾ ਦਿੱਤਾ ਗਿਆ ਹੈ ?**

## (ਅ) ਸ਼ੇਰ ਤੇ ਬਾਂਦਰ

ਇੱਕ ਜੰਗਲ ਵਿੱਚ ਸ਼ੇਰ ਰਹਿੰਦਾ ਸੀ। ਜਦੋਂ ਉਹ ਬੁੱਢਾ ਹੋਇਆ ਤਾਂ ਉਸ ਲਈ ਸ਼ਿਕਾਰ ਕਰਨਾ ਮੁਸ਼ਕਿਲ ਹੋ ਗਿਆ। ਭੁੱਖ ਦਾ ਸਤਾਇਆ ਸ਼ੇਰ ਠੱਗੀ ਦੀਆਂ ਤਰਕੀਬਾਂ ਸੋਚਣ ਲੱਗਿਆ। ਸੋ, ਸ਼ੇਰ ਨੇ ਮਹਾਤਮਾ ਦਾ ਰੂਪ ਧਾਰ ਲਿਆ ਤੇ ਦੂਜੇ ਜਾਨਵਰਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਬੋਚ-ਬੋਚ ਕੇ ਜ਼ਮੀਨ ਤੇ ਪੈਰ ਰੱਖਣ ਲੱਗਿਆ।

ਬਾਂਦਰ ਨੇ ਸ਼ੇਰ ਨੂੰ ਜਦੋਂ ਵੇਖਿਆ ਤੇ ਪੁੱਛਣ ਲੱਗਾ ,"ਸ਼ੇਰ ਰਾਜਾ, ਅੱਜ ਕਿਵੇਂ ਜ਼ਮੀਨ ਤੇ ਫੂਕ-ਫੂਕ ਕੇ ਚੱਲਦੇ ਪਏ ਓ ? ਕੀ ਗੱਲ ? ਖੈਰ ਤਾਂ ਹੈ ?"

ਸ਼ੇਰ ਨੇ ਪਿਆਰ ਨਾਲ ਕਿਹਾ :-"ਬੇਟਾ ਮੈਂ ਜੀਵਨ 'ਚ ਕਈ ਪਾਪ ਕੀਤੇ ਨੇ, ਹੁਣ ਬੁੱਢਾ ਹੋਇਆ ਤਾਂ ਪਛਤਾਵਾ ਹੋ ਰਿਹਾ ਹੈ, ਸੋ ਮੈਂ ਜ਼ਮੀਨ ਤੇ ਫੂਕ ਫੂਕ ਕੇ ਪੈਰ ਧਰਦਾ, ਬਈ ਕੋਈ ਜੀਵ-ਜੰਤੂ ਨਾ ਪੈਰ੍ਹ ਥੱਲੇ ਆ ਜਾਏ।"

ਬਾਂਦਰ ਨੇ ਸੋਚਿਆ,"ਵਾਹ ਬਈ। ਆਹ ਤਾਂ ਕਮਾਲ ਹੀ ਹੋ ਗਈ, ਇੱਕ ਜੰਗਲ ਦਾ ਰਾਜਾ ਮਹਾਤਮਾ ਬਣ ਗਿਆ, ਮੈਂ ਤਾਂ ਬੜਾ ਭਾਗਾਂ ਵਾਲਾ ਹਾਂ, ਜਿਹੜਾ ਇਸ ਮਹਾਤਮਾ ਦੇ ਦਰਸ਼ਨ ਕਰ ਰਿਹਾ ਹਾਂ, ਕਿਉਂ ਨਾ ਸ਼ੇਰ ਤੋਂ ਆਸ਼ੀਰਵਾਦ ਹੀ ਲੈ ਲਵਾਂ, ਇਸ ਦੇ ਚਰਨ ਛੂਹ ਕੇ ਆਸ਼ੀਰਵਾਦ ਪ੍ਰਾਪਤ ਕਰਨਾ ਚਾਹੀਦਾ ਹੈ।"

ਬਾਂਦਰ ਨੇ ਝਟ ਹੀ ਦਰੱਖਤ ਤੋਂ ਟਪੂਸੀ ਮਾਰੀ ਤੇ ਥੱਲੇ ਉਤਰ ਕੇ ਸ਼ੇਰ ਤੋਂ ਆਸ਼ੀਰਵਾਦ ਲੈਣ ਲੱਗਾ। ਜਿਉਂ ਹੀ ਬਾਂਦਰ ਸ਼ੇਰ ਦੇ ਪੈਰ੍ਹਾਂ ਨੂੰ ਹੱਥ ਲਾਉਣ ਲੱਗਿਆ, ਸ਼ੇਰ ਨੇ ਮੌਕਾ ਤਾੜ ਕੇ ਬਾਂਦਰ ਨੂੰ ਦਬੋਚ ਲਿਆ।

ਬਾਂਦਰ ਸਮਝ ਗਿਆ ਕਿ ਉਸ ਨਾਲ ਠੱਗੀ ਹੋ ਗਈ। ਉਹ ਮੌਤ ਤੋਂ ਘਬਰਾਇਆ ਨਾ, ਤੇ ਉਸੇ ਸਮੇਂ ਕੋਈ ਜੁਗਤ ਸੋਚਣ ਲੱਗਾ। ਥੋੜ੍ਹੀ ਦੇਰ ਬਾਅਦ ਉਹ ਖਿੜਖਿੜਾ ਕੇ ਹੱਸਣ ਲੱਗਿਆ। ਸ਼ੇਰ ਉਸਨੂੰ ਹੱਸਦਿਆਂ ਵੇਖ ਕੇ ਪਰੇਸ਼ਾਨ ਹੋ ਗਿਆ ਤੇ ਪੁੱਛਣ ਲੱਗਾ, "ਤੂੰ ਮੂਰਖ ਹੈਂ ? ਮੌਤ ਤੇਰੇ ਸਿਰ ਤੇ ਐ, ਫਿਰ ਵੀ ਹੱਸੀ ਜਾਂਦਾ ਹੈ ? ਕੀ ਗੱਲ ?"

ਬਾਂਦਰ ਨੇ ਕਿਹਾ :- ਸ਼ੇਰ ਰਾਜਾ ਜੀ, ਗ੍ਰਹਿਆਂ ਦਾ ਸ਼ੁਭ ਯੋਗ ਚੱਲ ਰਿਹਾ ਹੈ, ਜੋ ਖੁੱਲ ਕੇ ਹੱਸੇਗਾ, ਉਸਨੂੰ ਸਵਰਗ ਦੀ ਪ੍ਰਾਪਤੀ ਹੋਵੇਗੀ। ਮੈਂ ਤਾਂ ਹੱਸਿਆ ਹਾਂ, ਜੇਕਰ ਤੁਸੀਂ ਵੀ ਹੱਸੋਗੇ ਤਾਂ ਤੁਹਾਨੂੰ ਵੀ ਸਵਰਗ ਪ੍ਰਾਪਤ ਹੋਵੇਗਾ।"

ਸ਼ੇਰ ਨੇ ਬਾਂਦਰ ਦੀ ਗੱਲ ਜਿਉਂ ਹੀ ਸੁਣੀ, ਉਸਦੇ ਮਨ ਵਿੱਚ ਵੀ ਸਵਰਗ 'ਚ ਜਾਣ ਦੀ ਲਾਲਸਾ ਜਾਗ ਉੱਠੀ। ਉਹ ਵੀ ਖਿੜਖਿੜਾ ਕੇ ਹੱਸਣ ਲੱਗਿਆ । ਜਿਉਂ ਹੀ ਸ਼ੇਰ ਲੋਟ-ਪੋਟ ਹੱਸਣ ਲੱਗਿਆਂ,



BSEB

ਬਾਂਦਰ ਮੌਕਾ ਤਾੜ ਕੇ ਨੱਸ ਗਿਆ। ਫਿਰ ਸ਼ੇਰ ਸਮਝ ਗਿਆ ਕਿ ਬਾਂਦਰ ਨੇ ਚਾਲ ਚੱਲੀ ਹੈ।

ਸ਼ੇਰ ਸ਼ਰਮਿੰਦਾ ਹੋ ਗਿਆ ਕਿ ਮੈਂ ਵੀ ਚਾਲ ਚੱਲੀ ਸੀ, ਬਾਂਦਰ ਵੀ ਚਾਲ ਚੱਲ ਕੇ ਮੈਨੂੰ ਧੋਖਾ ਦੇ ਗਿਆ।

ਬਾਂਦਰ ਫਿਰ ਦਰੱਖਤ ਤੇ ਚੜ੍ਹ ਗਿਆ। ਉੱਚੀ-ਉੱਚੀ ਰੋਣ ਲੱਗਿਆ। ਸ਼ੇਰ ਨੇ ਬਾਂਦਰ ਨੂੰ ਪੁੱਛਿਆਃ- ਉਇ ਮੂਰਖਾ, ਹੁਣ ਕਿਉਂ ਰੋਂਦਾ ਏ? ਹੁਣ ਤਾਂ ਤੇਰੀ ਜਾਨ ਬਚ ਗਈ, ਤੂੰ ਰੋਈ ਜਾਨਾ ਏ, ਇਹ ਕੀ ਗੱਲ?"

ਬਾਂਦਰ ਰੋਂਦਾਂ ਕਹਿਣ ਲੱਗਿਆ,"ਸ਼ੇਰ ਮਹਾਰਾਜ, ਮੈਂ ਇਸ ਕਰਕੇ ਰੋਂਦਾ ਹਾਂ ਕਿ ਜੇਕਰ ਤੁਹਾਡੇ ਵਰਗੇ ਮਹਾਤਮਾ ਪੈਦਾ ਹੋਣ ਲੱਗ ਪਏ ਤਾਂ ਦੁਨੀਆਂ ਦਾ ਕੀ ਬਣੇਗਾ? ਇਹ ਛੇਤੀ ਹੀ ਗਰਕ ਹੋ ਜਾਵੇਗੀ, ਸਮਝੋ।"

ਬਾਂਦਰ ਦੀ ਗੱਲ ਸੁਣਦਿਆਂ ਹੀ ਸ਼ੇਰ ਹੋਰ ਸ਼ਰਮਿੰਦਾ ਹੋ ਗਿਆ।

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਸ਼ੇਰ ਤੇ ਬਾਂਦਰ' ਨੀਤੀ-ਕਥਾ ਦਾ ਸਾਰ ਲਿਖੋ।

ਪ੍ਰਸ਼ਨ 2. 'ਸ਼ੇਰ ਤੇ ਬਾਂਦਰ' ਨੀਤੀ-ਕਥਾ ਕੀ ਸੁਣੇਹਾ ਦਿੰਦੀ ਹੈ? ।

ਪ੍ਰਸ਼ਨ3. ਬਾਂਦਰ ਨੇ ਸ਼ੇਰ ਨੂੰ ਜਦੋਂ ਜ਼ਮੀਨ ਤੇ ਪੈਰ ਫੂਕ-ਫੂਕ ਰੱਖਦਿਆਂ ਦੇਖਿਆ ਤਾਂ ਕੀ ਕਿਹਾ?

ਪ੍ਰਸ਼ਨ4. ਬਾਂਦਰ ਨੇ ਕੀ ਚਾਲ ਚੱਲੀ?

ਪ੍ਰਸ਼ਨ 5. ਸ਼ੇਰ ਨੇ ਕੀ ਚਾਲ ਚੱਲੀ?

ਪ੍ਰਸ਼ਨ 6. ਬਾਂਦਰ ਨੇ ਸ਼ੇਰ ਨੂੰ ਅੰਤ ਤੇ ਕੀ ਸਮਝਾਇਆ?

BSER

# (ੲ) ਟਾਹਲੀ ਮੇਰੇ ਬੱਚੇ

ਇੱਕ ਵਾਰੀ ਇੱਕ ਚਿੜੀ ਨੇ ਟਾਹਲੀ ਉੱਤੇ ਆਲਣਾ ਪਾ ਕੇ ਕੁਝ ਅੰਡੇ ਦਿੱਤੇ। ਜਦੋਂ ਉਹਨਾਂ ਵਿੱਚੋਂ ਬੱਚੇ ਨਿਕਲੇ ਤਾਂ ਉਹ ਬੜਾ ਖੁਸ਼ ਹੋਈ। ਚਿੜੀ ਜ਼ਿਮੀਂਦਾਰ ਦੇ ਖੇਤੋਂ ਦਾਣਾ ਚੁਗ ਕੇ ਆਪਣਾ ਤੇ ਬੱਚਿਆ ਦਾ ਢਿੱਡ ਭਰਦੀ। ਜ਼ਿਮੀਂਦਾਰ ਜਿਉ ਹੀ ਚਿੜੀ ਨੂੰ ਬਾਜਰੇ ਦੇ ਖੇਤ 'ਚੋਂ ਉਡਾਉਂਦਾ, ਬਾਜਰੇ ਦੇ ਸਿੱਟੇ ਖ਼ਰਾਬ ਹੋ ਜਾਂਦੇ।

ਇਕ ਦਿਨ ਜ਼ਿਮੀਂਦਾਰ ਨੇ ਤਰਕੀਬ ਲੜਾ ਕੇ ਚਿੜੀ ਨੂੰ ਫੜ ਲਿਆ। ਚਿੜੀ ਨੇ ਬੜੇ ਤਰਲੇ ਕੀਤੇ ਕਿ ਮੈਨੂੰ ਛੱਡ ਦੇ। ਪਰ ਜ਼ਿਮੀਂਦਾਰ ਨਾ ਮੰਨਿਆ ਤੇ ਕਹਿਣ ਲੱਗਿਆ ਕਿ ਉਹ ਉਸਨੂੰ( ਚਿੜੀ ) ਰਾਜੇ ਕੋਲ ਕੈਦ ਕਰਵਾ ਕੇ ਛੱਡੇਗਾ। ਜ਼ਿਮੀਂਦਾਰ ਚਿੜੀ ਨੂੰ ਫੜ ਕੇ ਤੁਰ ਪਿਆ। ਰਸਤੇ ਵਿੱਚ ਦੋਹਾਂ ਨੂੰ ਇੱਕ ਘੋੜ ਸਵਾਰ ਮਿਲਿਆ। ਚਿੜੀ ਨੇ ਘੋੜ ਸਵਾਰ ਨੂੰ ਮਿੰਨਤ ਕੀਤੀ ਕਿ ਉਹ ਉਸਨੂੰ ਛੁਡਾ ਦੇਵੇ। ਚਿੜੀ ਕਹਿਣ ਲੱਗੀ :

ਵੇ ਘੋੜੇ ਦੇ, ਅਸਵਾਰਾ, ਲੱਕ ਟੁਣੂੰ ਟੁਣੂੰ
ਟਾਹਲੀ ਮੇਰੇ ਬੱਚੇ, ਲੱਕ ਟੁਣੂੰ ਟੁਣੂੰ
ਝੱਖੜ ਝੁਲੇ ਉਡ ਜਾਣਗੇ, ਲੱਕ ਟੁਣੂੰ ਟੁਣੂੰ
ਮੀਂਹ ਪਿਆ ਮਰ ਜਾਣਗੇ, ਲੱਕ ਟੁਣੂੰ

* * *

ਚਿੜੀ ਆਪਣੇ ਬੱਚਿਆਂ ਲਈ ਫਿਕਰਮੰਦ ਸੀ, ਕਿਉਂਕਿ ਉਹ ਉਹਨਾਂ ਕੋਲ ਪਹੁੰਚਣਾ ਚਾਹੁੰਦੀ ਸੀ। ਪਰ ਜ਼ਿਮੀਂਦਾਰ ਉਸਨੂੰ ਛੱਡਣ ਲਈ ਤਿਆਰ ਨਹੀਂ ਸੀ। ਚਿੜੀ ਕਾਫ਼ੀ ਪਰੇਸ਼ਾਨ ਸੀ। ਚਿੜੀ ਦੀ ਸਥਿਤੀ ਵੇਖ ਘੋੜ ਸਵਾਰ ਨੂੰ ਤਰਸ ਆ ਗਿਆ ਉਹ ਜ਼ਿਮੀਂਦਾਰ ਨੂੰ ਕਹਿਣ ਲੱਗਿਆ; " ਭਰਾਵਾਂ ਮੇਰਾ ਘੋੜਾ ਲੈ ਲੈ ਪਰ ਚਿੜੀ ਨੂੰ ਛੱਡ ਦੇ।" ਪਰ ਜ਼ਿਮੀਂਦਾਰ ਅੜਬ ਸੁਭਾਅ ਦਾ ਸੀ, ਨਾ ਮੰਨਿਆ।

ਥੋੜ੍ਹੀ ਦੂਰ ਹੋਰ ਚੱਲੇ ਤਾਂ ਇੱਕ ਸ਼ਖਸ ਹਾਥੀ ਤੇ ਸਵਾਰ ਮਿਲਿਆ। ਚਿੜੀ ਉਸ ਕੋਲ ਆਪਣਾ ਦੁੱਖੜਾ ਫੋਲਣ ਲੱਗੀ। ਚਿੜੀ ਨੇ ਫਿਰ ਫਰਿਆਦ ਕੀਤੀ :

ਵੇ ਹਾਥੀ ਦੇ ਅਸਵਾਰਾ, ਲੱਕ ਟੁਣੂੰ ਟੁਣੂੰ
ਟਾਹਲੀ ਮੇਰੇ ਬੱਚੇ, ਲੱਕ ਟੁਣੂੰ ਟੁਣੂੰ
ਝੱਖੜ ਝੁੱਲੇ ਉੱਡ ਜਾਣਗੇ, ਲੱਕ ਟੁਣੂੰ ਟੁਣੂੰ
ਮੀਂਹ ਪਿਆ ਮਰ ਜਾਣਗੇ , ਲੱਕ ਟੁਣੂੰ ਟੁਣੂੰ

* * *

ਚਿੜੀ ਦੀ ਤਰਸਯੋਗ ਹਾਲਤ ਵੇਖ ਕੇ ਹਾਥੀ ਸਵਾਰ ਨੇ ਵੀ ਜਿਮੀਂਦਾਰ ਨੂੰ ਕਿਹਾ ਕਿ "ਵੇ

ਭਾਈ ਮੇਰਾ ਹਾਥੀ ਲੈ ਲੈ ਚਿੜੀ ਨੂੰ ਛੱਡ ਦੇ।" ਪਰ ਜਿਮੀਂਦਾਰ ਫਿਰ ਨਾ ਮੰਨਿਆ। ਆਖਿਰ ਜਿਮੀਂਦਾਰ ਨੇ ਚਿੜੀ ਨੂੰ ਧਮਕੀ ਦਿੱਤੀ ਕਿ ਜੇਕਰ ਤੂੰ ਹੁਣ ਫਰਿਆਦ ਕੀਤੀ ਤਾਂ ਮੈਂ ਤੈਨੂੰ ਜਾਨੋਂ ਮਾਰ ਦੇਵਾਂਗਾ।

ਚਿੜੀ ਵਿਚਾਰੀ ਚੁੱਪ ਹੋ ਗਈ ।

ਜਦੋਂ ਉਹ ਦੋਵੇਂ ਰਾਜੇ ਦੇ ਦਰਬਾਰ ਪਹੁੰਚੇ ਤਾਂ ਜਿਮੀਂਦਾਰ ਨੇ ਚਿੜੀ ਵਿਰੁੱਧ ਸਿਕਾਇਤ ਕੀਤੀ। ਰਾਜੇ ਨੇ ਜਿਉਂ ਹੀ ਚਿੜੀ ਤੋਂ ਜਵਾਬ ਮੰਗਿਆ ਚਿੜੀ ਕਹਿਣ ਲੱਗੀ : ਰਾਜਾ ਜੀ ਮੈਂ ਕਾਫ਼ੀ ਸਮੇਂ ਤੋਂ ਇਸ ਖੇਤ ਵਿੱਚ ਰਹਿ ਰਹੀਂ ਹਾ। ਮੈਂ ਇਸ ਖੇਤ ਦੇ ਕੀੜੇ ਮਾਰ ਕੇ ਖੇਤ ਨੂੰ ਬਰਬਾਦ ਹੋਣ ਤੋਂ ਬਚਾਉਂਦੀ ਹਾਂ, ਆਪਣਾ ਢਿੱਡ ਭਰਦੀ ਹਾਂ, ਮੇਰੀਆਂ ਪੁਸ਼ਤਾਂ ਇਸ ਖੇਤ ਵਿੱਚ ਹੀ ਵੱਸਦੀਆਂ ਰਹੀਆਂ ਹਨ। ਮੇਰਾ ਕੋਈ ਕਸੂਰ ਨਹੀਂ ਹੈ। ਰਾਜਾ ਚਿੜੀ ਦੀ ਗੱਲ ਸੁਣ ਕੇ ਖੁਸ਼ ਹੋਇਆ ਤੇ ਨੌਕਰਾਂ ਨੂੰ ਹੁਕਮ ਦਿੱਤਾ : "ਚਿੜੀ ਨੂੰ ਚਾਂਦੀ ਦੇ ਘੁਗਰੂੰ ਬਣਵਾ ਕੇ ਪਹਿਨਾ ਦਿਉ ਤੇ ਖੁੱਲ੍ਹਾ ਛੱਡ ਦਿਉ।" ਨਾਲ ਹੀ ਹੁਕਮ ਦਿੱਤਾ ਕਿ "ਜਿਮੀਂਦਾਰ ਨੂੰ ਕੈਦ ਕਰ ਲਿਆ ਜਾਵੇ ਕਿਉਂਕਿ ਉਸਨੇ ਚਿੜੀ ਨੂੰ ਨਜਾਇਜ ਤੰਗ ਕੀਤਾ ਤੇ ਉਸਦਾ ਦਿਲ ਦੁਖਾਇਆ ਹੈ।" ਜਿਉਂ ਹੀ ਜਿਮੀਂਦਾਰ ਨੂੰ ਹਵਾਲਾਤ ਵਿੱਚ ਕੀਤਾ ਗਿਆ। ਚਿੜੀ ਗੁਣਗੁਣਾਉਣ ਲੱਗੀ :

ਮੇਰੇ ਪੈਰੀ ਚਾਂਦੀ ਦੇ ਘੁਗਰੂੰ ,ਲੱਕ ਟੁਣੂੰ ਟੁਣੂੰ
ਤੇਰੇ ਪੈਰੀ ਰੱਸੇ,ਲੱਕ ਟੁਣੂੰ ਟੁਣੂੰ

* * *

ਚਿੜੀ ਖੁਸ਼ੀ-ਖੁਸ਼ੀ ਉੱਡ ਗਈ ਤੇ ਜਾ ਕੇ ਬੱਚਿਆਂ ਕੋਲ ਰਹਿਣ ਲੱਗੀ।

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਜਿਮੀਂਦਾਰ ਦੇ ਖੇਤ ਵਿੱਚ ਕਿਹੜੀ ਫਸਲ ਬੀਜੀ ਹੋਈ ਸੀ ?

ਪ੍ਰਸ਼ਨ 2. ਚਿੜੀ ਨੇ ਘੋੜ ਸਵਾਰ ਕੋਲ ਕੀ ਫਰਿਆਦ ਕੀਤੀ ?

ਪ੍ਰਸ਼ਨ 3. ਘੋੜ ਸਵਾਰ ਨੇ ਜਿਮੀਂਦਾਰ ਨੂੰ ਕੀ ਕਿਹਾ ?

ਪ੍ਰਸ਼ਨ 4. ਚਿੜੀ ਨੇ ਹਾਥੀ ਸਵਾਰ ਕੋਲ ਕੀ ਫਰਿਆਦ ਕੀਤੀ ?

ਪ੍ਰਸ਼ਨ 5. ਚਿੜੀ ਦੇ ਵਾਰ-ਵਾਰ ਫਰਿਆਦ ਕਰਨ ਤੇ ਜਿਮੀਂਦਾਰ ਨੇ ਕੀ ਧਮਕੀ ਦਿੱਤੀ ?

ਪ੍ਰਸ਼ਨ 6. ਰਾਜੇ ਕੋਲ ਚਿੜੀ ਨੇ ਕੀ ਦੱਸਿਆ ?

ਪ੍ਰਸ਼ਨ 7. ਰਾਜੇ ਨੇ ਚਿੜੀ ਦੀ ਕੀ ਮੱਦਦ ਕੀਤੀ ?

ਪ੍ਰਸ਼ਨ 8. ਟਾਹਲੀ ਮੇਰੇ ਬੱਚੜੇ ਨੀਤੀ-ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।



BSEP

## (ਸ) ਰਾਜੇ ਦਾ ਕਸੂਰ

ਬੜੀ ਪੁਰਾਣੀ ਗੱਲ ਹੈ ਕਿ ਇੱਕ ਰਾਜਾ ਨੇਕੀ ਦੇ ਕੰਮ ਛੱਡ ਬਦੀ ਦੇ ਕੰਮ ਕਰਨ ਲੱਗ ਪਿਆ। ਐਸ਼-ਪ੍ਰਸਤ ਜੀਵਨ ਵਿੱਚ ਐਨਾ ਵਿਅਸਤ ਰਹਿਣ ਲੱਗਿਆ ਕਿ ਪਰਜਾ ਦਾ ਧਿਆਨ ਹੀ ਭੁੱਲ ਗਿਆ। ਰਾਜੇ ਦੇ ਕਾਰ-ਵਿਹਾਰ ਨੂੰ ਦੇਖ ਕੇ ਅਮੀਰਜਾਦੇ ਤੇ ਵਜ਼ੀਰ ਕਿਸਮ ਦੇ ਲੋਕ ਵੀ ਮਨ-ਮਾਨੀਆ ਕਰਨ ਲੱਗ ਪਏ। ਸਾਰਾ ਤਾਣਾ-ਬਾਣਾ ਹਿੱਲ ਗਿਆ। ਅਮੀਰ-ਗਰੀਬ ਦਾ ਪਾੜਾ ਵੱਧਣ ਲੱਗਿਆ। ਗਰੀਬ ਡਰਦੇ ਮਾਰੇ ਘਰਾਂ ਵਿੱਚ ਹੀ ਰਹਿਣ ਲੱਗੇ। ਚੋਰਾਂ ਨੇ ਖੁੱਲ ਕੇ ਚੋਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇੱਕ ਰਾਤ ਰਾਜੇ ਨੂੰ ਸੁਪਨਾ ਆਇਆ ਕਿ ਕੋਈ ਦੇਵਤਾ ਉਸਨੂੰ ਨਸੀਹਤ ਦੇ ਰਿਹਾ ਕਿ ਤੇਰੇ ਰਾਜ ਵਿੱਚ ਸਾਰੀ ਪਰਜਾ ਵਿੱਚ ਹਾਹਾਕਾਰ ਮੱਚੀ ਹੋਈ ਹੈ ਤੇ ਤੂੰ ਬੇਫਿਕਰ ਸੁੱਤਾ ਪਿਆ ਹੈ। ਰਾਜੇ ਵਾਲੇ ਕਰੱਤਵ ਨਹੀਂ ਨਿਭਾ ਰਿਹਾ। ਇਸ ਲਈ ਤੈਨੂੰ ਨਰਕ ਵਿੱਚ ਭੇਜਿਆ ਜਾਵੇਗਾ। ਰਾਜਾ ਸੁਪਨੇ ਤੋਂ ਡਰ ਗਿਆ।

ਜਦੋਂ ਰਾਜਾ ਡਰ ਗਿਆ ਤਾਂ ਉਸਨੇ ਇੱਕ ਤਰਕੀਬ ਲੜਾਈ ਤੇ ਭੇਸ ਵਟਾ ਕੇ ਪਰਜਾ ਦਾ ਹਾਲ-ਚਾਲ ਪੁੱਛਣ ਚਲਾ ਗਿਆ।

ਸ਼ਹਿਰ ਤੋਂ ਬਾਹਰ ਜਦੋਂ ਨਿਕਲਿਆ ਤਾਂ ਇੱਕ ਕਿਸਾਨ ਬਲਦਾਂ ਨਾਲ ਖੇਤ ਜੋਤ ਰਿਹਾ ਸੀ। ਅਚਾਨਕ ਬਲਦ ਡਿੱਗ ਪਿਆ ਤੇ ਕਿਸਾਨ ਰਾਜੇ ਨੂੰ ਗਾਲ੍ਹਾਂ ਕੱਢਣ ਲੱਗ ਪਿਆ : "ਇਸ ਇਲਾਕੇ ਦੇ ਰਾਜੇ ਨੂੰ ਤਲਵਾਰ ਨਾਲ ਵੱਢ ਦੇਣਾ ਚਾਹੀਦਾ, ਮੇਰੇ ਬਲਦ ਵਾਗੂੰ ਉਹ ਵੀ ਡਿੱਗੇ ਫਿਰ ਉਹ ਨੂੰ ਪਤਾ ਚੱਲੇ।" ਰਾਜੇ ਨੇ ਆਪਣੇ ਵਜ਼ੀਰ ਨੂੰ ਇਸ਼ਾਰੇ ਨਾਲ ਕਿਹਾ ਕਿ ਉਹ ਕਿਸਾਨ ਨੂੰ ਪੁੱਛੇ ਕਿ ਰਾਜੇ ਦਾ ਕੀ ਕਸੂਰ ਹੈ? ਕਿਸਾਨ ਉਸਨੂੰ ਕਿਉਂ ਗਾਲ੍ਹਾਂ ਕੱਢਦਾ ਹੈ?

ਜਦੋਂ ਵਜ਼ੀਰ ਨੇ ਕਿਸਾਨ ਨੂੰ ਪੁੱਛਿਆ :-"ਬਈ ਭਲੇ ਮਾਣਸਾ ਬਲਦ ਤੇਰਾ ਡਿੱਗਿਆ ਗਾਲ੍ਹਾਂ ਤੂੰ ਰਾਜੇ ਨੂੰ ਕੱਢੀ ਜਾਨਾ ਐ? ਕੀ ਗੱਲ? ਰਾਜੇ ਦਾ ਕੀ ਕਸੂਰ ?" ਕਿਸਾਨ ਕਹਿਣ ਲੱਗਿਆ :- "ਜੇ ਰਾਜੇ ਦਾ ਨਹੀਂ ਤਾਂ ਹੋਰ ਕਿਸਦਾ ਹੈ? ਜੇ ਰਾਜਾ ਚੱਜ ਦਾ ਹੁੰਦਾ ਤਾਂ ਮੈ ਬੇਫਿਕਰ ਹੋ ਕੇ ਖੇਤੀ ਕਰਦਾ, ਹੁਣ ਮੈਨੂੰ ਘਰ-ਬਾਰ ਦਾ ਡਰ ਵੀ ਲੱਗਾ ਰਹਿੰਦਾ ਹੈ ਕਿ ਮਗਰੋ ਕਿਤੇ ਚੋਰੀ ਹੀ ਨਾਂ ਹੋ ਜਾਏ। ਘਰੇ ਮੇਰੀ ਧੀ ਜਵਾਨ ਹੈ? ਅਜੇ ਕੱਲ੍ਹ ਦੀ ਹੀ ਗੱਲ ਹੈ ਉਹ ਵਿਚਾਰੀ ਮੇਰੀ ਰੋਟੀ ਦੇਣ ਆਈ ਮੁਸ਼ਟੰਡੇ ਉਸਨੂੰ ਤੰਗ ਕਰਨ ਲੱਗੇ। ਦੱਸ ਜੇ ਮਨ ਵਿੱਚ ਡਰ ਹੋਵੇ ਤਾਂ ਬੰਦਾ ਖੇਤੀ ਕਿਵੇਂ ਕਰ ਲਊ।"

ਕਿਸਾਨ ਦੀਆਂ ਗੱਲਾਂ ਸੁਣ ਕੇ ਰਾਜਾ ਵੀ ਪਰੇਸ਼ਾਨ ਹੋ ਗਿਆ। ਥੋੜੀ ਦੂਰ ਹੀ ਚੱਲੇ ਸੀ ਕਿ ਰਸਤੇ ਵਿੱਚ ਇੱਕ ਬੁੱਢੀ ਮਾਈ ਦਰੱਖ਼ਤ ਤੋਂ ਫਲ਼ ਤੋੜ ਰਹੀ ਸੀ ਤੇ ਅਚਾਨਕ ਦਰੱਖਤ ਤੋਂ ਡਿੱਗ ਪਈ। ਡਿੱਗਦਿਆਂ ਹੀ ਰਾਜੇ ਨੂੰ ਗਾਲ੍ਹਾਂ ਕੱਢਣ ਲੱਗੀ : "ਇਹੋ ਜਿਹਾ ਰਾਜਾ ਮਰ ਹੀ ਕਿਉਂ ਨਹੀਂ ਜਾਂਦਾ, ਜੇ ਰਾਜ ਕਰਨਾ ਨਹੀਂ ਆਉਂਦਾ ਤਾਂ ਦੇਸ ਛੱਡ ਕੇ ਹੋਰ ਕਿਤੇ ਚਲਾ ਜਾਵੇ। ਟੁੱਟ ਜਾਣਾ ਮਰ ਜਾਣਾ।"

BSER

ਰਾਜੇ ਨੇ ਫਿਰ ਵਜ਼ੀਰ ਨੂੰ ਕਿਹਾ ਕਿ ਉਸ ਨੂੰ ਪੁੱਛੇ ਕਿ ਰਾਜੇ ਦਾ ਕੀ ਕਸੂਰ ਹੈ ? ਵਜ਼ੀਰ ਨੇ ਹੁਕਮ ਦੀ ਪਾਲਣਾ ਕਰਦਿਆਂ ਬੁੱਢੀ ਔਰਤ ਨੂੰ ਪੁੱਛਿਆ : "ਮਾਈ ਡਿੱਗੀ ਤੂੰ ਆਪ ਐ, ਗਾਲ੍ਹਾਂ ਰਾਜੇ ਨੂੰ ਕੱਢੀ ਜਾਂਦੀ ਐ। ਕਿਉਂ ? ਉਹਦਾ ਕੀ ਕਸੂਰ ਵਿਚਾਰੇ ਦਾ।" ਬੁੱਢੀ ਵਜ਼ੀਰ ਦੀ ਗੱਲ ਸੁਣ ਕੇ ਗੁੱਸੇ 'ਚ ਆ ਗਈ ਤੇ ਬੋਲੀ :"ਜੇ ਇਹੋ ਜਿਹੇ ਰਾਜ ਵਿੱਚ ਬੁੱਢੇ ਕੰਮ ਕਰਨਗੇ ਤਾਂ ਇਹੋ ਹੀ ਹਾਲ ਹੋਊ, ਪੁਰਾਣੇ ਰਾਜੇ ਘੱਟੋ ਘੱਟ ਬਜ਼ੁਰਗਾਂ ਦਾ ਖਿਆਲ ਤਾਂ ਰੱਖਦੇ ਸੀ, ਇਹ ਵੇਖ ਲਓ ਬੇਅਕਲਾ ਜਿਸਨੂੰ ਫਿਕਰ ਹੀ ਨਹੀਂ। ਪੁੱਤ ਮੈਂ ਢਿੱਡ ਵੀ ਭਰਨਾ ਐ, ਕੁਝ ਤਾਂ ਕਰਨਾ ਪਊ ਖਾਣ ਲਈ। ਜੇ ਰਾਜਾ ਸਿਆਣਾ ਹੁੰਦਾ ਮੈਨੂੰ ਘਰੇ ਬੈਠੀ ਨੂੰ ਹੀ ਕੁਝ ਖਾਣ ਨੂੰ ਮਿਲ ਜਾਂਦਾ। ਹੁਣ ਦਸ ਭਲਾਂ...।

ਬੁੱਢੀ ਦੀ ਗੱਲਾਂ ਸੁਣ ਦੋਵੇ ਸ਼ਰਮਸਾਰ ਹੋਏ। ਅਜੇ ਥੋੜੀ ਦੂਰ ਹੀ ਚੱਲੇ ਸੀ ਕਿ ਇੱਕ ਬੁੱਢੇ ਦੇ ਪੈਰ ਵਿੱਚ ਕੰਡਾ ਚੁਭਿਆ ਮਿਲਿਆ। ਉਹ ਵੀ ਰਾਜੇ ਨੂੰ ਗਾਲ੍ਹਾਂ ਕੱਢ ਰਿਹਾ ਸੀ : "ਰੱਬਾ ਜਿਵੇਂ ਮੇਰੇ ਪੈਰ 'ਚ ਕੰਡਾ ਵੱਜਿਆ ਰਾਜੇ ਦੇ ਵੀ ਵੱਜੇ। ਉਹਦੇ ਕਾਲਜੇ ਵਿੱਚ ਵੀ ਕਿਸੇ ਦਾ ਸਲ੍ਹ ਚੁੱਭੇ।"

ਰਾਜੇ ਨੇ ਫਿਰ ਵਜ਼ੀਰ ਨੂੰ ਕਿਹਾ ਕਿ ਉਹ ਪੁੱਛੇ ਕਿ ਬੁੱਢਾ ਦੁਖੀ ਕਿਉਂ ਹੈ ਤੇ ਰਾਜੇ ਨੂੰ ਕਿਉਂ ਕੋਸਦਾ ਹੈ ? ਵਜ਼ੀਰ ਨੇ ਫਿਰ ਹੁਕਮ ਮੰਨਦਿਆ ਬੁੱਢੇ ਨੂੰ ਪੁੱਛਿਆ : "ਬਾਬਾ ਕੰਡਾ ਤੇਰੇ ਨੰਗੇ ਪੈਰਾ ਵਿੱਚ ਵੱਜਿਆ, ਗਾਲ੍ਹਾਂ ਤੂੰ ਰਾਜੇ ਨੂੰ ਕੱਢੀ ਜਾਂਦਾ ਐਂ ਕਿਉਂ ?"

ਬੁੱਢਾ ਸੁਣਦਿਆ ਹੀ ਭੜਕ ਪਿਆ :"ਕਲਹਿਣੇ ਦੁਸ਼ਟ ਤੈਨੂੰ ਦਿਖਦਾ ਨਹੀਂ, ਜਿਵੇਂ ਆਇਐ ਮੁੜ ਜਾ ਵਾਪਿਸ, ਇਹ ਰਾਜੇ ਦੇ ਮੰਦੇ ਕਰਮ ਨੇ। ਨਾ ਉਹਨੂੰ ਰਾਜ ਦਾ ਖਿਆਲ, ਨਾ ਪਰਜਾ ਦਾ ਧਿਆਨ, ਲੋਕਾਂ ਨੂੰ ਕੋਈ ਸੁੱਖ ਨਹੀਂ। ਜੇ ਆਹ ਸੜਕ ਸਾਫ ਹੁੰਦੀ ਮੇਰੇ ਕੰਡਾ ਕਿਉਂ ਵੱਜਦਾ। ਆਹ ਕੰਡਾ ਤਾਂ ਵੱਜਿਆ ਲੋਕ ਡਰ ਦੇ ਮਾਰੇ ਆਪਣੇ ਘਰਾਂ ਨੂੰ ਵੀ ਹੁਣ ਕੰਡਿਆ ਦੀ ਵਾੜ ਨਾਲ ਢੱਕ ਕੇ ਰੱਖਦੇ ਹਨ, ਬਈ, ਲੁੱਟ ਖੋਹ ਤੋਂ ਬਚਿਆ ਜਾਵੇ। ਜੇ ਘਰਾਂ ਨੂੰ ਹੀ ਵਾੜ ਕਰਨੀ ਪਊ ਤਾਂ ਇਹੋ ਜਿਹੇ ਰਾਜ ਦਾ ਕੀ ਫਾਇਦਾ ?"

ਬੁੱਢੇ ਦਾ ਉੱਤਰ ਸੁਣ ਕੇ ਰਾਜੇ ਤੇ ਵਜ਼ੀਰ ਨੇ ਸਿਰ ਝੁਕਾ ਲਿਆ।

ਜਾਂਦਿਆ ਜਾਂਦਿਆ ਰਸਤੇ ਵਿੱਚ ਇੱਕ ਤਲਾਬ ਆਇਆ, ਉਸ ਤਲਾਬ ਵਿੱਚ ਸਿਰਫ ਡੱਡੂ ਜੋਗੀ ਹੀ ਥਾਂ ਸੀ। ਡੱਡੂ ਉੱਚੀ ਉੱਚੀ ਗੜੈਂ ਗੜੈਂ ਕਰਦਾ ਰੋ ਰਿਹਾ ਸੀ ਨਾਲ ਰਾਜੇ ਨੂੰ ਗਾਲਾਂ ਕੱਢ ਰਿਹਾ ਸੀ, "ਇਸ ਰਾਜੇ ਦਾ ਮਰਨਾ ਕਦੋਂ ਹੋਵੇਗਾ, ਜਿਸ ਦੇ ਰਾਜ ਵਿੱਚ ਜੀਵ-ਜੰਤੂ ਹੀ ਖੁਸ਼ ਨਾ ਹੋਣ ਉਹ ਕਿਹੋ ਜਿਹਾ ਰਾਜ ਭਲਾਂ ?"

ਰਾਜੇ ਨੇ ਫਿਰ ਵਜ਼ੀਰ ਨੂੰ ਕਿਹਾ ਕਿ ਉਹ ਡੱਡੂ ਦੀ ਤਕਲੀਫ ਸੁਣੇ। ਉਸਨੇ ਫਿਰ ਆਦੇਸ਼ ਦੀ ਪਾਲਣਾ ਕੀਤੀ ਤੇ ਡੱਡੂ ਨੂੰ ਪੁੱਛਿਆ , "ਭਾਈ ਤੂੰ ਕਿਉਂ ਦੁਖੀ ਐ ?" ਡੱਡੂ ਕਹਿਣ ਲੱਗਿਆ , " ਮੈਂ ਤਾਂ ਕਹਿੰਨਾਂ ਜਿਵੇਂ ਮੈਨੂੰ ਗਿਰਝ ਨੋਚ-ਨੋਚ ਖਾ ਰਹੀ ਹੈ, ਰਾਜੇ ਨੂੰ ਵੀ ਚੋਰ ਨੋਚ-ਨੋਚ ਕੇ ਖਾ ਜਾਣ। ਰਾਜੇ ਨੂੰ ਪਤਾ ਨਹੀਂ ਕੇ ਜੇ ਜੀਵ ਜੰਤੂ ਮਰ ਗਏ ਫਿਰ ਵਾਤਾਵਰਨ ਦਾ ਕੀ ਬਣੂੰਗਾ। ਰਾਜਾ ਬੇਅਕਲ ਹੈ ? ਉਸਨੂੰ ਵਾਤਾਵਰਨ ਦੀ ਫਿਕਰ ਹੀ ਨਹੀਂ।"



BSER

ਰਾਜਾ ਤੇ ਵਜ਼ੀਰ ਇੱਕੋ ਦਿਨ 'ਚ ਹੀ ਇਨੀਆ ਘਟਨਾਵਾਂ ਵੇਖ ਕੇ ਭੈ ਭੀਤ ਹੋ ਗਏ ਕਿ ਉਹਨਾਂ ਦੇ ਰਾਜ ਵਿੱਚ ਕੋਈ ਵੀ ਖੁਸ਼ ਨਹੀਂ। ਰਾਜੇ ਨੇ ਘਰ ਪਹੁੰਚ ਕੇ ਸਾਰੇ ਦਰਬਾਰੀ ਵਜ਼ੀਰ ਆਦਿ ਇੱਕਠੇ ਕੀਤੇ ਤੇ ਆਪਣੀ ਲਾਪਰਵਾਹੀ ਤੇ ਪਸ਼ਤਾਚਾਪ ਕੀਤਾ। ਸਾਰਿਆ ਨੇ ਮਾਫ਼ੀ ਮੰਗੀ ਤੇ ਅਗਾਂਹੂ ਚੰਗੇ ਤਰੀਕੇ ਨਾਲ ਕੰਮ ਕਰਨ ਦਾ ਪ੍ਰਣ ਲਿਆ।

ਬਸ ਫਿਰ ਕੀ ਸੀ , ਰਾਜੇ ਦੇ ਕਾਰ-ਵਿਹਾਰ 'ਚ ਸੁਧਾਰ ਆ ਗਿਆ। ਸਾਰੇ ਤਨ ਦੇਹੀ ਨਾਲ ਕੰਮ ਕਰਨ ਲੱਗੇ। ਰਾਜ ਵੀ ਖੁਸ਼ਹਾਲ ਹੋ ਗਿਆ ਤੇ ਪਰਜਾ ਵੀ ਖੁਸ਼ੀ ਖੁਸ਼ੀ ਵਸਣ ਲੱਗੀ।

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਰਾਜੇ ਦੀ ਪਰਜਾ ਖੁਸ਼ ਕਿਉਂ ਨਹੀਂ ਸੀ ?

ਪ੍ਰਸ਼ਨ 2. ਰਾਜੇ ਨੂੰ ਰਸਤੇ ਵਿੱਚ ਕੌਣ-ਕੌਣ ਮਿਲਿਆ ?

ਪ੍ਰਸ਼ਨ 3. ਕਿਸਾਨ ਨੇ ਰਾਜੇ ਦੀ ਪਰਜਾ ਬਾਰੇ ਕੀ ਕਿਹਾ ?

ਪ੍ਰਸ਼ਨ 4. ਬੁੱਢੀ ਔਰਤ ਨੇ ਰਾਜੇ ਨੂੰ ਕਿਉਂ ਗਾਲ੍ਹਾਂ ਕੱਢਿਆਂ ?

ਪ੍ਰਸ਼ਨ 5. ਡੱਡੂ ਨੇ ਰਾਜੇ ਬਾਰੇ ਵਜ਼ੀਰ ਨੂੰ ਕੀ ਦੱਸਿਆ ?

ਪ੍ਰਸ਼ਨ 6. ਰਾਜੇ ਨੇ ਭੇਸ ਵਟਾ ਕੇ ਕੀ ਭੇਤ ਜਾਣਿਆ ?

ਪ੍ਰਸ਼ਨ 7. ਰਾਜੇ ਨੇ ਦਰਬਾਰ 'ਚ ਆ ਕੇ ਕੀ ਨਿਰਦੇਸ਼ ਦਿੱਤਾ ?

ਪ੍ਰਸ਼ਨ 8. ਰਾਜੇ ਦਾ ਕਸੂਰ ਨੀਤੀ ਕਥਾ ਦਾ ਉਦੇਸ਼ ਕੀ ਹੈ ?

ਪ੍ਰਸ਼ਨ 9. ਰਾਜੇ ਦਾ ਕਸੂਰ ਨੀਤੀ ਕਥਾ ਦਾ ਸਾਰ ਲਿਖੋ।

BSER

## (ਹ) ਸੱਚ ਦਾ ਨਿਤਾਰਾ

ਇੱਕ ਵਾਰ ਦੀ ਗੱਲ ਹੈ, ਬਾਗ਼ਬਾਨਪੁਰੇ (ਲਾਹੌਰ ਨਜ਼ਦੀਕ) ਇੱਕ ਹਲਵਾਈ ਰਹਿੰਦਾ ਸੀ, ਉਹ ਬੜੀ ਵਧੀਆ ਮਠਿਆਈ ਬਣਾਉਂਦਾ ਸੀ। ਉਸ ਦੁਆਰਾ ਬਣਾਈ ਮਠਿਆਈ ਦੀ ਚਰਚਾ ਐਨੀ ਸੀ ਕਿ ਆਸ ਪਾਸ ਦੇ ਲੋਕ ਉਸ ਕੋਲੋਂ ਮਠਿਆਈ ਖਰੀਦਣ ਆਉਂਦੇ ਸਨ। ਸ਼ਾਮ ਤੱਕ ਮਿਹਨਤ ਕਰਕੇ ਉਹ ਚੋਖੇ ਪੈਸੇ ਵੱਟ ਲੈਂਦਾ ਤੇ ਥੈਲੀ ਭਰ ਕੇ ਘਰ ਲੈ ਜਾਂਦਾ।

ਇੱਕ ਦਿਨ ਸਵੇਰੇ ਸਵੇਰੇ ਜਦ ਉਸਨੇ ਦੁਕਾਨ ਖੋਲੀ ਤਾਂ ਦੋ ਫਕੀਰ ਕਿਸਮ ਦੇ ਬੰਦੇ ਉਸ ਦੀ ਹੱਟੀ ਅੱਗੇ ਆ ਬੈਠੇ। ਉਹਨਾਂ ਦੋਹਾਂ ਨੇ ਹਲਵਾਈ ਤੋਂ ਥੋੜੀ ਜਿਹੀ ਮਠਿਆਈ ਖਰੀਦੀ ਤੇ ਇੱਕ ਨੁੱਕਰੇ ਬੈਠ ਕੇ ਖਾਣ ਲੱਗੇ। ਪਰ ਉਹਨਾਂ ਦੋਹਾਂ ਦਾ ਧਿਆਨ ਦੁਕਾਨ ਉੱਤੇ ਆਉਂਦੇ ਗਾਹਕਾਂ ਵੱਲ ਰਿਹਾ ਤੇ ਮਨ ਵਿਚ ਹਿਸਾਬ ਲਾਉਂਦੇ ਰਹੇ ਕਿ ਹਲਵਾਈ ਕਿਤਨੇ ਪੈਸਿਆਂ ਦੀ ਮਠਿਆਈ ਵੇਚ ਰਿਹਾ ਹੈ। ਜਦੋਂ ਉਹਨਾਂ ਦੋਹਾਂ ਦੀ ਮਠਿਆਈ ਦਾ ਡੂਨਾ ਮੁੱਕ ਜਾਦਾਂ, ਉਹ ਇਕ ਡੂਨਾ ਹੋਰ ਖਰੀਦ ਲੈਂਦੇ। ਜੇ ਉਹਨਾਂ ਵਿੱਚੋਂ ਕੋਈ ਹਾਜਤ ਪਾਣੀ ਜਾਂਦਾ ਤਾਂ ਦੂਜਾ ਫ਼ਕੀਰ ਵਧੇਰੇ ਚੌਕੰਨਾ ਹੋ ਕੇ ਗਾਹਕਾਂ ਤੇ ਨਿਗ੍ਹਾ ਰੱਖਦਾ ਤੇ ਮਨ ਵਿਚ ਪੈਸਿਆਂ ਦੇ ਲੈਣ ਦੇਣ ਦਾ ਹਿਸਾਬ ਕਰੀ ਜਾਂਦਾ। ਹਲਵਾਈ ਆਪਣੇ ਕੰਮ ਵਿਚ ਇਤਨਾ ਵਿਅਸਤ ਸੀ ਕਿ ਉਸਦਾ ਫ਼ਕੀਰਾਂ ਵੱਲ ਧਿਆਨ ਹੀ ਨਾ ਗਿਆ।

ਹਨ੍ਹੇਰਾ ਪੈਣ ਤੇ ਹਲਵਾਈ ਨੇ ਦੁਕਾਨ ਬੰਦ ਕੀਤੀ ਅਤੇ ਸਾਰੇ ਵੱਟੇ ਪੈਸੇ ਥੈਲੀ ਵਿਚ ਪਾ ਲਏ। ਜਦੋਂ ਉਹ ਘਰ ਜਾਣ ਲੱਗਾ ਤਾਂ ਦੋ ਠੱਗ ਉਸਦਾ ਪਿੱਛਾ ਕਰਨ ਲੱਗੇ । ਉਹਨਾਂ ਨੇ ਹਲਵਾਈ ਹੱਥੋਂ ਪੈਸਿਆਂ ਵਾਲੀ ਥੈਲੀ ਖੋਹਦਿਆਂ ਕਿਹਾ, "ਵਾਹ, ਹਲਵਾਈਆ ਬੜਾ ਚਲਾਕ ਬਣਦਾ ਏਂ, ਸਾਡੀ ਪੈਸਿਆਂ ਦੀ ਥੈਲੀ ਚੁੱਕ ਕੇ ਕਿੱਧਰ ਚੱਲਿਆਂ ਏਂ।"

ਹਲਵਾਈ ਉਹਨਾਂ ਦੀ ਗੱਲ ਸੁਣ ਕੇ ਹੈਰਾਨ ਪਰੇਸ਼ਾਨ ਹੋ ਗਿਆ ਤੇ ਪੈਸਿਆਂ ਦੀ ਥੈਲੀ ਨੂੰ ਹੱਥ 'ਚ ਘੁੱਟ ਕੇ ਕਹਿਣ ਲੱਗਿਆ, "ਇਹ ਪੈਸੇ ਮੇਰੇ ਐ, ਤੁਸੀਂ ਕਿਵੇਂ ਇਸ ਥੈਲੀ ਦੇ ਮਾਲਕ ਹੋ।"

ਹਲਵਾਈ ਅਤੇ ਠੱਗਾਂ ਵਿਚਕਾਰ ਝਗੜਾ ਹੋਣ ਲੱਗਿਆਂ ਤਾਂ ਲੋਕਾਂ ਦੀ ਭੀੜ ਇਕੱਠੀ ਹੋਣ ਲੱਗੀ। ਜਦੋਂ ਭੀੜ ਜਿਆਦਾ ਜੁੜ ਗਈ ਤਾਂ ਠੱਗ ਕਹਿਣ ਲੱਗੇ, "ਬਈ ਜੇ ਇਹ ਥੈਲੀ ਦਾ ਮਾਲਕ ਹੈਂ ਤਾਂ ਦੱਸੇ ਕਿ ਇਸ ਥੈਲੀ ਵਿੱਚ ਕਿਤਨੇ ਪੈਸੇ ਹਨ?"

ਲੋਕਾਂ ਨੇ ਹਲਵਾਈ ਨੂੰ ਆਖਿਆ, "ਬਈ ਜੇ ਤੂੰ ਸੱਚਾ ਹੈ, ਤਾਂ ਦਸ ਦੇ ਇਸ ਵਿੱਚ ਕਿਤਨੇ ਪੈਸੇ ਹਨ?"

ਹਲਵਾਈ ਕਹਿਣ ਲੱਗਾ, "ਬਈ ਮੈਂ ਤਾਂ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਦਾ ਰਿਹਾ ਹਾਂ, ਪੈਸੇ ਤਾਂ ਗਿਣੇ ਹੀ ਨਹੀਂ, ਘਰ ਜਾ ਕੇ ਗਿਣਦਾ ਹੁੰਦਾ ਹਾਂ। ਇਹ ਤਾਂ ਮੇਰੀ ਅੱਜ ਦੀ ਵੱਟਕ ਹੈ?"

ਠੱਗ ਆਖਣ ਲੱਗੇ, "ਲੋਕੋ! ਜੇ ਇਸ ਦੀ ਥੈਲੀ ਹੈ ਤਾਂ ਇਹ ਦੱਸੇ, ਨਹੀਂ ਤਾਂ ਅਸੀਂ ਦੱਸਦੇ ਹਾਂ, ਜੇ ਅਸੀਂ ਝੂਠੇ ਹੋਏ ਤਾਂ ਤੁਹਾਡੀਆਂ ਜੁੱਤੀਆਂ ਤੇ ਸਾਡਾ ਸਿਰ ਹੋਵੇਗਾ। ਇਸ ਥੈਲੀ ਵਿੱਚ ਵੀਹ ਰੁਪਏ ਅਠੱਤੀ ਪੈਸੇ ਹਨ। ਉਹ ਦੋਵੇਂ ਇਕੱਠੇ ਬੋਲੇ।"

ਗੱਲ ਸੁਣਦਿਆਂ ਹੀ ਹਲਵਾਈ ਸੁੰਨ ਹੋ ਗਿਆ। ਹਲਵਾਈ ਪੈਸਿਆਂ ਨੂੰ ਹੱਥ ਨਹੀਂ ਸੀ ਲਾਉਣ ਦੇ ਰਿਹਾ। ਅਖੀਰ ਗੱਲ ਪਿੰਡ ਦੇ ਪੰਚ ਕੋਲ ਪਹੁੰਚ ਗਈ। ਪੰਚ ਨੇ ਪੈਸਿਆਂ ਦੀ ਥੈਲੀ ਆਪਣੇ ਕੋਲ ਰੱਖ ਲਈ ਅਤੇ ਉਨ੍ਹਾਂ ਤਿੰਨਾਂ ਨੂੰ ਅਗਲੇ ਦਿਨ ਆਉਣ ਲਈ ਕਿਹਾ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਉਹ ਪੰਚ ਤਿੰਨਾਂ ਨੂੰ ਮਹਾਰਾਜਾ ਦੇ ਦਰਬਾਰ ਲੈ ਗਿਆ। ਉੱਥੇ ਮਹਾਰਾਜਾ ਨੇ ਦੋਹਾਂ ਧਿਰਾਂ ਦੀ ਗੱਲ ਬੜੇ ਠਰ੍ਹੰਮੇ ਨਾਲ ਸੁਣੀ। ਹਲਵਾਈ ਕਹਿਣ ਲੱਗਿਆ, "ਮਹਾਰਾਜ ਜੀ ਇਹ ਕਮਾਈ ਮੈਂ ਮਠਿਆਈ ਵੇਚ ਕੇ ਕੀਤੀ ਹੈ, ਪਰ ਮੈਂ ਇਹ ਨਹੀਂ ਜਾਣਦਾ ਕਿ ਇਹ ਰਕਮ ਕਿਤਨੀ ਹੈ, ਇਹ ਮੇਰੀ ਇੱਕ ਦਿਨ ਦੀ ਵੱਟਕ ਹੈ ਜੀ।" ਦੂਜੇ ਪਾਸੇ ਠੱਗਾਂ ਨੇ ਆਪਣਾ ਪੱਖ ਰੱਖਦਿਆਂ ਕਿਹਾ, "ਹਜ਼ੂਰ ਇਸ ਵਿਚ ਵੀਹ ਰੁਪਏ ਅਠੱਤੀ ਪੈਸੇ ਹਨ।"

ਮਹਾਰਾਜੇ ਨੇ ਇਕ ਸੇਵਕ ਨੂੰ ਥੈਲੀ ਵਿਚਲੇ ਪੈਸੇ ਗਿਣਨ ਲਈ ਕਿਹਾ ਤਾਂ ਥੈਲੀ ਵਿਚੋਂ ਵੀਹ ਰੁਪਏ ਅਠੱਤੀ ਪੈਸੇ ਹੀ ਨਿਕਲੇ।

ਠੱਗ ਵੇਖ ਕੇ ਖੁਸ਼ ਹੋਣ ਲੱਗੇ।

ਹਲਵਾਈ ਫਿਰ ਹੱਥ ਜੋੜ ਕੇ ਕਹਿਣ ਲੱਗਿਆ, "ਹਜ਼ੂਰ ਇਹ ਥੈਲੀ ਮੇਰੀ ਹੀ ਏ।"

ਮਹਾਰਾਜ ਨੇ ਪੁੱਛਿਆ, "ਤੂੰ ਕੀ ਕੰਮ ਕਰਦਾ ਏਂ।"

"ਹਜ਼ੂਰ ਜੀ ਮੈਂ ਮਠਿਆਈਆਂ ਤਲ ਕੇ ਵੇਚਦਾ ਹਾਂ।"

ਫਿਰ ਮਹਾਰਾਜ ਨੇ ਠੱਗਾਂ ਨੂੰ ਪੁੱਛਿਆ, "ਤੁਸੀਂ ਕੀ ਕਰਦੇ ਹੋ?"

ਉਹ ਦੋਵੇਂ ਸੁਣਦਿਆਂ ਹੀ ਘਬਰਾ ਗਏ ਤੇ ਚਲਾਕ ਠੱਗ ਕਹਿਣ ਲੱਗਿਆ, "ਜੀ ਅਸੀਂ ਫਲ-ਸਬਜ਼ੀਆਂ ਵੇਚਦੇ ਹਾਂ, ਇਹ ਸਾਡੀ ਇੱਕ ਦਿਨ ਦੀ ਵੱਟਕ ਹੈ ਜੀ।" ਇਹ ਸੁਣ ਕੇ ਮਹਾਰਾਜੇ ਨੇ ਆਪਣੇ ਨੌਕਰ ਨੂੰ ਕਿਹਾ ਕਿ ਉਹ ਗਰਮ ਪਾਣੀ ਦਾ ਪਤੀਲਾ ਲੈ ਕੇ ਆਏ। ਸਾਰੇ ਹੈਰਾਨ ਹੋ ਗਏ ਕਿ ਮਹਾਰਾਜ ਹੁਣ ਕੀ ਕਰੇਂਗਾ? ਜਦੋਂ ਪਾਣੀ ਆ ਗਿਆ ਤਾਂ ਥੈਲੀ ਵਿਚਲੇ ਸਿੱਕਿਆਂ ਵਾਲੇ ਸਾਰੇ ਪੈਸੇ ਗਰਮ ਪਾਣੀ ਵਿਚ ਉਲੱਟ ਦਿੱਤੇ। ਹਲਵਾਈ ਤੇ ਠੱਗ ਬਿਟ-ਬਿਟ ਦੇਖਣ ਲੱਗੇ।

ਜਿਉਂ ਹੀ ਸਿੱਕੇ ਗਰਮ ਪਾਣੀ ਵਿਚ ਘੁਲੇ ਤਾਂ ਉਪਰ ਤਿਰਥਲਾ (ਥਿੰਦਾ) ਜਿਹਾ ਆ ਗਿਆ। ਆਸੇ ਪਾਸੇ ਘਿਉ ਦੀ ਵਾਸਨਾ ਖਿੰਡ ਗਈ। ਮਹਾਰਾਜ ਨੂੰ ਪਤਾ ਲੱਗ ਗਿਆ ਕਿ ਇਹ ਕਮਾਈ ਹਲਵਾਈ ਦੀ ਹੀ ਐ। ਠੱਗ ਤਾਂ ਉਸ ਕੋਲੋਂ ਪੈਸੇ ਹਥਿਆਉਣੇ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਸਹੀ ਰਕਮ ਪਤਾ ਸੀ। ਮਹਾਰਾਜੇ ਨੇ ਹਲਵਾਈ ਨੂੰ ਪੈਸਿਆਂ ਦੀ ਥੈਲੀ ਦਿੰਦੇ ਹੋਏ ਕਿਹਾ, "ਇਹ ਰੁਪਏ ਤੇਰੇ ਨੇ, ਤੂੰ ਲੈ ਕੇ ਜਾਹ।" ਮਹਾਰਾਜੇ ਨੂੰ ਠੱਗਾਂ ਨੂੰ ਤਾੜ੍ਹਦਿਆਂ ਕਿਹਾ ਕਿ ਸੱਚੋ ਸੱਚ ਦੱਸੋ ਕਿ ਗੱਲ ਕੀ ਹੈ, ਤੁਹਾਡੀ ਸਜ਼ਾ ਅੱਧੀ ਰਹਿ ਜਾਵੇਗੀ ਨਹੀਂ ਤਾਂ ਭਾਰੀ ਦੰਡ ਮਿਲੇਗਾ?

ਦੋਹਾਂ ਠੱਗਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਨ੍ਹਾਂ ਨੇ ਸਾਰੀ ਗੱਲ ਸੱਚੀ ਦੱਸ ਦਿੱਤੀ ਕਿ ਉਨ੍ਹਾਂ ਨੇ ਫ਼ਕੀਰ ਦਾ ਭੇਸ ਧਾਰ ਕੇ ਹਲਵਾਈ ਦੀ ਦੁਕਾਨ ਤੇ ਨਿਗ੍ਹਾ ਰੱਖੀ, ਮਠਿਆਈ ਖਾਂਦੇ ਰਹੇ ਤੇ ਵੱਟਕ ਗਿਣਦੇ ਰਹੇ। ਪਰ ਤੁਸੀਂ ਸਾਡੀ ਚੋਰੀ ਫੜ ਲਈ। ਦੋਵੇਂ ਠੱਗ ਗਿੜ-ਗਿੜਾ ਕੇ ਮਹਾਰਾਜੇ ਕੋਲ ਮਾਫ਼ੀ ਮੰਗਣ ਲੱਗੇ।

BSER

# ਅਭਿਆਸ ਪ੍ਰਸ਼ਨ

ਪ੍ਰਸ਼ਨ 1. ਹਲਵਾਈ ਕਿੱਥੇ ਰਹਿੰਦਾ ਸੀ ?

ਪ੍ਰਸ਼ਨ 2. ਠੱਗਾਂ ਨੇ ਕੀ ਭੇਸ ਧਾਰਿਆ ?

ਪ੍ਰਸ਼ਨ 3. ਠੱਗਾਂ ਨੇ ਹਲਵਾਈ ਨੂੰ ਲੁੱਟਣ ਦੀ ਕੀ ਸਕੀਮ ਬਣਾਈ ?

ਪ੍ਰਸ਼ਨ 4. ਥੈਲੀ ਵਿਚ ਕਿਤਨੇ ਪੈਸੇ ਸਨ ?

ਪ੍ਰਸ਼ਨ 5. ਮਹਾਰਾਜ ਨੇ ਸੱਚ ਦਾ ਨਿਤਾਰਾ ਕਿਵੇਂ ਕੀਤਾ ?

ਪ੍ਰਸ਼ਨ 6. ਸੱਚ ਦਾ ਨਿਤਾਰਾ ਕਹਾਣੀ ਦਾ ਭਾਵ ਤੱਤ ਕੀ ਹੈ ?

BSER

# 2. ਪਰੀ-ਕਥਾਵਾਂ

ਲੋਕ ਕਥਾਵਾਂ ਸੱਭਿਆਚਾਰ ਦਾ ਦਰਪਣ ਹੁੰਦੀਆਂ ਹਨ। ਇਹ ਸਮਾਜ ਦੀ ਵਿਵਹਾਰਕ ਜੀਵਨ ਸ਼ੈਲੀ ਦਾ ਮਹੱਤਵਪੂਰਨ ਹਿੱਸਾ ਹੁੰਦੀਆਂ ਹਨ। ਇਹ ਲੋਕ-ਮਨ ਨੂੰ ਅਰਥ ਪੂਰਨ ਰੂਪ ਵਿੱਚ ਪੇਸ਼ ਕਰਦੀਆਂ ਹਨ। ਲੋਕ ਕਥਾਵਾਂ ਦੇ ਵਿਭਿੰਨ ਰੂਪ ਹਨ, ਜਿਨ੍ਹਾਂ ਵਿੱਚੋਂ 'ਪਰੀ ਕਥਾਵਾਂ' ਮਹੱਤਵਪੂਰਨ ਅੰਗ ਹਨ।

ਪਰੀ ਕਥਾਵਾਂ :- ਜਿਸ ਤਰ੍ਹਾਂ ਕਿ ਇਸ ਦੇ ਨਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹਨਾਂ ਲੋਕ ਕਹਾਣੀਆਂ ਦਾ ਸੰਬੰਧ ਕਿਸੇ ਪਰੀ, ਅਪਸਰਾ, ਦੇਵੀ, ਸਹਿਜ਼ਾਦੀਆਂ, ਆਦਿ ਨਾਲ ਸੰਬੰਧਤ ਬਿਰਤਾਂਤ ਬਾਰੇ ਹੁੰਦਾ ਹੈ। 'ਪਰੀ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੀ ਉੱਤਪਤੀ 'ਪਰੀਦਨ' ਤੋਂ ਹੋਈ ਮੰਨੀ ਜਾਂਦੀ ਹੈ, ਜਿਸ ਦੇ ਸ਼ਾਬਦਿਕ ਅਰਥ 'ਉੱਡਣਾ' ਨਾਲ ਸੰਬੰਧਤ ਹਨ। ਉਹਨਾਂ ਲੋਕਾਂ ਦਾ ਵਿਸ਼ਵਾਸ ਸੀ ਕਿ 'ਪਰੀ' ਉਹ ਇਸਤਰੀ ਹੈ ਜੋ ਉੱਡ ਵੀ ਸਕਦੀ ਹੈ। ਦਰਅਸਲ ਪਰੀ ਕਥਾਵਾਂ ਦੀ ਰਚਨਾ ਦ੍ਰਿਸ਼ਟੀ ਵਿਲੱਖਣ ਕਿਸਮ ਦੀ ਹੈ। ਇਹਨਾਂ ਲੋਕ-ਕਥਾਵਾਂ ਵਿੱਚ ਕਲਪਨਾ ਦੀ ਬਹੁਤਾਤ ਹੁੰਦੀ ਹੈ। ਜੀਵਨ ਵਿੱਚ ਹਰ ਅਸੰਭਵ ਜਾਪਣ ਵਾਲੀ ਗੱਲ ਪਰੀ-ਕਥਾਵਾਂ ਵਿੱਚ ਸੰਭਵ ਜਾਪਦੀ ਹੈ। ਮਿਸਾਲ ਵੱਜੋਂ ਕੋਈ ਸ਼ਹਿਜਾਦਾ/ਰਾਜਾ/ ਬਾਦਸ਼ਾਹ ਹੰਸ ਵਰਗੇ ਪੰਛੀ ਤੇ ਬੈਠ ਕੇ ਪਹਾੜਾਂ, ਦਰਿਆਵਾਂ, ਸਮੁੰਦਰਾਂ ਨੂੰ ਪਾਰ ਕਰ ਜਾਂਦਾ ਹੈ। ਪਰੀ/ ਸ਼ਹਿਜਾਦੀ ਭੇਸ ਵਟਾ ਕੇ ਫੁੱਲ, ਰੁੱਖ ਕੁੱਝ ਵੀ ਬਣ ਜਾਂਦੀ ਹੈ। ਪੰਛੀ ਬੋਲਦੇ ਹਨ, ਦਿਲਾਂ ਦੇ ਭੇਤ ਸਾਂਝੇ ਕਰਦੇ ਹਨ। ਇੰਜ ਅਨੋਖੀ ਦੁਨੀਆਂ ਦੇ ਦੀਦਾਰ ਇਹਨਾਂ ਕਹਾਣੀਆਂ ਵਿੱਚੋਂ ਤਲਾਸ਼ੇ ਜਾ ਸਕਦੇ ਹਨ। ਪਰੀ ਜਗਤ ਦਾ ਚਰਿੱਤਰ ਵਸਤੂ-ਜਗਤ ਨਾਲੋਂ ਭਿੰਨ ਹੈ।

ਮਨੋਰੰਜਨ ਦੇ ਨਾਲ-ਨਾਲ ਕਹਾਣੀ ਰਸ ਇਹਨਾਂ ਕਥਾਵਾਂ ਦਾ ਮੁੱਖ ਲੱਛਣ ਹੁੰਦਾ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਇਸ ਦਾ ਸੰਬੰਧ ਵਕਤੇ ਤੇ ਸਰੋਤੇ ਨਾਲ ਹੈ। 'ਹੁੰਗਾਰਾ' ਵੀ ਇਸਦਾ ਹਿੱਸਾ ਹੈ। ਇਸ ਲਈ ਕਹਾਣੀ ਰਸ ਜ਼ਰੂਰੀ ਹੈ। ਕਈ ਵਿਦਵਾਨ ਇਹਨਾਂ ਕਹਾਣੀਆਂ ਵਿੱਚੋਂ ਸਾਡੇ ਲੋਕ ਵਿਸ਼ਵਾਸ, ਰਸਮ-ਰਿਵਾਜ ਆਦਿ ਦੇ ਅੰਸ਼ ਵੀ ਤਲਾਸ਼ਣ ਦੀ ਕੋਸ਼ਿਸ਼ ਕਰਦੇ ਹਨ।

ਪਰੀ-ਕਥਾਵਾਂ ਦੇ ਪਾਤਰ ਕਿਸੇ ਤਲਾਸ਼ ਵਿੱਚ ਔਖੇ ਪੈਂਡਿਆਂ, ਮੁਸ਼ਕਿਲਾਂ ਨੂੰ ਤਨ-ਮਨ ਤੇ ਹੰਢਾਉਂਦੇ ਹਨ। ਫਿਰ ਅਚਾਨਕ ਕੋਈ ਅਜਿਹਾ ਮੌਕਾ ਮੇਲ ਬਣਦਾ ਹੈ ਕਿ ਉਹ ਮਕਸਦ ਵਿੱਚ ਕਾਮਯਾਬ ਹੋ ਜਾਂਦੇ ਹਨ। ਸੰਘਰਸ਼ਮਈ ਜੀਵਨ ਦੀ ਪੇਸ਼ਕਾਰੀ ਕਰਕੇ ਹਿੰਮਤ, ਸਾਹਸ ਦੀ ਜਗਿਆਸਾ ਬਰਕਰਾਰ ਰੱਖੀ ਜਾਂਦੀ ਹੈ। 'ਅਪਹੁੰਚ' ਦੀ ਪ੍ਰਾਪਤੀ ਕਰਕੇ ਨਾਇਕ ਦੇ ਮਨ ਨੂੰ ਸਕੂਨ ਮਿਲਦਾ ਹੈ। ਇਸ ਨਾਲ ਸਰੋਤੇ/ ਪਾਠਕ ਦੇ ਮਨ ਨੂੰ ਵੀ ਸਕੂਨ ਹਾਸਲ ਹੁੰਦਾ ਹੈ। ਕਹਾਣੀ ਦਾ ਅੰਤ ਸੁਖਾਵਾਂ ਹੁੰਦਾ ਹੈ।

ਇਸ ਕਿਸਮ ਦੀਆਂ ਕਹਾਣੀਆਂ ਵਿੱਚ ਕੁੱਝ ਮਨਾਹੀਆਂ ਵੀ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਭਾਵ ਕਿ ਕੁੱਝ ਕਾਰਜ ਨਾ ਕਰਨ ਦੀ ਨਸੀਹਤ ਦਿੱਤੀ ਜਾਂਦੀ ਹੈ, ਪਰ ਜਦੋਂ ਪਾਤਰ ਮਨਾਹੀਆਂ ਨੂੰ ਤੋੜਦੇ ਹਨ ਤਾਂ ਮੁਸ਼ਕਿਲਾਂ ਸਹਿਣ ਕਰਦੇ ਹਨ।

ਪਰੀ ਕਥਾਵਾਂ ਵਿੱਚ ਪਰੀਆਂ/ ਸ਼ਹਿਜ਼ਾਦੀਆਂ ਦੀ ਖ਼ੂਬਸੂਰਤੀ ਨੂੰ ਰੱਜ ਕੇ ਬਿਆਨ ਕੀਤਾ ਜਾਂਦਾ ਹੈ। ਇਹ ਪਾਤਰ ਆਪਣੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਹਿੰਮਤ ਨਾਲ ਜਿੱਤਦੇ ਜਾਂਦੇ ਹਨ। ਪਰਾ-ਸਰੀਰਕ ਸ਼ਕਤੀਆਂ ਵੀ ਪੈਰ-ਪੈਰ ਤੇ ਇਹਨਾਂ ਪਾਤਰਾਂ ਦੀ ਸਹਾਇਤਾ ਕਰਦੀਆਂ ਹਨ।

ਪਰੀ-ਕਥਾਵਾਂ ਕਿਸੇ ਭਾਸ਼ਾ/ ਸੱਭਿਆਚਾਰ ਦਾ ਅਨਮੋਲ ਖ਼ਜਾਨਾ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਇਹ ਲਗਭਗ ਹਰੇਕ ਭਾਸ਼ਾ ਵਿੱਚ ਉਪਲੱਬਧ ਹਨ। ਇਵੇਂ ਹੀ ਪੰਜਾਬੀ ਭਾਸ਼ਾ ਵਿੱਚ ਵੀ ਅਨੇਕਾਂ ਪਰੀ-ਕਥਾਵਾਂ ਮਿਲਦੀਆਂ ਹਨ। ਇਹਨਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਖ਼ੁਸ਼ਬੋ ਅਨੁਭਵ ਕੀਤੀ ਜਾ ਸਕਦੀ ਹੈ। ਮੌਖਿਕ ਸਾਹਿਤ ਦਾ ਹਿੱਸਾ ਹੋਣ ਕਰਕੇ ਇੱਕੋ ਕਹਾਣੀ ਦੇ ਅਨੇਕਾਂ ਰੂਪ ਮਿਲਦੇ ਹਨ। ਥੋੜ੍ਹਾ ਬਹੁਤਾ ਭਾਸ਼ਾਈ ਵਖਰੇਵਾਂ ਹੋਣ ਦੇ ਬਾਵਜੂਦ ਵੀ ਇਹਨਾਂ ਦਾ ਉਦੇਸ਼, ਮਨੋਰਥ ਇੱਕ-ਵਰਗਾ ਹੀ ਹੁੰਦਾ ਹੈ। ਪਰੀ ਕਥਾ ਲੰਬੀ ਬ੍ਰਿਤਾਂਤਕ ਸੰਗਠਨ ਵਾਲੀ ਰਚਨਾ ਹੁੰਦੀ ਹੈ, ਪਰ ਕੁੱਝ ਪਰੀ-ਕਥਾਵਾਂ ਲਘੂ ਬ੍ਰਿਤਾਂਤ ਵਾਲੀਆਂ ਵੀ ਹਨ।

ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ 'ਸੰਦਲਾਂ ਪਰੀ', 'ਅਨਾਰਾ ਸ਼ਹਿਜਾਦੀ' ਅਤੇ 'ਸ਼ਾਹਣੀ ਚਿੜੀ' ਪਰੀ-ਕਥਾਵਾਂ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਜਾ ਰਹੀਆਂ ਹਨ :-

## (ੳ) ਸੰਦਲਾਂ ਪਰੀ

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ ਦੱਖਣ ਦੇਸ਼ ਦੇ ਸੰਘਣੇ ਜੰਗਲਾਂ ਵਿੱਚ, ਜਿੱਥੇ ਭਾਰੀ ਗਿਣਤੀ ਵਿੱਚ ਚੰਦਨ ਦੇ ਰੁੱਖ ਸਨ, ਇੱਕ ਸੰਦਲਾਂ ਪਰੀ ਰਹਿੰਦੀ ਸੀ। ਉਸਦਾ ਘਰ ਵੀ ਇੱਕ ਚੰਦਨ ਦਾ ਰੁੱਖ ਹੀ ਸੀ। ਸੰਦਲਾਂ ਜਿੱਥੇ ਵੀ ਖੜੀ ਹੋ ਜਾਂਦੀ ਉਸਦਾ ਆਲਾ-ਦੁਆਲਾ ਮੀਲਾਂ ਤੀਕਰ ਮਹਿਕਾਂ ਨਾਲ ਭਰ ਜਾਂਦਾ ਸੀ। ਉਹ ਡਰਦੀ ਜੰਗਲ ਚੋਂ ਬਾਹਰ ਨਹੀਂ ਸੀ ਆਉਂਦੀ ਕਿਉਂਕਿ ਉਹ ਡਰਦੀ ਸੀ ਕਿ ਉਸਨੂੰ ਵੀ ਉਹਦੀ ਮਾਂ ਵਾਂਗ ਕੋਈ ਜ਼ਾਲਮ ਸੱਪ ਉਧਾਲ ਕੇ ਦੂਰ ਦੁਰਾਡੇ ਨਾਂ ਲੈ ਜਾਵੇ। ਸੰਦਲਾਂ ਦੀ ਮਾਂ ਦੀ ਉੱਘ-ਸੁੱਗ ਨਹੀਂ ਸੀ ਨਿਕਲੀ। ਸੰਦਲਾਂ ਪਰੀ ਸੁੰਦਰਤਾ ਤੇ ਮਹਿਕ ਦਾ ਸੁਮੇਲ ਸੀ । ਚਾਰੇ ਪਾਸੇ ਉਸਦੀ ਪ੍ਰਸਿੱਧੀ ਫੈਲ ਗਈ।

ਅਨੇਕਾਂ ਸ਼ਹਿਜਾਦਿਆਂ ਨੇ ਸੰਦਲਾਂ ਨੂੰ ਲੱਭਣ ਦੀ ਵਾਹ ਲਾਈ ਪਰ ਕੋਈ ਵੀ ਆਪਣੇ ਮਕਸਦ ਵਿੱਚ ਕਾਮਯਾਬ ਨਹੀਂ ਹੋ ਸਕਿਆ।

ਸਿਆਲਕੋਟ ਨਗਰ ਵਿੱਚ ਇੱਕ ਸ਼ਹਿਜਾਦਾ ਰਹਿੰਦਾ ਸੀ ਜਿਸਨੂੰ ਰਾਜੇ ਸਲਵਾਨ ਦੀ ਕੁੱਲ ਵਿੱਚੋਂ ਮੰਨਿਆ ਜਾਂਦਾ ਸੀ। ਸ਼ਹਿਜਾਦੇ ਦਾ ਨਾਂ ਭੰਵਰਾ ਸੀ। ਭੰਵਰੇ ਦੇ ਛੇ ਭਾਈ ਸਨ। ਜਿਨ੍ਹਾ ਦੀ ਘਰ ਗ੍ਰਹਿਸਥੀ ਵੱਸੀ ਹੋਈ ਸੀ। ਭੰਵਰੇ ਲਈ ਬਹੁਤ ਸਾਰੇ ਰਿਸ਼ਤੇ ਆਏ, ਪਰ ਕੋਈ ਵੀ ਲੜਕੀ ਉਸਨੂੰ ਪਸੰਦ ਨਹੀਂ ਆਈ। ਭੰਵਰਾ ਅਜਿਹੀ ਮੁਟਿਆਰ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ, ਜੋ ਮਹਿਕ ਨਾਲ ਲੱਦੀ ਹੋਵੇ। ਇੱਕ ਦਿਨ ਭੰਵਰੇ ਨੇ ਵੱਡੀ ਭਰਜਾਈ ਤੋਂ ਰੋਟੀ ਮੰਗੀ ਤਾਂ ਉਸਨੇ ਕੋਰਾ ਜਵਾਬ ਦੇ ਦਿੱਤਾ ਕਿ ਉਹ ਉਸਦੀ ਟਹਿਲ ਸੇਵਾ ਨਹੀਂ ਕਰ ਸਕਦੀ। ਬਾਕੀ ਪੰਜਾਂ ਭਰਜਾਈਆਂ ਦਾ ਵੀ ਦੋ ਟੁੱਕ ਜਵਾਬ ਸੀ। ਸਭ ਤੋਂ ਛੋਟੀ ਨੇ ਤਾਂ ਹੱਦ ਹੀ ਕਰ ਦਿੱਤੀ, ਜਦ ਉਸਨੇ ਭੰਵਰੇ ਨੂੰ ਤਾਹਨਾ ਮਾਰਿਆ ਕਿ ਜੇ ਤੇਰੇ ਕੋਈ ਲੜਕੀ ਪਸੰਦ ਨਹੀਂ ਆਉਂਦੀ ਤਾਂ ਦੂਰ ਦੁਰਾਡੇ ਦੱਖਣ ਦੇਸ਼ ਵਿੱਚ ਵੱਸਦੀ ਸੰਦਲਾ ਵਿਆਹ ਲਿਆਵੇ ਜਿਹੜੀ ਗੁਣਾਂ ਅਤੇ ਖੂਬਸੂਰਤੀ ਦੀ ਮਿਸਾਲ ਹੈ। ਭੰਵਰੇ ਨੇ ਜਦ ਭਰਜਾਈ ਤੋਂ ਉਸਦਾ ਟਿਕਾਣਾ ਪੁੱਛਿਆ ਤਾਂ ਉਸ ਏਨਾ ਹੀ ਕਿਹਾ ਕਿ ਕਿਸੇ ਦਰੱਖਤ ਵਿੱਚ ਉਸਦਾ ਵਾਸ ਹੈ।

ਭੰਵਰੇ ਨੇ ਭਰਜਾਈ ਦੇ ਮਿਹਣੇ ਨੂੰ ਦਿਲ ਤੇ ਲਾ ਲਿਆ। ਉਹ ਘੋੜੇ ਤੇ ਸਵਾਰ ਹੋ ਕੇ ਦਿਨ ਰਾਤ

BSER

ਆਪਣੀ ਮੰਜ਼ਿਲ ਵੱਲ ਵਧਣ ਲੱਗਿਆ। ਕਈ ਦਿਨਾਂ ਦੇ ਸਫਰ ਮਗਰੋ ਭੰਵਰੇ ਨੂੰ ਜੰਗਲਾਂ ਵਿੱਚ ਸਮਾਧੀ 'ਚ ਲੀਨ ਜੋਗੀ ਮਿਲਿਆ। ਇੱਕ ਜ਼ਹਿਰੀਲਾ ਸੱਪ ਤੇਜ਼ੀ ਨਾਲ ਜੋਗੀ ਵੱਲ ਵਧਿਆ। ਇਸ ਤੋਂ ਪਹਿਲਾ ਕਿ ਉਹ ਜੋਗੀ ਨੂੰ ਡੱਸਦਾ, ਭੰਵਰੇ ਨੇ ਆਪਣੀ ਤਲਵਾਰ ਨਾਲ ਉਸਨੂੰ ਜ਼ਖ਼ਮੀ ਕਰ ਦਿੱਤਾ। ਉਹ ਸੱਪ ਬੇਹੋਸ਼ ਹੋ ਗਿਆ। ਜਦ ਜੋਗੀ ਦੀ ਸਮਾਧੀ ਖੁੱਲ੍ਹੀ ਤਾਂ ਉਹ ਸੱਪ ਨੂੰ ਬੇਸੁਰਤ ਵੇਖ ਕੇ ਹੈਰਾਨ ਹੋ ਗਿਆ। ਜੋਗੀ ਨੇ ਭੰਵਰੇ ਨੂੰ ਸਵਾਲ ਕੀਤਾ ਕਿ "ਉਹ ਕੌਣ ਹੈ ? ਉਸਨੇ ਸੱਪ ਨੂੰ ਕਿਉਂ ਮਾਰਿਆ ?" ਭੰਵਰੇ ਨੇ ਜਵਾਬ ਦਿੱਤਾ, "ਮਹਾਂਰਾਜ, ਮੈਂ ਸਿਆਲਕੋਟ ਦਾ ਸ਼ਹਿਜਾਦਾ ਭੰਵਰਾ ਹਾਂ।" ਉਸਨੇ ਦੱਸਿਆ ਕਿ ਜੇ ਮੈਂ ਸੱਪ ਨੂੰ ਨਾ ਮਾਰਦਾ ਤਾਂ ਇਸ ਨੇ ਤੁਹਾਨੂੰ ਡੱਸ ਲੈਣਾ ਸੀ। ਜੋਗੀ ਨੇ ਭੰਵਰੇ ਨੂੰ ਸੱਚਾਈ ਦੱਸੀ ਕਿ ਇਹ ਸੱਪ ਮੈਨੂੰ ਡੰਗ ਮਾਰਨ ਨਹੀਂ ਬਲਕਿ ਮੇਰੇ ਚਰਨ ਛੂਹਣ ਆਉਂਦਾ ਹੈ। ਕਿਉਂਕਿ ਇਹ ਮੇਰਾ ਸ਼ਰਧਾਲੂ ਹੈ।

ਜੋਗੀ ਨੇ ਜਿਉਂ ਹੀ ਸੱਪ ਦੀ ਪਿੱਠ ਤੇ ਹੱਥ ਫੇਰਿਆ, ਉਸਨੂੰ ਹੋਸ਼ ਆ ਗਈ। ਸੱਪ ਨੇ ਭੰਵਰੇ ਨੂੰ ਆਖਿਆ,"ਤੂੰ ਮੇਰੀ ਸ਼ਰਧਾ ਦੀ ਹੱਤਕ ਕੀਤੀ ਏ, ਮੈਂ ਇਸਦਾ ਤੈਥੋਂ ਬਦਲਾ ਲਵਾਗਾਂ।" ਇਹ ਕਹਿੰਦੇ ਸਾਰ ਸੱਪ ਆਪਣੇ ਰਾਹ ਪੈ ਗਿਆ। ਭੰਵਰਾ ਹੈਰਾਨ ਸੀ ਕਿ ਸੱਪ ਮਨੁੱਖਾਂ ਵਾਂਗ ਬੋਲਦਾ ਤੇ ਘੂਰਦਾ ਸੀ।

ਜੋਗੀ ਨੇ ਭੰਵਰੇ ਨੂੰ ਦੱਸਿਆ ਕਿ ਜਿਹੜਾ ਸੱਪ ਸੌ ਸਾਲ ਦੀ ਉਮਰ ਭੋਗ ਲਵੇ ਉਹ ਕੋਈ ਵੀ ਰੂਪ ਧਾਰ ਸਕਦਾ ਹੈ ਤੈਨੂੰ ਇਸ ਛਲੇਡੇ ਤੋਂ ਬਚਣਾ ਚਾਹੀਦਾ ਹੈ। ਪਰ ਤੂੰ ਫਿਕਰ ਨਾ ਕਰ ਮੈਂ ਇਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗਾ। ਜੋਗੀ ਨੇ ਭੰਵਰੇ ਨੂੰ ਸੰਘਣੇ ਜੰਗਲ 'ਚ ਆਉਣ ਦਾ ਕਾਰਨ ਪੁੱਛਿਆ।

"ਬੇਟਾ! ਤੂੰ ਕਿਧਰ ਜਾ ਰਿਹਾ ਏ ?"

"ਮਹਾਰਾਜ, ਮੈਂ ਸੰਦਲਾ ਦੀ ਤਲਾਸ਼ 'ਚ ਆਇਆ ਹਾਂ, ਉਹ ਚੰਦਨ ਦੇ ਇੱਕ ਰੁੱਖ ਵਿੱਚ ਛੁਪਕੇ ਬੈਠੀ ਹੈ।"

ਜੋਗੀ ਨੇ ਭੰਵਰੇ ਨੂੰ ਦੱਸਿਆ ਕਿ ਦੱਖਣ ਦੇ ਜੰਗਲ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਦਰੱਖਤ ਹਨ। ਤੇਰੇ ਤੋਂ ਪਹਿਲਾਂ ਵੀ ਕਈ ਰਾਜਕੁਮਾਰ ਆਏ, ਪਰ ਉਨ੍ਹਾਂ ਦੇ ਹੱਥ ਵੀ ਨਿਰਾਸ਼ਾ ਹੀ ਲੱਗੀ। ਤੂੰ ਕਿਵੇਂ ਸੰਦਲਾਂ ਵਾਲਾ ਰੁੱਖ ਪਛਾਣੇਗਾਂ ? ਪਰ ਭੰਵਰਾ ਕਹਿਣ ਲੱਗਿਆ ਕਿ ਮਹਾਰਾਜ ਮੈਂ ਪੱਕੀ ਧਾਰ ਕੇ ਆਇਆ ਹਾਂ, ਮੈਂ ਸੰਦਲਾ ਨੂੰ ਪਾਉਣ ਲਈ ਜਾਨ ਦੀ ਬਾਜੀ ਲਾ ਦੇਵਾਂਗਾ। ਮੇਰੇ ਜੀਵਨ ਦਾ ਇੱਕੋ-ਇੱਕ ਮਕਸਦ ਸੰਦਲਾਂ ਨੂੰ ਖੋਜਣਾ ਹੈ। ਮੈਂ ਹਰ ਦਰੱਖਤ ਚੀਰ ਚੀਰ ਕੇ ਸੰਦਲਾਂ ਨੂੰ ਤਲਾਸ਼ ਲਵਾਗਾਂ। ਜੋਗੀ ਨੇ ਆਖਿਆ ਕਿ ਇੱਕ-ਇੱਕ ਰੁੱਖ ਚੀਰਨ ਨਾਲ ਤਾਂ ਸਾਰਾ ਜੰਗਲ ਬਰਬਾਦ ਹੋ ਜਾਵੇਗਾ।

ਜੋਗੀ ਨੇ ਭੰਵਰੇ ਨੂੰ ਇੱਕ ਕੌਡੀ ਦਿੱਤੀ ਤੇ ਕਿਹਾ,"ਤੂੰ ਇਹ ਕੌਡੀ ਹਰੇਕ ਚੰਦਨ ਦੇ ਦਰੱਖਤ ਨੂੰ ਛੁਹਾਂਦਾ ਜਾਈ, ਜਿਸ ਰੁੱਖ ਵਿੱਚ ਸੰਦਲਾਂ ਹੋਈ ਤੈਨੂੰ ਕੌਡੀ 'ਚੋਂ ਨਜ਼ਰ ਆ ਜਾਵੇਗੀ।" ਜੋਗੀ ਨੇ ਕੌਡੀ ਦੀ ਇੱਕ ਹੋਰ ਕਰਾਮਾਤ ਦੱਸੀ ਕਿ ਇਸ ਦੀ ਮੌਜੂਦਗੀ 'ਚ ਕੋਈ ਸੱਪ ਵੀ ਤੈਨੂੰ ਨਹੀਂ ਡੱਸ ਸਕਦਾ। ਜੋਗੀ ਤੋਂ ਆਸ਼ੀਰਵਾਦ ਲੈ ਕੇ ਭੰਵਰਾ ਦੱਖਣ ਦੇਸ਼ ਦੇ ਜੰਗਲਾਂ ਵਿੱਚ ਪਹੁੰਚ ਗਿਆ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਚੰਦਨ ਦੇ ਰੁੱਖ ਵੇਖ ਕੇ ਘਬਰਾ ਗਿਆ। ਉਸਨੇ ਕੌਡੀ ਦੀ ਮਦਦ ਨਾਲ ਆਪਣਾ ਕਾਰਜ ਆਰੰਭ ਕੀਤਾ। ਉਸਨੇ ਸਾਰਾ ਦਿਨ ਕੌਡੀ ਲਗਾ-ਲਗਾ ਕੇ ਚੰਦਨ ਦੇ ਰੁੱਖ ਵੇਖੇ, ਪਰ ਉਸਨੂੰ ਸਫਲਤਾ ਨਾ ਮਿਲੀ। ਦਰਅਸਲ ਉਸਨੇ ਉਤਾਵਲੇਪਣ 'ਚ ਕੁੱਝ ਰੁੱਖ ਛੱਡ ਦਿੱਤੇ ਸਨ। ਉਨ੍ਹਾਂ 'ਚੋਂ ਹੀ ਇੱਕ ਰੁੱਖ ਸੰਦਲਾਂ ਦਾ ਬਸੇਰਾ ਸੀ।

ਦੂਜੀ ਵਾਰ ਵੀ ਭੰਵਰੇ ਨੇ ਸਿਰਤੋੜ ਯਤਨ ਕੀਤਾ ਪਰ ਕਾਮਯਾਬ ਨਾ ਹੋਇਆ।

ਤੀਸਰੀ ਵਾਰ ਭੰਵਰੇ ਨੇ ਆਪਣੀ ਮੰਜ਼ਿਲ ਨੂੰ ਪਾਉਣ ਦੀ ਮੁਹਿੰਮ ਸੁਚੱਜੇ ਤਰੀਕੇ ਨਾਲ ਆਰੰਭ ਕੀਤੀ। ਉਹ ਜਿਸ ਰੁੱਖ ਤੇ ਕੌਡੀ ਰੱਖਦਾ, ਨਿਸ਼ਾਨੀ ਵਜੋਂ ਉਸ ਰੁੱਖ 'ਤੇ ਕਾਂਟਾ ਮਾਰ ਦਿੰਦਾ। ਇਸ ਤਰ੍ਹਾਂ ਕਰਦਾ ਉਹ ਇੱਕ ਸਧਾਰਨ ਤੇ ਬੇ-ਢਬੇ ਰੁੱਖ ਕੋਲ ਆਇਆ ਜੋ ਪਹਿਲਾਂ ਉਸਦੀਆਂ ਨਜ਼ਰਾਂ ਤੋਂ ਬਚ ਗਿਆ ਸੀ। ਭੰਵਰੇ ਦਾ ਇਹ ਮੰਨਣਾ ਸੀ ਕਿ ਏਦਾਂ ਦੇ ਵਿੰਗੇ ਟੇਡੇ ਰੁੱਖ ਵਿੱਚ ਉਸਦੇ ਸੁਪਨਿਆਂ ਦੀ ਮਲਕਾ ਨਹੀਂ ਹੋ ਸਕਦੀ। ਪਰ ਉਸਦਾ ਅੰਦਾਜਾ ਗ਼ਲਤ ਸੀ, ਜਦ ਹੀ ਉਸਨੇ ਉਸ ਰੁੱਖ ਉੱਪਰ ਕੌਡੀ ਰੱਖੀ ਤਾਂ ਸੁੰਦਰ ਪਰੀ ਵਰਗੀ ਜਵਾਨ ਲੜਕੀ ਨਜ਼ਰ ਆਈ। ਸੰਦਲੀ ਲਿਬਾਸ ਵਿੱਚ ਸਜੀ ਹੋਈ ਸੰਦਲਾਂ ਆਪਣੇ ਕੇਸ ਵਾਹ ਰਹੀ ਸੀ। ਇਸ ਦੋਰਾਨ ਦੋਹਾਂ ਦੀ ਹੀ ਨਜ਼ਰ ਇੱਕ ਦੂਸਰੇ ਉੱਪਰ ਪੈ ਗਈ। ਕੁੱਝ ਪਲ ਬਿਨ੍ਹਾਂ ਪਲਕ ਝਪਕੇ ਉਹ ਇੱਕ-ਦੂਸਰੇ ਨੂੰ ਵੇਖਦੇ ਰਹੇ।

ਸੰਦਲਾਂ ਤੇ ਭੰਵਰਾ ਬਹੁਤ ਦੇਰ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਰਹੇ। ਦੋਵੇਂ ਮਨ ਵਿੱਚ ਵਿਚਾਰ ਰਹੇ ਸਨ ਕਿ ਉਨ੍ਹਾਂ ਨੂੰ ਆਪਣੀ ਮੰਜ਼ਿਲ ਪ੍ਰਾਪਤ ਹੋ ਗਈ ਹੈ। ਅਚਾਨਕ ਸੰਦਲਾਂ ਦੇਖਦੀ ਹੈ ਕਿ ਇੱਕ ਸੱਪ ਵਾਹੋ-ਦਾਹੀ ਭੰਵਰੇ ਨੂੰ ਡਸਣ ਲਈ ਅੱਗੇ ਵਧ ਰਿਹਾ ਹੈ। ਸੰਦਲਾਂ ਨੇ ਭੰਵਰੇ ਨੂੰ ਸੁਚੇਤ ਕੀਤਾ, ਜਦ ਭੰਵਰੇ ਨੇ ਤਲਵਾਰ ਸੂਤ ਲਈ ਤਾਂ ਸੱਪ ਰੂਪੋਸ਼ ਹੋ ਗਿਆ। ਹੁਣ ਸੰਦਲਾਂ ਦਰੱਖਤ ਵਿੱਚੋਂ ਬਾਹਰ ਆ ਚੁੱਕੀ ਸੀ। ਉਸਨੇ ਭੰਵਰੇ ਨੂੰ ਦੱਸਿਆ ਕਿ ਤੈਨੂੰ ਸੱਪ ਤੋਂ ਬਚਾਉਣ ਲਈ ਮੈਨੂੰ ਇਸ ਰੁੱਖ 'ਚੋਂ ਬਾਹਰ ਆਉਣਾ ਪਿਆ। ਭੰਵਰੇ ਨੇ ਜੋਗੀ ਦੁਆਰਾ ਦਿੱਤੀ ਕੌਡੀ ਦੀ ਕਰਾਮਾਤ ਬਾਰੇ ਸੰਦਲਾਂ ਨੂੰ ਦੱਸਿਆ ਕਿ ਜਿੰਨੀ ਦੇਰ ਮੇਰੇ ਪਾਸ ਇਹ ਕੌਡੀ ਰਹੇਗੀ ਓਨ੍ਹੀ ਦੇਰ ਸੱਪ ਮੇਰਾ ਕੁਛ ਨਹੀਂ ਵਿਗਾੜ ਸਕਦੇ।

ਵਸਲ ਦੀਆਂ ਘੜੀਆਂ ਥੋੜ੍ਹੀਆਂ ਹੀ ਬੀਤਦੀਆਂ ਸਨ ਕਿ ਇੱਕ ਗੱਭਰੂ ਅਚਾਨਕ ਦਰੱਖਤ ਉਹਲਿਓ ਨਿਕਲਦਾ ਹੈ ਤੇ ਸੰਦਲਾਂ ਨੂੰ ਘੋੜੇ ਤੇ ਬਿਠਾ ਕੇ ਪਲਾਂ-ਛਿਨਾਂ ਵਿੱਚ ਗਾਇਬ ਹੋ ਜਾਂਦਾ ਹੈ। ਇਹ ਗੱਭਰੂ ਅਸਲ ਵਿੱਚ ਉਹੋ ਛਲੇਡਾ ਸੱਪ ਸੀ। ਇਹ ਸੱਪਾਂ ਦਾ ਰਾਜਾ ਸੀ ਜੋ ਸੰਦਲਾਂ ਦੇ ਹੁਸਨ ਦਾ ਕਾਇਲ ਹੋ ਕੇ ਉਸਨੂੰ ਬੰਦੀ ਬਣਾ ਕੇ ਲੈ ਗਿਆ। ਭੰਵਰਾ ਫਿਰ ਪਾਗਲਾਂ ਵਾਂਗ ਸੰਦਲਾਂ ਦੀ ਤਲਾਸ਼ ਕਰਦਾ ਹੈ, ਪਰ ਉਸਨੂੰ ਸਫਲਤਾ ਨਹੀਂ ਮਿਲਦੀ। ਉੱਧਰ ਸੰਦਲਾਂ ਸੱਪਾਂ ਦੇ ਰਾਜੇ ਦੀਆਂ ਮਿੰਨਤਾਂ ਕਰਦੀ ਹੈ ਕਿ ਮੈਨੂੰ ਮੇਰੇ ਸੁਪਨਿਆਂ ਦੇ ਰਾਜਕੁਮਾਰ ਕੋਲੋਂ ਦੂਰ ਕਰਕੇ ਤੂੰ ਬੜਾ ਭਾਰੀ ਪਾਪ ਕੀਤਾ ਹੈ। ਇਸ ਲਈ ਮੈਨੂੰ ਭੰਵਰੇ ਕੋਲ ਵਾਪਸ ਛੱਡ ਆਵੇ। ਸੱਪ ਸੰਦਲਾਂ ਨੂੰ ਰਾਣੀ ਬਣਾ ਕੇ ਰੱਖਣ ਦੀਆਂ ਗੱਲਾਂ ਕਰਦਾ ਹੈ ਜਿਸਦਾ ਉਸ ਉੱਪਰ ਕੋਈ ਅਸਰ ਨਹੀਂ ਹੁੰਦਾ। ਛਲੇਡਾਂ ਸੱਪ ਉਸਨੂੰ ਧਮਕੀ ਦਿੰਦਾ ਹੈ ਕਿ ਜੇ ਤੂੰ ਪਿਆਰ ਨਾਲ ਨਾਂ ਮੰਨੀ ਤਾਂ ਮੈਂ ਤੈਨੂੰ ਜਬਰਦਸਤੀ ਆਪਣੇ ਘਰ ਵਸਾ ਲਵਾਂਗਾ।

ਸੰਦਲਾਂ ਛਲੇਡੇ ਸੱਪ ਦਾ ਇਹ ਜਵਾਬ ਸੁਣਕੇ ਗੁੱਸੇ ਵਿੱਚ ਆ ਜਾਂਦੀ ਹੈ ਤੇ ਕਹਿੰਦੀ ਹੈ ਕਿ ਮੈਨੂੰ ਦੁਨੀਆਂ ਦੀ ਕੋਈ ਤਾਕਤ ਭੰਵਰੇ ਤੋਂ ਵੱਖ ਨਹੀਂ ਕਰ ਸਕਦੀ। ਇਸ ਲਈ ਮੈਂ ਜਾ ਰਹੀ ਹਾਂ। ਅੱਖ ਝਪਕਣ ਜਿੰਨੇ ਸਮੇਂ ਵਿੱਚ ਸੰਦਲਾਂ ਗਾਇਬ ਹੋ ਗਈ ਅਤੇ ਪੂਰੇ ਜੰਗਲ ਵਿੱਚ ਮਹਿਕ ਤੇ ਖ਼ੁਸ਼ਬੂ ਬਣਕੇ ਪਸਰ ਗਈ। ਸਿਰਫ਼ ਉਸਦੀ ਪਰਛਾਈ ਛਲੇਡੇ ਸੱਪ ਪਾਸ ਰਹਿ ਗਈ। ਜਿਸ ਤੋਂ ਬੇਚੈਨ ਹੋ ਕੇ ਉਹ ਇਧਰ-ਉਧਰ ਭਟਕਣ ਲੱਗਾ, ਦੋ ਦਿਨਾਂ ਵਿੱਚ ਛਲੇਡੇ ਸੱਪ ਨੇ ਅਨੇਕਾਂ ਜੂਨਾ ਬਦਲੀਆਂ ਪਰ ਉਸਨੂੰ ਸੰਦਲਾਂ ਨਾ ਮਿਲੀ। ਮਰਨ ਵੇਲੇ ਉਹ ਆਪਣੀ ਅਸਲੀ ਸੱਪ ਵਾਲੀ ਜੂਨ ਵਿੱਚ ਸੀ। ਉਸਨੇ ਦਰੱਖਤਾਂ ਨਾਲ ਸਿਰ ਮਾਰ-ਮਾਰ ਕਿ ਆਪਣੀ ਜਾਨ ਵਾਰ ਦਿੱਤੀ।

ਭੰਵਰਾ ਉਸੇ ਹੀ ਜਗ੍ਹਾ ਨਿਰਾਸ਼ ਭੁੱਖਾ ਭਾਣਾ ਕਈ ਦਿਨ ਗੁਜਾਰ ਰਿਹਾ ਹੁੰਦਾ ਹੈ। ਸੱਪ ਵੀ ਉਸਨੂੰ ਘੇਰਾ ਘੱਤ ਕੇ ਡੱਸਣ ਲਈ ਨੇੜੇ ਬੈਠੇ ਸਨ ਪਰ ਕੌਡੀ ਦੀ ਕਰਾਮਾਤ ਕਾਰਣ ਆਪਣੇ ਇਰਾਦੇ 'ਚ ਕਾਮਯਾਬ ਨਹੀਂ ਹੋ ਰਹੇ ਸਨ।

ਅਚਾਨਕ ਇੱਕ ਬੁੱਢੇ ਸੱਪ ਨੂੰ ਭੰਵਰੇ ਉੱਪਰ ਤਰਸ ਆ ਜਾਂਦਾ ਹੈ, ਉਸ ਤੋਂ ਭੰਵਰੇ ਦੀ ਤਰਸਯੋਗ ਹਾਲਤ ਬਰਦਾਸ਼ਤ ਨਹੀਂ ਹੁੰਦੀ। ਉਹ ਭੰਵਰੇ ਨੂੰ ਸੱਪਾਂ ਦੇ ਰਾਜੇ ਛਲੇਡੇ ਦੇ ਦੇਸ਼ ਦੀ ਜਾਣਕਾਰੀ ਦਿੰਦਾ ਹੈ। ਭੰਵਰਾ ਦਿਨ ਰਾਤ ਸਫ਼ਰ ਕਰਦਾ, ਉਸਦੇ ਦੇਸ਼ ( ਜੰਗਲ ) 'ਚ ਪਹੁੰਚ ਜਾਂਦਾ ਹੈ। ਜੰਗਲ ਦੀ ਮਹਿਕ ਤੋਂ ਉਸਦਾ ਯਕੀਨ ਬੱਝ ਜਾਂਦਾ ਹੈ ਕਿ ਸੰਦਲਾਂ ਇੱਥੇ ਹੀ ਹੈ। ਪਰ ਜਿਹੜੇ ਵੀ ਦਰੱਖਤ ਤੇ ਕੌਡੀ ਲਾ ਕੇ ਦੇਖਦਾ ਹੈ ਉਸਨੂੰ ਸੰਦਲਾਂ ਦਾ ਪੂਰਾ ਰੂਪ ਨਜ਼ਰ ਆਉਣ ਦੀ ਬਜਾਇ ਉਸਦਾ ਕੋਈ ਇੱਕ ਅੰਗ ਹੀ ਨਜ਼ਰ ਆਉਂਦਾ ਹੈ। ਭੰਵਰੇ ਨੂੰ ਇੱਕ ਤਰਕੀਬ ਸੁੱਝਦੀ ਹੈ। ਉਹ ਅਲੱਗ ਦਰੱਖਤਾਂ ਦੀਆਂ ਟਾਹਣੀਆਂ-ਪੱਤੇ ਇੱਕ ਥਾਂ ਇੱਕਠੇ ਕਰਕੇ ਜਦ ਕੌਡੀ ਲਾਉਂਦਾ ਹੈ ਤਾਂ ਸਾਖ਼ਸ਼ਾਤ ਰੂਪ 'ਚ ਸੰਦਲਾਂ ਪ੍ਰਗਟ ਹੋ ਜਾਂਦੀ ਹੈ। ਭੰਵਰੇ ਦੀ ਖੁਸ਼ੀ ਦਾ ਟਿਕਾਣਾ ਹੀ ਨਹੀਂ ਰਹਿੰਦਾ। ਸੰਦਲਾਂ ਵੀ ਰਾਜਕੁਮਾਰ ਨੂੰ ਪ੍ਰਾਪਤ ਕਰਕੇ ਧੰਨ ਹੋ ਜਾਂਦੀ ਹੈ। ਭੰਵਰਾ ਸੰਦਲਾਂ ਨਾਲ ਸ਼ਾਦੀ ਕਰਕੇ ਆਪਣੇ ਦੇਸ਼ ਪਹੁੰਚਦਾ ਹੈ, ਤਾਂ ਪਰਜਾ ਅਤੇ ਪਰਿਵਾਰ ਵਾਲੇ ਖੁਸ਼ ਹੁੰਦੇ ਹਨ। ਲੋਕਾਂ ਦੀ ਧਾਰਨਾ ਹੈ ਕਿ ਭੰਵਰਾ ਅਤੇ ਸੰਦਲਾਂ ਹਰ ਜੁੱਗ ਵਿੱਚ ਕਿਸੇ ਨਾਂ ਕਿਸੇ ਜੂਨ ਵਿੱਚ ਆਉਂਦੇ ਹਨ, ਮਿਲਦੇ ਹਨ ਤੇ ਵਿਛੜ ਜਾਂਦੇ ਹਨ, ਪਰ ਉਹਨਾਂ ਦੇ ਪਿਆਰ ਦੀ ਕਰਾਮਾਤ ਉਹਨਾਂ ਨੂੰ ਦੁਬਾਰਾ ਫਿਰ ਮਿਲਾ ਦਿੰਦੀ ਹੈ।

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਪਰੀ ਦਾ ਕੀ ਨਾਂ ਸੀ ?

ਪ੍ਰਸ਼ਨ 2. ਸ਼ਹਿਜਾਦੇ ਭੰਵਰੇ ਨੂੰ ਭਾਬੀਆਂ ਨੇ ਕੀ ਤਾਅਨਾ ਮਾਰਿਆ ?

ਪ੍ਰਸ਼ਨ 3. ਜੋਗੀ ਨੇ ਭੰਵਰੇ ਦੀ ਕਿਵੇਂ ਮੱਦਦ ਕੀਤੀ ?

ਪ੍ਰਸ਼ਨ 4. ਸ਼ਹਿਜਾਦੇ ਨੂੰ ਪਰੀ ਕਿਵੇਂ ਮਿਲੀ ?

ਪ੍ਰਸ਼ਨ 5. 'ਸੰਦਲਾਂ ਪਰੀ' ਪਰੀ ਕਥਾ ਦਾ ਸਾਰ ਲਿਖੋ।

BSEB

## (ਅ) ਸ਼ਾਹਣੀ ਚਿੜੀ

ਇੱਕ ਰਿਆਸਤ ਦੇ ਰਾਜੇ ਦੀਆਂ ਰਾਣੀਆਂ ਦੀ ਕੁੱਖੋਂ ਦੋ ਲੜਕੀਆਂ ਦਾ ਜਨਮ ਹੋਇਆ। ਵੱਡੀ ਰਾਣੀ ਦੀ ਲੜਕੀ ਬਹੁਤ ਸੁੰਦਰ ਸੀ। ਇਸ ਕਾਰਨ ਬਚਪਨ ਵਿੱਚ ਹੀ ਕਿਸੇ ਹੋਰ ਰਿਆਸਤ ਦੇ ਰਾਜਕੁਮਾਰ ਨਾਲ ਉਸਦਾ ਵਿਆਹ ਹੋ ਗਿਆ। ਦੂਸਰੀ ਰਾਣੀ ਦੀ ਲੜਕੀ ਦੇ ਨੈਣ-ਨਕਸ਼ ਵੀ ਵੱਡੀ ਰਾਣੀ ਦੀ ਲੜਕੀ ਨਾਲ ਰਲਦੇ-ਮਿਲਦੇ ਸਨ ਪਰ ਉਹ ਸਾਂਵਲੇ ਰੰਗ ਦੀ ਸੀ। ਵੱਡੀ ਲੜਕੀ ਗੋਰੀ ਨਿਛੋਹ ਸੀ। ਵੱਡੀ ਰਾਣੀ ਦੀ, ਲੜਕੀ ਦੇ ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਮੌਤ ਹੋ ਗਈ। ਉਸਦੀ ਮੌਤ ਦੇ ਦੁੱਖ ਵਿੱਚ ਹਾਲੋ-ਬੇਹਾਲ ਹੋਈ ਰਾਣੀ ਦੀ ਲੜਕੀ, ਮਾਂ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਈ। ਛੋਟੀ ਰਾਣੀ ਨੇ ਉਸਨੂੰ ਬਹੁਤ ਪਿਆਰ ਤੇ ਦਿਲਾਸਾ ਦਿੱਤਾ ਕਿ ਉਹ ਕਿਸੇ ਤਰ੍ਹਾਂ ਦੀ ਚਿੰਤਾ ਨਾ ਕਰੇ ਮੈਂ ਉਸਦੀ ਮਾਂ ਬਣਕੇ ਸਾਂਭ-ਸੰਭਾਲ ਕਰਾਂਗੀ, ਦੁੱਖ-ਸੁੱਖ ਵਿੱਚ ਸ਼ਾਮਲ ਹੋਵਾਂਗੀ। ਦੇਰ ਰਾਤ ਤੱਕ ਰਾਜਕੁਮਾਰੀ ਆਪਣੀ ਮਤਰੇਈ ਮਾਂ ਨਾਲ ਦੁੱਖ-ਸੁੱਖ ਫੋਲਦੀ ਰਹੀ।

ਮਤਰੇਈ ਮਾਂ ਨੇ ਰਾਜਕੁਮਾਰੀ ਤੋਂ ਉਸਦੇ ਸਹੁਰੇ ਪਰਿਵਾਰ ਤੇ ਪਤੀ ਬਾਰੇ ਪੁੱਛਿਆ ਤਾਂ ਰਾਜਕੁਮਾਰੀ ਨੇ ਇੱਕ-ਇੱਕ ਕਰਕੇ ਆਪਣੇ ਪਤੀ ਦੇ ਗੁਣਾਂ ਦਾ ਖੁਲਾਸਾ ਕੀਤਾ ਅਤੇ ਨਾਲ ਹੀ ਉਸਨੇ ਆਪਣੇ ਰਾਜੇ ਸਹੁਰੇ ਦੀ ਵੀ ਬੇਹੱਦ ਪ੍ਰਸ਼ੰਸ਼ਾ ਕੀਤੀ। ਜਿਸਦਾ ਗੁਣ-ਗਾਣ ਚਾਰੇ ਦਿਸ਼ਾਵਾਂ ਦੇ ਲੋਕਾਂ ਵੱਲੋਂ ਕੀਤਾ ਜਾਂਦਾ ਸੀ। ਉਸਨੇ ਮਤਰੇਈ ਮਾਂ ਨੂੰ ਦੱਸਿਆ ਕਿ ਮੇਰਾ ਘਰ ਸਵਰਗਾਂ ਨੂੰ ਮਾਤ ਪਾਉਂਦਾ ਹੈ। ਇਹ ਗੱਲ ਸੁਣ ਕੇ ਮਤਰੇਈ ਮਾਂ ਦੇ ਮਨ ਵਿੱਚ ਸਾੜੇ ਦੀ ਭਾਵਨਾ ਪੈਦਾ ਹੋ ਗਈ। ਕਿਉਂਕਿ ਉਹ ਸਮਝਦੀ ਸੀ ਕਿ ਉਸਦੀ ਧੀ ਨੂੰ ਵੱਡੀ ਰਾਣੀ ਦੀ ਬੇਟੀ ਵਰਗਾ ਨਾ ਵਰ ਮਿਲ ਸਕਦਾ ਹੈ ਤੇ ਨਾ ਹੀ ਸ਼ਾਨੋ-ਸ਼ੌਕਤ ਵਾਲਾ ਘਰ। ਮਤਰੇਈ ਮਾਂ ਸਾਰੀ ਰਾਤ ਬੇਚੈਨ ਰਹੀ ਅਤੇ ਕੋਈ ਨਾ ਕੋਈ ਤਰਕੀਬ ਘੜਦੀ ਰਹੀ। ਅੰਤ ਉਸਨੇ ਫ਼ੈਸਲਾ ਕੀਤਾ ਕਿ ਕਿਸੇ ਫੱਫੇਕੁਟਣੀ ਦੀ ਮੱਦਦ ਨਾਲ ਵੱਡੀ ਰਾਣੀ ਦੀ ਲੜਕੀ ਦੀ ਥਾਂ ਉਹ ਆਪਣੀ ਬੇਟੀ ਨੂੰ ਵਾਪਸ ਸਹੁਰੇ ਘਰ ਭੇਜੇ ਤਾਂ ਹੀ ਉਸਦੇ ਮਨ ਨੂੰ ਸ਼ਾਂਤੀ ਆ ਸਕਦੀ ਹੈ। ਫੱਫੇਕੁਟਣੀ ਨੇ ਜਾਦੂਗਰਨੀ ਤੋਂ ਇੱਕ ਕਿੱਲ ਲਿਆ ਕੇ ਮਤਰੇਈ ਮਾਂ ਨੂੰ ਦਿੱਤਾ ਤੇ ਕਿਹਾ ਕਿ ਉਹ ਜੇ ਇਹ ਕਿੱਲ ਵੱਡੀ ਰਾਣੀ ਦੀ ਬੇਟੀ ਦੇ ਸਿਰ ਵਿੱਚ ਚੋਭ ਦੇਵੇ ਤਾਂ ਉਸੇ ਵੇਲੇ ਹੀ ਰਾਜਕੁਮਾਰੀ ਚਿੜੀ ਬਣ ਕੇ ਉੱਡ ਜਾਵੇਗੀ । ਮਤਰੇਈ ਮਾਂ ਨੂੰ ਫੱਫੇਕੁਟਣੀ ਦਾ ਸੁਝਾਅ ਪਸੰਦ ਆ ਗਿਆ। ਜਦ ਵੱਡੀ ਰਾਜਕੁਮਾਰੀ ਆਪਣੇ ਸਹੁਰੇ ਘਰ ਜਾਣ ਲਈ ਤਿਆਰ ਹੋ ਰਹੀ ਸੀ ਤਾਂ ਉਸਦੀ ਮਤਰੇਈ ਮਾਂ ਨੇ ਜੁਲਫ਼ਾਂ ਗੁੰਦਣ ਦੇ ਬਹਾਨੇ ਚਲਾਕੀ ਨਾਲ ਉਸਦੇ ਸਿਰ ਵਿੱਚ ਕਿੱਲ ਗੱਡ ਦਿੱਤਾ ਅਤੇ ਰਾਜਕੁਮਾਰੀ ਚਿੜੀ ਬਣਕੇ ਬਨੇਰੇ ਉੱਤੇ ਚਹਿਕਣ ਲੱਗੀ। ਮਤਰੇਈ ਮਾਂ ਨੇ ਇੱਕ ਪੱਥਰ ਮਾਰ ਕੇ ਉਸਨੂੰ ਉੱਡਾ ਦਿੱਤਾ। ਫਿਰ ਮਤਰੇਈ ਮਾਂ ਨੇ ਆਪਣੀ ਧੀ ਨੂੰ ਸ਼ਾਹੀ ਡੋਲੇ ਵਿੱਚ ਬਿਠਾ ਕੇ ਵਿਦਾ ਕੀਤਾ। ਜਦ ਰਾਜਕੁਮਾਰ ਨੇ ਆਪਣੀ ਪਤਨੀ ਦਾ ਰੰਗ ਰੂਪ ਵੇਖਿਆ ਤਾਂ ਉਹ ਘਬਰਾ ਗਿਆ ਤੇ ਰਾਣੀ ਤੋਂ ਉਸਦੇ ਬਦਲੇ ਰੰਗ ਰੂਪ ਬਾਰੇ ਪੁੱਛਿਆ। ਰਾਜਕੁਮਾਰੀ ਨੇ ਆਖਿਆ,"ਮੈਂ ਆਪਣੀ ਮਾਂ ਦੇ ਵਿਯੋਗ ਵਿੱਚ ਸੜ ਕੇ ਕੋਲੇ ਵਰਗੀ ਹੋ ਗਈ ਹਾਂ। ਉਂਜ ਨਕਸ਼ਾਂ ਵਿੱਚ ਭਾਵੇਂ ਕੋਈ ਫਰਕ ਨਹੀਂ ਪਿਆ।" ਰਾਜਕੁਮਾਰ ਨਕਲੀ ਰਾਜਕੁਮਾਰੀ ਦਾ ਜਵਾਬ ਸੁਣ ਕੇ ਚੁੱਪ ਹੋ ਗਿਆ । ਦਿਨ ਲੰਘਦੇ ਗਏ । ਇੱਕ ਦਿਨ ਰਾਜੇ ਦੇ ਬਾਗ਼ ਵਿੱਚ ਇੱਕ ਚਿੜੀ ਆਈ। ਜਦ ਮਾਲੀ ਨੇ ਉਸਨੂੰ ਉਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਗਾਉਣ ਲੱਗੀ :-

ਮਾਲੀਆ ਵੇ ਮਾਲੀਆ,

ਵੇ ਸੂਲ ਮੋਈ ਆਂ।

ਮੈਂ ਮਹਿਲਾਂ ਦੀ ਰਾਣੀ

ਕੱਖੋਂ ਹੌਲੀ ਹੋਈ ਹਾਂ।

* * *

ਫਿਰ ਚਿੜੀ ਰੋਣ ਲੱਗ ਪਈ। ਉਸ ਦੀਆਂ ਅੱਖਾਂ ਦੇ ਹੰਝੂ ਮੋਤੀ ਬਣਕੇ ਡਿੱਗਣ ਲੱਗੇ। ਮਾਲੀ ਹੈਰਾਨ ਸੀ ਕਿ ਇਹ ਕੀ ਭਾਣਾ ਵਰਤ ਰਿਹਾ ਹੈ ? ਉਸਨੇ ਕਿਹਾ,"ਸ਼ਾਹਣੀਏ ਚਿੜੀਏ ! ਤੂੰ ਰੋਦੀਂ ਕਿਉਂ ਐ ? ਤੂੰ ਕਦੇ ਕਦੇ ਹੱਸ ਵੀ ਲਿਆ ਕਰ।" ਜਦ ਮਾਲੀ ਦੀ ਗੱਲ ਮੰਨ ਕੇ ਚਿੜੀ ਹੱਸੀ ਤਾਂ ਉੱਥੇ ਲਾਲਾਂ ( ਹੀਰੇ-ਜਵਾਹਰ ) ਦਾ ਢੇਰ ਲੱਗ ਗਿਆ। ਮਾਲੀ ਨੇ ਚਿੜੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਚਿੜੀ ਉੱਡ ਗਈ ਪਰ ਉਸਦਾ ਸੋਨੇ ਦਾ ਖੰਭ ਹੇਠਾਂ ਡਿੱਗ ਪਿਆ। ਮਾਲੀ ਨੇ ਚਿੜੀ ਦੀ ਮਿੰਨਤ ਕੀਤੀ ਕਿ ਮੈਂ ਤੈਨੂੰ ਕਦੇ ਨਹੀਂ ਫੜਾਂਗਾ ਪਰ ਤੂੰ ਰੋਜ਼ ਬਾਗ਼ ਵਿੱਚ ਆਇਆ ਕਰ। ਮਾਲੀ ਮੋਤੀ, ਲਾਲ ਤੇ ਸੋਨੇ ਦਾ ਖੰਭ ਲੈ ਕੇ ਜਦ ਘਰੇ ਪਹੁੰਚਿਆ ਤਾਂ ਮਾਲਣ ਹੈਰਾਨ ਰਹਿ ਗਈ। ਜਦ ਮਾਲੀ ਨੇ ਇਹਨਾਂ ਨੂੰ ਵੇਚ ਕੇ ਅਮੀਰ ਬਣਨ ਦੀ ਗੱਲ ਆਖੀ ਤਾਂ ਮਾਲਣ ਨੇ ਸਿਆਣਪ ਵਰਤੀ ਕਿ ਇਹਨਾਂ ਨੂੰ ਵੇਚਣ ਦੀ ਥਾਂ ਉਹ ਰਾਜਕੁਮਾਰ ਕੋਲ ਲੈ ਜਾਵੇ ਤੇ ਰਾਜਕੁਮਾਰ ਬਦਲੇ ਵਿੱਚ ਉਸਨੂੰ ਢੇਰ ਸਾਰਾ ਇਨਾਮ ਦੇਵੇਗਾ।

ਮਾਲੀ ਨੇ ਰਾਜਕੁਮਾਰ ਨੂੰ ਬਾਗ਼ ਵਿੱਚ ਆਉਂਦੀ ਚਿੜੀ ਦੀ ਸਾਰੀ ਕਹਾਣੀ ਦੱਸ ਦਿੱਤੀ। ਰਾਜਕੁਮਾਰ ਚਿੜੀ ਨੂੰ ਵੇਖਣ ਲਈ ਬਹੁਤ ਹੀ ਵਿਆਕੁਲ ਸੀ। ਦਿਨ ਚੜ੍ਹਦੇ ਸਾਰ ਹੀ ਉਹ ਬਾਗ਼ ਵਿੱਚ ਪਹੁੰਚ ਗਿਆ। ਚਿੜੀ ਨੇ ਝਟਪਟ ਰਾਜਕੁਮਾਰ ਕੋਲ ਆ ਕੇ ਉਹੋ ਗੀਤ ਦੁਹਰਾਇਆ। ਫਿਰ ਉਸਦੇ ਰੋਣ ਨਾਲ ਮੋਤੀ ਕਿਰੇ ਅਤੇ ਹੱਸਣ ਨਾਲ ਲਾਲ ਡਿੱਗੇ। ਰਾਜਕੁਮਾਰ ਇਹ ਕੌਤਕ ਵੇਖ ਕੇ ਬਹੁਤ ਹੈਰਾਨ ਹੋਇਆ। ਗਾਉਣ ਵਾਲੀ ਚਿੜੀ ਦੀ ਗੱਲ ਜਦ ਨਕਲੀ ਰਾਜਕੁਮਾਰੀ ਦੇ ਕੰਨੀ ਪਈ ਤਾਂ ਉਹ ਭੱਜੀ ਭੱਜੀ ਬਾਗ਼ ਵਿੱਚ ਆਈ ਤੇ ਉਸਨੇ ਰਾਜਕੁਮਾਰ ਨੂੰ ਚਿੜੀ ਤੋਂ ਦੂਰ ਰਹਿਣ ਲਈ ਕਿਹਾ। ਨਕਲੀ ਰਾਣੀ ਨੇ ਮਾਲੀ ਨੂੰ ਵੀ ਲਾਲਚ ਦਿੱਤਾ ਕਿ ਜੇ ਉਹ ਇਸ ਚਿੜੀ ਨੂੰ ਮਾਰ ਦੇਵੇਗਾ ਤਾਂ ਉਹ ਉਸਨੂੰ ਮੂੰਹ ਮੰਗਿਆ ਇਨਾਮ ਦੇਵੇਗੀ ਪਰ ਮਾਲੀ ਦਾ ਮਨ ਨਾ ਮੰਨਿਆ।

ਇੱਕ ਦਿਨ ਰਾਜਕੁਮਾਰ ਜਦ ਬਾਗ਼ ਵਿੱਚ ਸੈਰ ਕਰ ਰਿਹਾ ਸੀ ਤਾਂ ਸ਼ਾਹਣੀ ਚਿੜੀ ਨੇ ਗਾਉਣਾ ਸ਼ੁਰੂ ਕਰ ਦਿੱਤਾ:-

ਰਾਜਿਆ ਵੇ ਰਾਜਿਆ,

ਮੈਂ ਸੂਲ ਮੋਈ ਆਂ।

ਮਹਿਲਾਂ ਦੀ ਮੈਂ ਰਾਣੀ,

ਕੱਖੋਂ ਹੌਲੀ ਹੋਈ ਆਂ।

* * *

ਬਾਗ਼ ਵਿੱਚ ਚਿੜੀ ਦੇ ਹੰਝੂਆਂ ਨਾਲ ਮੋਤੀਆਂ ਦੇ ਢੇਰ ਲੱਗ ਗਏ। ਰਾਜਕੁਮਾਰ ਨੇ ਚਿੜੀ ਨੂੰ ਚੋਗ ਪਾਈ ਤੇ ਪਿਆਰ ਨਾਲ ਫੜ ਲਿਆ। ਉਸਨੇ ਮਾਲੀ ਨੂੰ ਸੋਨੇ ਦੇ ਪਿੰਜਰੇ ਦਾ ਪ੍ਰਬੰਧ ਕਰਨ ਲਈ ਆਖਿਆ। ਰਾਜਕੁਮਾਰ ਨੇ ਜਦ ਚਿੜੀ ਨੂੰ ਪੁਚਕਾਰਿਆ ਤਾਂ ਉਸ ਦੇ ਮਨ ਨੂੰ ਧਰਵਾਸ ਆਇਆ। ਜਦ ਨਕਲੀ ਰਾਣੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸਨੇ ਰਾਜਕੁਮਾਰ ਨੂੰ ਚਿੜੀ ਨੂੰ ਮਾਰ ਦੇਣ ਲਈ ਆਖਿਆ ਤੇ ਕਿਹਾ ਕਿ ਇਹ ਤਾਂ ਮਨੁੱਖ ਵਾਂਗ ਬੋਲਦੀ ਹੈ ਜ਼ਰੂਰ ਕੋਈ ਨਾ ਕੋਈ ਭਾਣਾ ਵਾਪਰ ਸਕਦਾ ਏ। ਪਰ ਜਦ ਹੀ ਰਾਜਕੁਮਾਰ ਦਾ ਹੱਥ ਸ਼ਾਹਣੀ ਚਿੜੀ ਦੇ ਸਿਰ ਤੇ ਗੱਡੇ ਕਿੱਲ ਤੇ ਗਿਆ ਤਾਂ ਉਸਨੇ ਝੱਟਪਟ ਕਿੱਲ ਬਾਹਰ ਖਿੱਚ ਲਿਆ। ਜਾਦੂ ਦਾ ਕਿੱਲ ਨਿਕਲਣ ਦੀ ਦੇਰ ਹੀ ਸੀ ਕਿ ਚਿੜੀ ਰੂਪ ਵਟਾ ਕੇ ਰਾਜਕੁਮਾਰੀ ਬਣ ਗਈ। ਜਦ ਅਸਲੀ ਰਾਜਕੁਮਾਰੀ ਨੇ ਆਪਣੇ ਰਾਜਕੁਮਾਰ ਨੂੰ ਸਾਰੀ ਕਹਾਣੀ ਦੱਸੀ ਤਾਂ ਉਸਨੂੰ ਨਕਲੀ ਰਾਜਕੁਮਾਰੀ ਤੇ ਬਹੁਤ ਕ੍ਰੋਧ ਆਇਆ ਤੇ ਉਸਨੇ ਉਹੀ ਕਿੱਲ ਨਕਲੀ ਰਾਜਕੁਮਾਰੀ ਦੇ ਸਿਰ ਵਿੱਚ ਗੱਡ ਦਿੱਤਾ। ਰਾਜਕੁਮਾਰ ਨੇ ਨਕਲੀ ਰਾਜਕੁਮਾਰੀ, ਜਿਹੜੀ ਚਿੜੀ ਬਣ ਚੁੱਕੀ ਸੀ, ਨੂੰ ਪਿੰਜਰੇ ਵਿੱਚ ਬੰਦ ਕਰਕੇ ਉਸਦੀ ਮਾਂ ਕੋਲ ਘੱਲ ਦਿੱਤਾ। ਫਿਰ ਰਾਜਕੁਮਾਰ ਤੇ ਰਾਜਕੁਮਾਰੀ ਪਹਿਲਾਂ ਵਾਂਗ ਖੁਸ਼ੀਆਂ ਭਰਿਆ ਜੀਵਨ ਬਿਤਾਉਣ ਲੱਗੇ।

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਮਤਰੇਈ ਮਾਂ ਨੇ ਰਾਜਕੁਮਾਰੀ ਨਾਲ ਕੀ ਚਲਾਕੀ ਕੀਤੀ?

ਪ੍ਰਸ਼ਨ 2. ਜਦ ਮਾਲੀ ਚਿੜੀ ਨੂੰ ਉਡਾਉਣ ਲੱਗਿਆ ਤਾਂ ਉਸਨੇ ਕਿਹੜਾ ਗੀਤ ਗਾਇਆ?

ਪ੍ਰਸ਼ਨ 3. ਨਕਲੀ ਰਾਜਕੁਮਾਰੀ ਚਿੜੀ ਦਾ ਕੌਤਕ ਵੇਖ ਕੇ ਕਿਉਂ ਪਰੇਸ਼ਾਨ ਹੋਈ?

ਪ੍ਰਸ਼ਨ 4. ਰਾਜਕੁਮਾਰ ਨੇ ਨਕਲੀ ਰਾਜਕੁਮਾਰੀ ਨਾਲ ਕੀ ਸਲੂਕ ਕੀਤਾ?

ਪ੍ਰਸ਼ਨ 5. 'ਸ਼ਾਹਣੀ ਚਿੜੀ' ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

BSER

# (ੲ) ਅਨਾਰਾ ਸ਼ਹਿਜਾਦੀ

ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਰਿਆਸਤ ਦੇ ਰਾਜੇ ਦੇ ਘਰ ਸੱਤ ਪੁੱਤਰਾਂ ਨੇ ਜਨਮ ਲਿਆ। ਜਦ ਉਹ ਨੌਜਵਾਨ ਹੋ ਗਏ ਤਾਂ ਰਾਜੇ ਦੇ ਮਨ ਵਿੱਚ ਇੱਛਾ ਜਾਗੀ ਕਿ ਕੋਈ ਅਜਿਹਾ ਘਰ ਪਰਿਵਾਰ ਲੱਭਿਆ ਜਾਵੇ ਜਿਸ ਦੀਆਂ ਸੱਤ ਧੀਆਂ ਹੋਣ। ਰਾਜੇ ਦੇ ਮਨ ਵਿੱਚ ਵਿਚਾਰ ਘਰ ਕਰ ਗਿਆ ਕਿ ਅਜਿਹਾ ਕਰਨ ਨਾਲ ਉਸਦੇ ਪੁੱਤਰ ਤੇ ਨੂੰਹਾਂ ਪਿਆਰ ਨਾਲ ਜੀਵਨ ਬਸਰ ਕਰਨਗੇ। ਰਾਜੇ ਨੇ ਆਪਣੇ ਮਨ ਦੀ ਇੱਛਾ ਪੂਰੀ ਕਰਨ ਲਈ ਇਹ ਜਿੰਮਾ ਖ਼ਾਨਦਾਨੀ ਬ੍ਰਾਹਮਣ ਨੂੰ ਦਿੱਤਾ। ਰਾਜੇ ਦਾ ਹੁਕਮ ਮੰਨ ਕੇ ਪ੍ਰੋਹਿਤ ਆਪਣੇ ਮਕਸਦ ਦੀ ਪੂਰਤੀ ਲਈ ਬਹੁਤ ਦੂਰ ਤੱਕ ਪਹੁੰਚ ਗਿਆ। ਉਸਨੂੰ ਰਾਤ ਪੈ ਗਈ। ਉਹ ਵਿਸ਼ਰਾਮ ਲਈ ਨਗਰ ਦੀ ਧਰਮਸ਼ਾਲਾਂ ਵਿੱਚ ਰੁਕਿਆ ਤਾਂ ਉੱਥੇ ਹੀ ਕੋਈ ਹੋਰ ਰਿਆਸਤ ਦਾ ਪੰਡਤ ਰੁਕਿਆ ਹੋਇਆ ਸੀ। ਆਪਸੀ ਗੱਲਬਾਤ ਹੋਈ ਤਾਂ ਪਹਿਲੇ ਪੰਡਤ ਨੇ ਆਪਣੀ ਯਾਤਰਾ ਦਾ ਮਕਸਦ ਦੱਸਿਆ। ਦੂਜੇ ਪੰਡਤ ਦੀ ਅੱਖਾਂ ਵਿੱਚ ਚਮਕ ਆ ਗਈ। ਜਦ ਉਸਨੇ ਦੱਸਿਆ ਕਿ ਮੇਰੀ ਰਿਆਸਤ ਦੇ ਬਾਦਸ਼ਾਹ ਨੇ ਵੀ ਮੈਨੂੰ ਸੱਤਾਂ ਰਾਜਕੁਮਾਰੀਆਂ ਲਈ ਇੱਕੋ ਘਰ ਲੱਭਣ ਦੀ ਜਿੰਮੇਵਾਰੀ ਦਿੱਤੀ ਹੈ। ਦੋਹਾਂ ਰਿਆਸਤਾਂ ਦੇ ਪੰਡਤਾਂ ਨੂੰ ਰਾਜਕੁਮਾਰੀਆਂ ਤੇ ਰਾਜਕੁਮਾਰਾਂ ਦੀ ਉਮਰ ਵਿੱਚ ਵੀ ਸਮਾਨਤਾ ਮਿਲੀ। ਦੋਹਾਂ ਨੂੰ ਆਪਣਾ ਮਕਸਦ ਪੂਰਾ ਹੋਣ, ਦੀ ਅਥਾਹ ਪ੍ਰਸੰਨਤਾ ਹੋਈ ਖੁਸ਼ੀ-ਖੁਸ਼ੀ ਉਹ ਆਪਣੇ ਆਪਣੇ ਟਿਕਾਣੇ ਲਈ ਵਿਦਾ ਹੋ ਗਏ।

ਜਦ ਰਿਆਸਤਾਂ ਦੇ ਰਾਜਿਆਂ ਨੂੰ ਸੂਚਨਾ ਮਿਲੀ ਤਾਂ ਉਨ੍ਹਾਂ ਨੇ ਖੁਸ਼ੀ-ਖੁਸ਼ੀ ਬੱਚਿਆ ਦਾ ਰਿਸ਼ਤਾ ਤੈਅ ਕਰ ਲਿਆ। ਪੰਡਤਾਂ ਨੇ ਸਾਹਾ ਬੰਨ੍ਹ ਕੇ ਵਿਆਹ ਦੀ ਮਿਤੀ ਨਿਸ਼ਚਿਤ ਕੀਤੀ। ਜਦ ਵਿਆਹ ਦਾ ਦਿਨ ਨੇੜੇ ਆਇਆ ਤਾਂ ਸਭ ਤੋ ਛੋਟਾ ਰਾਜਕੁਮਾਰ ਸ਼ਾਦੀ ਤੋਂ ਇਸ ਕਰਕੇ ਇਨਕਾਰੀ ਹੋ ਗਿਆ ਕਿ ਉਹ ਤਾਂ ਹਾਲੇ ਬਹੁਤ ਛੋਟਾ ਹੈ ਤੇ ਉਹ ਆਪਣੇ ਲਈ ਮਰਜ਼ੀ ਦੀ ਕੰਨਿਆ ਤਲਾਸ਼ ਕਰੇਗਾ। ਛੋਟੇ ਨੂੰ ਮਨਾਉਣ ਦੀ ਬਹੁਤ ਕੋਸ਼ਿਸ਼ਾਂ ਹੋਈਆਂ ਪਰ ਸਭ ਵਿਅਰਥ। ਅੰਤ ਛੇ ਪੁੱਤਰਾਂ ਦਾ ਹੀ ਵਿਆਹ ਸੰਪੰਨ ਕਰਨਾ ਪਿਆ।

ਜਦੋਂ ਛੇ ਰਾਜਕੁਮਾਰੀਆਂ ਆਪਣੇ ਸੁਹਰੇ ਪਰਿਵਾਰ ਵਿੱਚ ਆਈਆਂ ਤਾਂ ਉਹ ਛੋਟੇ ਦੀ ਸੁੰਦਰਤਾ ਵੇਖ ਕੇ ਬਹੁਤ ਖੁਸ਼ ਹੋਈਆਂ। ਉਨ੍ਹਾਂ ਨੇ ਮਤਾਂ ਪਕਾਇਆਂ ਕਿ ਕਿਵੇਂ ਨਾ ਕਿਵੇਂ ਆਪਾਂ ਇਸ ਨੂੰ ਮਨਾ ਕੇ, ਛੋਟੀ ਭੈਣ ਇਸੇ ਦੇ ਘਰ ਵਸਾਵਾਂਗੀਆਂ। ਉਨ੍ਹਾਂ ਨੇ ਹਰ ਰੋਜ਼ ਇੱਕ ਇੱਕ ਕਰਕੇ ਸੁੰਦਰ ਸਵਾਦਲੇ ਪਕਵਾਨ ਪਰੋਸਣੇ ਸ਼ੁਰੂ ਕਰ ਦਿੱਤੇ। ਬਹਾਨੇ ਨਾਲ ਵਾਰੋਂ ਵਾਰੀ ਆਪਣੀ ਭੈਣ ਦੀ ਸੁੰਦਰਤਾ ਦਾ ਜ਼ਿਕਰ ਵੀ ਕੀਤਾ ਤੇ ਢਲਦੀ ਉਮਰ ਕਾਰਨ ਕੁਆਰੇ ਰਹਿ ਜਾਣ ਦਾ ਖਦਸ਼ਾ ਵੀ ਪ੍ਰਗਟਾਇਆ। ਜਦ ਛੇਵੀਂ ਰਾਜਕੁਮਾਰੀ ਨੇ ਰਾਜਕੁਮਾਰ ਦੀ ਰੋਟੀ ਵਰਜੀ ਤੇ ਅਨੇਕਾਂ ਤਰ੍ਹਾਂ ਦੇ ਲੋਭ ਲਾਲਚ ਦੇ ਕੇ ਵੀ ਉਹ ਰਾਜਕੁਮਾਰ ਨੂੰ ਆਪਣੀ ਭੈਣ ਨਾਲ ਵਿਆਹ ਲਈ ਰਾਜੀ ਨਾ ਕਰ ਸਕੀ ਤਾਂ ਉਹ ਗੁੱਸੇ ਵਿੱਚ ਆ ਕੇ ਰਾਜਕੁਮਾਰ ਨੂੰ ਤਾਨ੍ਹਾ ਮਾਰਦੀ ਹੈ ਕਿ ਮੈਂ ਵੇਖਾਂਗੀ ਜਦ ਤੂੰ ਅਨਾਰਾਂ ਸ਼ਹਿਜਾਦੀ ਵਿਆਹ ਕੇ ਲਿਆਵੇਂਗਾ। ਛੋਟਾ ਰਾਜਕੁਮਾਰ ਆਪਣੀ ਭਰਜਾਈ ਦੀ ਚੁਣੌਤੀ ਨੂੰ ਸਵੀਕਾਰ ਕਰ ਲੈਂਦਾ ਹੈ।

ਰਾਜਕੁਮਾਰ ਆਪਣੀ ਮਾਂ ਤੋਂ ਅਨਾਰਾਂ ਦੀ ਸੁੰਦਰਤਾ ਤੇ ਟਿਕਾਣੇ ਬਾਰੇ ਪੁੱਛਦਾ ਹੈ ਤਾਂ ਮਾਂ ਜਵਾਬ ਦਿੰਦੀ ਹੈ ਕਿ ਅਨਾਰਾਂ ਬਾਰੇ ਸਭ ਸੁਣੀਆਂ ਸੁਣਾਈਆਂ ਗੱਲਾਂ ਹਨ। ਇਸ ਲਈ ਉਹ ਪਾਗਲ ਨਾ ਬਣੇ। ਪਰ ਰਾਜਕੁਮਾਰ ਆਪਣੇ ਹੱਠ ਤੇ ਕਾਇਮ ਸੀ। ਉਸਨੇ ਆਪਣੀ ਮਾਂ ਨੂੰ ਆਖਿਆ ਕਿ ਜੇ ਇਸ ਘਰ ਵਿੱਚ ਡੋਲੀ ਆਏਗੀ ਤਾਂ ਸਿਰਫ ਅਨਾਰਾਂ ਦੀ ਵਰਨਾ ਮੈਂ ਮੁੜ ਕੇ ਇਸ ਮਹਿਲ ਵਿੱਚ ਪੈਰ ਨਹੀਂ ਪਾਉਣਾ।

ਰਾਜਕੁਮਾਰ ਕਈ ਦਿਨ ਟੁਰਦਾ ਗਿਆ ਟੁਰਦਾ ਗਿਆ ਅੰਤ ਇੱਕ ਜੰਗਲ ਵਿਚਲੇ ਬਾਗ਼ ਵਿੱਚ

ਜਾ ਕੇ ਹੈਰਾਨ ਹੋ ਗਿਆ ਕਿ ਉਸਦੇ ਸਾਰੇ ਫੁੱਲ ਟਾਹਣੀਆ ਮੁਰਝਾਏ ਪਏ ਸਨ। ਜਦ ਉਹ ਆਸੇ ਪਾਸੇ ਧਿਆਨ ਮਾਰਦਾ ਹੈ ਤਾਂ ਉਸਦੀ ਨਜ਼ਰ ਇੱਕ ਝੁੱਗੀ ਤੇ ਪੈਂਦੀ ਹੈ, ਜਿੱਥੇ ਇੱਕ ਸਾਧੂ ਸਮਾਧੀ 'ਚ ਲੀਨ ਨਜ਼ਰ ਆਉਂਦਾ ਹੈ। ਇਹ ਬਾਗ਼ ਉਸ ਸਾਧੂ ਦਾ ਹੀ ਸੀ। ਜਦ ਉਹ ਸਮਾਧੀ 'ਚ ਚਲਾ ਜਾਂਦਾ ਤਾਂ ਕਈ ਮਹੀਨੇ ਨਾ ਪਰਤਦਾ, ਜਿਸ ਕਰਕੇ ਇਹ ਬਾਗ਼ ਸੁੱਕ ਜਾਂਦਾ। ਰਾਜਕੁਮਾਰ ਨੇ ਸਾਧੂ ਦੀ ਸਮਾਧੀ ਭੰਗ ਕਰਨ ਦੀ ਥਾਂ ਬਾਗ਼ ਦੀ ਸੇਵਾ ਕਰਨੀ ਠੀਕ ਸਮਝੀ। ਉਸਨੇ ਨਦੀ ਤੋਂ ਪਾਣੀ ਲਿਆ-ਲਿਆ ਕੇ, ਬੂਟਿਆਂ ਨੂੰ ਪਾਇਆ ਅਤੇ ਬਾਗ ਹਰਿਆ-ਭਰਿਆ ਹੋ ਗਿਆ। ਜਦ ਸਾਧੂ ਦੀ ਸਮਾਧੀ ਖੁੱਲ੍ਹੀ ਤਾਂ ਬਾਗ਼ ਦੀ ਰੌਣਕ ਵੇਖ ਕੇ ਹੈਰਾਨ ਹੋ ਗਿਆ। ਸਾਧੂ ਨੇ ਇੱਕ ਦਰੱਖਤ ਥੱਲੇ ਘੂਕ ਸੁੱਤਾ ਨੌਜਵਾਨ ਦੇਖਿਆ, ਸਾਧੂ ਨੂੰ ਯਕੀਨ ਹੋ ਗਿਆ ਕੇ ਏਸੇ ਦੀ ਸੇਵਾ ਸਦਕਾ ਬਾਗ਼ ਹਰਿਆ ਭਰਿਆ ਹੈ। ਜਦ ਰਾਜਕੁਮਾਰ ਦੀ ਅੱਖ ਖੁੱਲ੍ਹੀ ਤਾਂ ਸਾਧੂ ਨੇ ਖ਼ੁਸ਼ ਹੋ ਕੇ ਆਖਿਆ ਕਿ ਮੈਂ ਤੇਰੀ ਸੇਵਾ ਤੋਂ ਬੇਹੱਦ ਪ੍ਰਸੰਨ ਹਾਂ। ਇਸ ਬਦਲੇ ਮੈਂ ਤੇਰੀ ਕੋਈ ਵੀ ਇੱਛਾ ਪੂਰੀ ਕਰ ਸਕਦਾ ਹਾਂ। ਉਹ ਆਪਣੇ ਮੂੰਹੋ ਬੋਲ ਕਿ ਦੱਸੇ। ਦੋ ਵਾਰ ਤਾਂ ਰਾਜਕੁਮਾਰ ਨੇ ਨਾਂਹ ਨੁੱਕਰ ਕੀਤੀ। ਪਰ ਜਦ ਰਾਜਕੁਮਾਰ ਨੂੰ ਸਾਧੂ ਨੇ ਆਖਿਆ ਕਿ ਸੰਕੋਚ ਨਾ ਕਰੇ ਜੋ ਵੀ ਮੰਗੇਂਗਾ ਮੁਰਾਦ ਪੂਰੀ ਹੋ ਜਾਵੇਗੀ ਤਾਂ ਰਾਜਕੁਮਾਰ ਨੇ ਆਪਣੀ ਵਿਥਿਆ ਸੁਣਾਈ ਤੇ ਅਨਾਰਾਂ ਨੂੰ ਵਿਆਹ ਕੇ ਲੈ ਜਾਣ ਦਾ ਇਰਾਦਾ ਦੱਸਿਆ। ਸਾਧੂ ਕਿਉਂਕਿ ਬਹੁਤ ਪ੍ਰਸੰਨ ਸੀ, ਉਸਨੇ ਨਦੀ ਪਾਰ ਕਰਕੇ ਇੱਕ ਅਨਾਰਾਂ ਦੇ ਬਾਗ ਦਾ ਪਤਾ ਦੱਸਿਆ, ਤੇ ਕਿਹਾ ਕਿ ਉਥੇ ਰਾਜਕੁਮਾਰੀ ਅਨਾਰਾਂ ਤਲਾਸ਼ੀ ਜਾ ਸਕਦੀ ਹੈ। ਸਾਧੂ ਨੇ ਇੱਕ ਖਿੱਦੋ ਦਿੱਤੀ ਤੇ ਕਿਹਾ ਕਿ ਇਸਨੂੰ ਉਛਾਲਣ ਨਾਲ ਉਹ ਖਿੱਦੋ ਦਾ ਪਿੱਛਾ ਕਰੇ , ਜਿਸ ਅਨਾਰ ਦੇ ਬੂਟੇ ਥੱਲੇ ਇਹ ਖਿੱਦੋ ਜਾ ਕੇ ਰੁਕੇ, ਉਸ ਬੂਟੇ ਦੇ ਸਭ ਤੋਂ ਵੱਡੇ ਅਨਾਰ ਨੂੰ ਤੋੜ ਲਵੇ ਉਸ ਵਿੱਚੋਂ ਸ਼ਹਿਜਾਦੀ ਅਨਾਰਾਂ ਨਿਕਲ ਆਵੇਗੀ, ਨਾਲ ਹੀ ਸਾਧੂ ਨੇ ਰਾਜਕੁਮਾਰ ਨੂੰ ਚੁਕੰਨਾ ਕੀਤਾ ਕਿ ਅਨਾਰ ਨੂੰ ਮਹਿਲਾਂ ਵਿੱਚ ਜਾ ਕੇ ਹੀ ਚੀਰੇ। ਜੇ ਰਸਤੇ ਵਿੱਚ ਇਹ ਕੰਮ ਕੀਤਾ ਤਾਂ ਉਸ ਤੋਂ ਅਨਾਰਾਂ ਦੀ ਸੁੰਦਰਤਾਂ ਦੀ ਝਾਲ ਨਹੀਂ ਝੱਲੀ ਜਾਣੀ। ਉਹ ਕਿਸੇ ਵੀ ਬਿਪਤਾ ਵਿੱਚ ਪੈ ਸਕਦਾ ਹੈ। ਰਾਜਕੁਮਾਰ ਨੇ ਸਤਿ ਬਚਨ ਕਹਿ ਕੇ ਸਾਧੂ ਤੋਂ ਵਿਦਾ ਲਈ ਤੇ ਨਦੀ ਪਾਰ ਕਰਕੇ ਅਨਾਰਾਂ ਦੇ ਅਦਭੁੱਤ ਬਾਗ ਵਿੱਚ ਪਹੁੰਚ ਕੇ ਖਿੱਦੋ ਉਛਾਲੀ ਤੇ ਉਸ ਦਾ ਪਿੱਛਾ ਕਰਦਾ-ਕਰਦਾ ਉਸ ਬੂਟੇ ਕੋਲ ਪਹੁੰਚ ਗਿਆ ਜਿੱਥੇ ਖਿੱਦੋ ਰੁਕੀ ਸੀ। ਰਾਜਕੁਮਾਰ ਨੇ ਸਭ ਤੋਂ ਵੱਡੇ ਅਨਾਰ ਨੂੰ ਤੋੜਿਆ ਤੇ ਘਰ ਦੀ ਰਾਹ ਫੜ੍ਹ ਲਈ। ਜਦ ਉਹ ਆਪਣੇ ਸ਼ਾਹੀ ਬਾਗ ਵਿੱਚ ਆਇਆ ਤਾਂ ਉਸ ਦੇ ਮਨ ਵਿੱਚ ਸ਼ੰਕਾ ਆਈ ਕਿ ਜੇ ਅਨਾਰ ਵਿੱਚੋ ਸ਼ਹਿਜਾਦੀ ਨਾ ਨਿਕਲੀ ਤਾਂ ਭਾਬੀਆਂ ਵੀ ਮਿਹਣੇ ਦੇਣਗੀਆਂ ਨਾਲੇ ਲੋਕ ਮਖੌਲ ਉਡਾਉਂਣਗੇ। ਕਿਉਂ ਨਾ ਅਨਾਰ ਚੀਰ ਕੇ ਵੇਖ ਲਿਆ ਜਾਵੇ, ਫਿਰ ਰਾਜਕੁਮਾਰ ਦੇ ਮਨ 'ਚ ਸਾਧੂ ਦਾ ਬਚਨ ਯਾਦ ਅਇਆ, ਉਸ ਨੇ ਸੋਚਿਆ ਕਿ ਬਾਗ਼ ਤਾਂ ਉਸਦੇ ਬਾਪ ਦਾ ਹੀ ਹੈ, ਇਸ ਲਈ ਇੱਥੇ ਕਿਹੜੀ ਮੁਸੀਬਤ ਪੈ ਸਕਦੀ ਹੈ। ਉਸ ਨੇ ਰੱਬ ਦਾ ਨਾਮ ਲੈ ਕੇ ਅਨਾਰ ਚੀਰਿਆ ਤਾਂ ਛਣ-ਛਣ ਕਰਦੀ ਲਾਲ ਸੂਹੇ ਵੇਸ ਵਾਲੀ ਸ਼ਹਿਜਾਦੀ ਪ੍ਰਗਟ ਹੋ ਗਈ। ਉਹੀ ਗੱਲ ਵਾਪਰੀ ਰਾਜਕੁਮਾਰ ਸੁੰਦਰ ਸ਼ਹਿਜਾਦੀ ਨੂੰ ਵੇਖਣ ਸਾਰ ਬੇਹੋਸ਼ ਹੋ ਗਿਆ। ਅਨਾਰਾਂ ਨੇ ਰਾਜਕੁਮਾਰ ਦਾ ਸਿਰ ਆਪਣੀ ਝੋਲੀ 'ਚ ਰੱਖ ਲਿਆ ਤੇ ਉਸਦੀ ਹੋਸ਼ ਪਰਤਣ ਦਾ ਇੰਤਜ਼ਾਰ ਕਰਨ ਲੱਗੀ।

ਐਨ ਓਸੇ ਮੌਕੇ ਮਹਿਲਾਂ ਤੋਂ ਇੱਕ ਝੀਵਰੀ ਪਾਣੀ ਭਰਨ ਬਾਗ ਵਿੱਚ ਆ ਗਈ। ਉਹ ਬੜੀ ਚਲਾਕ ਸੀ, ਸੁੰਦਰ ਸ਼ਹਿਜਾਦੀ ਨੂੰ ਵੇਖਣ ਸਾਰ ਉਸਨੇ ਅੰਦਾਜਾ ਲਾ ਲਿਆ ਕਿ ਰਾਜਕੁਮਾਰ ਤਾਂ ਸੁਪਨਿਆ ਦੀ ਰਾਜਕੁਮਾਰੀ ਨੂੰ ਲਿਆਉਣ 'ਚ ਕਾਮਯਾਬ ਹੋ ਗਿਆ। ਝੀਵਰੀ ਨੇ ਸ਼ਹਿਜਾਦੀ ਦੇ ਹੁਸਨ ਦੀ ਤਾਰੀਫ਼ ਕੀਤੀ ਤੇ ਪਿਆਰ ਨਾਲ ਆਖਿਆ ਉਹ ਫਿਕਰ ਨਾ ਕਰੇ ਮੈਂ ਮਹਿਲਾਂ ਦੀ ਵਫਾਦਾਰ ਸੇਵਿਕਾ ਹਾਂ। ਜਦ ਤੱਕ

ਰਾਜਕੁਮਾਰ ਨੂੰ ਹੋਸ਼ ਨਹੀਂ ਆਉਂਦੀ ਉਹ ਉਸਨੂੰ ਸੈਰ ਕਰਵਾਉਂਦੀ ਹੈ। ਸ਼ਹਿਜਾਦੀ ਸੁੰਦਰ ਸੀ। ਝੀਵਰੀ ਦੇ ਨਕਸ਼ ਤਾਂ ਸੁੰਦਰ ਸਨ ਪਰ ਰੰਗਦੀ ਸਾਂਵਲੀ ਸੀ। ਉਸਦੇ ਮਨ ਵਿੱਚ ਰਾਣੀ ਬਣਨ ਦੀ ਲਾਲਸਾ ਜਾਗ ਪਈ। ਉਹ ਸ਼ਹਿਜਾਦੀ ਨੂੰ ਪਿਆਸ ਲੱਗਣ ਤੇ ਖੂਹ ਤੇ ਲੈ ਗਈ। ਦੋਹਾਂ ਨੇ ਪਾਣੀ ਵਿੱਚ ਆਪਣੀਆਂ ਸੂਰਤਾਂ ਵੇਖੀਆਂ। ਝੀਵਰੀ ਨੇ ਸ਼ਹਿਜਾਦੀ ਨੂੰ ਬੇਨਤੀ ਕੀਤੀ ਕਿ ਮੈਂ ਤੇਰੇ ਕੱਪੜੇ ਪਹਿਨ ਕੇ ਵੇਖਣਾ ਚਾਹੁੰਦੀ ਹਾਂ ਕਿ ਕਿੰਨ੍ਹੀ ਕੁ ਸੁੰਦਰ ਲੱਗਾਗੀ ? ਰਾਜਕੁਮਾਰੀ ਨੇ ਕਿਹਾ ਕਿ ਉਹ ਨਿਰਵਸਤਰ ਨਹੀਂ ਰਹਿ ਸਕਦੀ। ਝੀਵਰੀ ਨੇ ਝੱਟ ਕਿਹਾ ਕਿ ਉਹ ਥੋੜੇ ਸਮੇਂ ਲਈ ਉਸਦੇ ਸਾਦਾ ਕੱਪੜੇ ਪਾ ਲਵੇ। ਸ਼ਹਿਜਾਦੀ ਰਜ਼ਾਮੰਦ ਹੋ ਗਈ। ਦੋਹਾਂ ਨੇ ਆਪਸ ਵਿੱਚ ਪਹਿਰਾਵਾ ਬਦਲ ਲਿਆ। ਜਦ ਉਨ੍ਹਾਂ ਦੁਬਾਰਾ ਖੂਹ ਤੇ ਆ ਕੇ ਪਾਣੀ 'ਚ ਮੂੰਹ ਵੇਖਿਆ ਤਾਂ ਬੜੀ ਚਲਾਕੀ ਨਾਲ ਝੀਵਰੀ ਨੇ ਸ਼ਹਿਜਾਦੀ ਨੂੰ ਧੱਕਾ ਦੇ ਦਿੱਤਾ। ਉਹ ਜਲਦੀ ਨਾਲ ਰਾਜਕੁਮਾਰ ਕੋਲ ਪਹੁੰਚ ਗਈ ਜਦ ਰਾਜਕੁਮਾਰ ਨੇ ਸੂਹੇ ਕੱਪੜਿਆ 'ਚ ਝੀਵਰੀ ਨੂੰ ਦੇਖਿਆ ਤਾਂ ਮਨ ਵਿੱਚ ਸ਼ੰਕਾ ਆਈ ਕਿ ਪਹਿਲਾ ਤਾਂ ਇਹ ਛਮ-ਛਮ ਕਰਦੀ ਗੋਰੀ ਚਿੱਟੀ ਸੀ। ਅਚਾਨਕ ਇਹ ਕੀ ਹੋ ਗਿਆ ? ਫਿਰ ਉਸਦੇ ਮਨ ਵਿੱਚ ਵਿਚਾਰ ਆਇਆ ਕਿ ਸ਼ਾਇਦ ਸਾਧੂ ਮਹਾਤਮਾ ਦੀ ਗੱਲ ਨਾ ਮੰਨਣ ਦਾ ਇਹ ਸਰਾਪ ਹੋਵੇ।

ਸ਼ਹਿਜਾਦੇ ਨੇ ਮਾਲੀ ਹੱਥ ਰਾਜੇ ਨੂੰ ਸੁਨੇਹਾ ਭੇਜਿਆ ਕਿ ਉਹ ਸ਼ਹਿਜਾਦੀ ਅਨਾਰਾਂ ਨੂੰ ਲੈ ਆਇਆ ਹੈ। ਦੋਹਾਂ ਨੂੰ ਵਾਜਿਆਂ ਗਾਜਿਆਂ ਨਾਲ ਮਹਿਲਾਂ ਵਿੱਚ ਲਿਜਾਇਆ ਗਿਆ। ਜਦ ਉਸ ਦੀਆਂ ਭਾਬੀਆਂ ਨੇ ਸ਼ਹਿਜਾਦੀ ਦਾ ਘੁੰਡ ਚੱਕ ਕੇ ਵੇਖਿਆ ਤਾਂ ਸਧਾਰਨ ਸ਼ਕਲ ਸੂਰਤ ਵੇਖ ਕੇ ਘੁਸਰ-ਮੁਸਰ ਕਰਨ ਲੱਗੀਆਂ। ਪਰ ਰਾਜੇ ਨੇ ਆਪਣੀਆਂ ਨੂੰਹਾਂ ਨੂੰ ਸਮਝਾ-ਬੁਝਾ ਕੇ ਚੁੱਪ ਕਰਾ ਦਿੱਤਾ। ਕੁਝ ਦਿਨਾਂ ਬਾਅਦ ਬਾਗ਼ ਦੇ ਖੂਹ ਵਿੱਚ ਇੱਕ ਖੂਬਸੂਰਤ ਫੁੱਲ ਉੱਗ ਪਿਆ, ਜੋ ਵੀ ਫੁੱਲ ਵੇਖ ਕੇ ਆਪਣਾ ਹੱਥ ਵਧਾਕੇ ਤੋੜਨ ਦਾ ਯਤਨ ਕਰਦਾ ਫੁੱਲ ਨੀਵਾਂ ਹੋ ਜਾਂਦਾ। ਪੂਰੇ ਇਲਾਕੇ ਵਿੱਚ ਫੁੱਲ ਦੀ ਚਰਚਾ ਹੋ ਗਈ। ਕਿਸੇ ਦੇ ਵੀ ਹੱਥ ਇਹ ਫੁੱਲ ਨਾ ਲੱਗਿਆ। ਝੀਵਰੀ ਦੇ ਕੰਨੀ ਜਦ ਇਹ ਗੱਲ ਪਈ ਤਾਂ ਬੜੀ ਚਲਾਕੀ ਨਾਲ ਬਿਮਾਰੀ ਦਾ ਬਹਾਨਾ ਬਣਾਕੇ ਉਹ ਮੰਜੀ ਤੇ ਲੇਟ ਗਈ। ਸਭ ਖਾਣਾ ਪੀਣਾ ਛੱਡ ਦਿੱਤਾ। ਇਕੋ ਹੀ ਰਟ ਫੜ ਲਈ : ਸੂਲ ਮਰਨੀ ਆਂ, ਸੂਲ ਮਰਨੀ ਆਂ। ਸ਼ਹਿਜਾਦੇ ਨੇ ਪੁੱਛਿਆ ਕਿ ਤੇਰਾ ਸੂਲ ਕਿਵੇਂ ਮੱਠਾ ਪਵੇਗਾ ? ਝੀਵਰੀ ਨੇ ਆਖਿਆ ਕਿ ਜੇ ਖੂਹ ਵਾਲਾ ਲਾਲ ਫੁੱਲ ਤੋੜਕੇ ਮੇਰੇ ਮੱਥੇ ਤੇ ਮਲੇ ਤਾਂ ਮੈਂ ਠੀਕ ਹੋ ਸਕਦੀ ਹਾਂ।

ਜਦ ਰਾਜਕੁਮਾਰ ਨੇ ਖੂਹ ਵਿੱਚ ਫੁੱਲ ਵੇਖਿਆ ਤਾਂ ਉਸਦੀ ਸੁੰਦਰਤਾ ਵੇਖਕੇ ਅਚੰਭਿਤ ਹੋ ਗਿਆ। ਜਦ ਲੋਕ ਹੱਥ ਵਧਾਉਂਦੇ ਤਾਂ ਫੁੱਲ ਨੀਵਾਂ ਹੋ ਜਾਂਦਾ ਪਰ ਜਦ ਰਾਜਕੁਮਾਰ ਨੇ ਹੱਥ ਵਧਾਇਆ ਤਾਂ ਉੱਚਾ ਹੋ ਗਿਆ। ਰਾਜਕੁਮਾਰ ਨੇ ਫੁੱਲ ਤੋੜਿਆ ਤੇ ਮਹਿਲਾ ਵਿੱਚ ਲੈ ਆਇਆ। ਝੀਵਰੀ ਖੁਸ਼ ਸੀ ਕਿ ਹੁਣ ਮੇਰੀ ਠੱਗੀ ਨੂੰ ਕੋਈ ਨਹੀਂ ਫੜ੍ਹ ਸਕਦਾ ! ਜਦੋਂ ਫੁੱਲ ਨੂੰ ਤੋੜ ਮਰੋੜ ਕੇ ਬਰੀਕ ਪੀਹ ਕੇ ਝੀਵਰੀ ਦੇ ਮੱਥੇ ਤੇ ਮਲਿਆ ਗਿਆ ਤਾਂ ਝੀਵਰੀ ਦੇ ਸੱਚ ਮੁੱਚ ਦਰਦ ਹੋਣਾ ਸ਼ੁਰੂ ਹੋ ਗਿਆ ਤਾਂ ਉਸਨੇ ਹਾਲ ਦੁਹਾਈ ਮਚਾ ਦਿੱਤੀ। ਉਸਨੇ ਫੁੱਲ ਦਾ ਲੇਪ ਮੱਥੇ ਤੋਂ ਉਤਾਰ ਕੇ ਮਹਿਲਾ ਦੇ ਪਿਛਵਾੜੇ ਸੁੱਟ ਦਿੱਤਾ। ਕੁਝ ਦਿਨਾਂ ਬਾਅਦ ਜਦ ਝੀਵਰੀ ਨੇ ਪਿੱਛੇ ਧਿਆਨ ਮਾਰਿਆ ਤਾਂ ਫੁੱਲ ਦੇ ਲੇਪ ਤੋਂ ਕੁਲਫੇ ਦਾ ਸਾਗ ਉੱਗ ਪਿਆ। ਆਪਣਾ ਭਾਂਡਾਂ ਭੱਜਣ ਦਾ ਡਰ ਘਰ ਕਰ ਗਿਆ ਤੇ ਉਹ ਫੇਰ ਮੰਜੀ ਤੇ ਲੇਟ ਗਈ ਤੇ ਸੂਲ ਮਰਨੀ ਆਂ, ਸੂਲ ਮਰਨੀ ਆਂ ਕਰਨ ਲੱਗੀ। ਸ਼ਹਿਜਾਦੇ ਨੇ ਫੇਰ ਸੂਲ ਠੀਕ ਹੋਣ ਦਾ ਇਲਾਜ ਪੁੱਛਿਆ। ਝੀਵਰੀ ਕਹਿੰਦੀ ਜੇ ਮੈਨੂੰ ਮਹਿਲ ਦੇ ਪਿਛਵਾੜੇ ਕੁਲਫੇ ਦਾ ਸਾਗ ਲਿਆ ਦੇਵੇਂ ਤਾਂ ਸੂਲ ਠੀਕ ਹੋ ਸਕਦਾ ਹੈ। ਸ਼ਹਿਜਾਦੇ ਨੇ ਸਾਗ ਲਿਆ ਕੇ ਝੀਵਰੀ ਨੂੰ ਦੇ ਦਿੱਤਾ। ਉਸਨੇ ਕੜਾਈ ਵਿੱਚ ਪਾ ਕੇ ਸਾਗ ਰਿੰਨਣਾ ਸ਼ੁਰੂ ਕੀਤਾ ਤਾਂ ਕੜਾਹੀ 'ਚ ਅਵਾਜ਼ ਆਉਣ ਲੱਗੀ : ਬੁੜਕ ਬੁੜਕ ਕੁੰਨੀਏ, ਝੀਵਰੀ ਦਾ ਸਿਰ ਮੁੰਨੀਏ। ਝੀਵਰੀ ਨੇ ਕੜਾਹੀ ਤੇ ਢੱਕਣ

ਦੇ ਦਿੱਤਾ ਪਰ ਅਵਾਜ਼ ਬੰਦ ਨਾ ਹੋਈ। ਝੀਵਰੀ ਨੂੰ ਭਾਂਡਾਂ ਭੱਜਣ ਦਾ ਡਰ ਸਤਾਉਣ ਲੱਗਾ। ਉਸਨੇ ਸਾਗ ਨੂੰ ਖੂਬ ਘੋਟਿਆ ਪਰ ਅਵਾਜ਼ ਫਿਰ ਵੀ ਬੰਦ ਨਾ ਹੋਈ। ਬੁੜਕ ਬੁੜ ਕੁੰਨੀਏ, ...... ਝੀਵਰੀ ਦਾ ਸਿਰ ਮੁੰਨੀਏ। ਗੁੱਸੇ 'ਚ ਆ ਕੇ ਝੀਵਰੀ ਨੇ ਸਾਗ ਵਾਲਾ ਭਾਡਾਂ ਮਹਿਲਾਂ ਦੇ ਪਿੱਛੇ ਸੁੱਟ ਦਿੱਤਾ ਜਿੱਥੇ ਜਿੱਥੇ ਸਾਗ ਵਾਲੇ ਪਾਣੀ ਦੇ ਛਿੱਟੇ ਡਿਗੇ ਉੱਥੇ ਸੁੰਦਰ ਬਾਗ਼ ਉੱਗ ਪਿਆ। ਹੁਣ ਅਵਾਜ਼ ਬੰਦ ਹੋ ਚੁੱਕੀ ਸੀ। ਐਨ ਬਾਗ਼ ਦੇ ਵਿਚਕਾਰ ਅਨਾਰ ਦਾ ਬੂਟਾ ਝੂਮਣ ਲੱਗਾ। ਉਸ ਨਾਲ ਇੱਕ ਵੱਡਾ ਸਾਰਾ ਅਨਾਰ ਲਟਕਣ ਲੱਗਾ। ਝੀਵਰੀ ਫਿਰ ਸੂਲ ਮਰਨੀ ਆਂ, ਸੂਲ ਮਰਨੀ ਆਂ ਦਾ ਰਾਗ ਅਲਾਪਣ ਲੱਗੀ। ਸ਼ਹਿਜਾਦੇ ਨੇ ਜਦ ਆਪਣੇ ਦੁੱਖ ਦਾ ਨਿਵਾਰਣ ਦਾ ਇਲਾਜ ਪੁੱਛਿਆ ਤਾਂ ਝੀਵਰੀ ਨੇ ਮਹਿਲਾਂ ਦੇ ਪਿੱਛੇ ਵਾਲਾ ਬਾਗ਼ ਪੁਟਾ ਦੇਣ ਦੀ ਦੁਹਾਈ ਦਿੱਤੀ। ਸ਼ਹਿਜਾਦੇ ਨੇ ਫੌਰਨ ਸ਼ਹਿਰ 'ਚ ਮੁਨਾਦੀ ਕਰਵਾ ਦਿੱਤੀ ਕਿ ਮਹਿਲਾ ਦੇ ਪਿਛਲਾ ਬਾਗ ਕੋਈ ਵੀ ਪੁਟਾ ਕੇ ਲਿਜਾ ਸਕਦਾ ਹੈ। ਇਲਾਕੇ ਦੇ ਲੋਕ ਬਾਗ਼ ਵਿੱਚ ਵੜ ਗਏ, ਰੰਗ-ਬਰੰਗੇ ਫੁੱਲ ਤੋੜਨ ਲੱਗੇ। ਥੋੜ੍ਹੇ ਸਮੇਂ 'ਚ ਹੀ ਲੋਕਾਂ ਨੇ ਬਾਗ਼ ਉਜਾੜ ਦਿੱਤਾ। ਇੱਕ ਬੁੱਢੀ ਔਰਤ ਦੇ ਮੁੰਡੇ ਨੇ ਜਦ ਬਾਗ਼ 'ਚੋਂ ਫਲ੍ਹ ਫੁੱਲ ਤੋੜਨ ਦੀ ਇੱਛਾ ਜਗਾਈ ਤਾਂ ਡਰਦੀ ਹੋਈ ਮਾਂ ਨੇ ਕਿਹਾ ਪਤਾ ਨਹੀਂ ਉੱਥੇ ਕੀ ਭਾਣਾ ਵਾਪਰ ਜਾਏ ? ਉਹ ਮੂਲ ਨਾ ਉੱਥੇ ਜਾਵੇ। ਜਦੋ ਸਾਰਾ ਬਾਗ਼ ਲੋਕ ਲੁੱਟ ਪੁੱਟ ਕੇ ਚਲੇ ਗਏ ਤਾਂ ਬੁੱਢੀ ਦਾ ਮੁੰਡਾ ਵੀ ਉੱਥੇ ਪਹੁੰਚਿਆ ਤਾਂ ਉੱਥੇ ਕੇਵਲ ਅਨਾਰਾਂ ਦਾ ਬੂਟਾ ਹੀ ਬਚਿਆ ਸੀ। ਉਸ ਬੂਟੇ ਦਾ ਵੱਡਾ ਅਨਾਰ ਬੁੱਢੀ ਦੇ ਮੁੰਡੇ ਨੇ ਚੁਪ ਚਾਪ ਤੋੜਕੇ ਆਪਣੇ ਘਰ ਲਿਆਦਾਂ। ਜਦ ਉਸ ਨੇ ਬੁੱਢੀ ਨੂੰ ਅਨਾਰ ਵਿਖਾਇਆਂ ਤਾਂ ਬੁੱਢੀ ਨੇ ਅਨਾਰ ਖੋਹ ਕੇ ਕੋਠੇ ਅੰਦਰ ਛੁਪਾ ਦਿੱਤਾ।

ਰਾਤ ਵੇਲੇ ਮਾਂ ਪੁੱਤ ਜਦ ਅਨਾਰ ਚੀਰਨ ਲੱਗੇ ਤਾਂ ਉਸ ਵਿੱਚੋਂ ਅਵਾਜ਼ ਆਈ ਮਾਈ ਧਿਆਨ ਨਾਲ ਚੀਰੀ ਕਿਤੇ ਮੇਰਾ ਕੋਈ ਅੰਗ ਨਾ ਕੱਟਿਆ ਜਾਵੇ। ਅਵਾਜ਼ ਸੁਣਨ ਸਾਰ ਮਾਂ ਪੁੱਤ ਹੱਕੇ ਬੱਕੇ ਰਹਿ ਗਏ। ਜਦ ਉਨ੍ਹਾਂ ਨੇ ਦਰਵਾਜਾ ਬੰਦ ਕਰਕੇ ਬੜੀ ਸਾਵਧਾਨੀ ਨਾਲ ਅਨਾਰ ਚੀਰਿਆ ਤਾਂ ਸੂਹੇ ਵੇਸ ਵਾਲੀ ਸੁੰਦਰ ਸ਼ਹਿਜਾਦੀ ਅਨਾਰਾਂ ਉਸ ਵਿੱਚੋਂ ਪ੍ਰਗਟ ਹੋ ਗਈ। ਸ਼ਹਿਜਾਦੀ ਨੇ ਆਪਣੀ ਸਾਰੀ ਹਕੀਕਤ ਬੁੱਢੀ ਨੂੰ ਦੱਸੀ ਤੇ ਆਪਣੀ ਧੀ ਬਣਕੇ ਰੱਖਣ ਦੀ ਬੇਨਤੀ ਕੀਤੀ। ਬੁੱਢੀ ਨੇ ਸ਼ਹਿਜਾਦੀ ਦੀ ਤਜਵੀਜ਼ ਖੁਸ਼ੀ-ਖੁਸ਼ੀ ਪਰਵਾਨ ਕਰ ਲਈ। ਅਨਾਰਾਂ ਨੇ ਬੁੱਢੀ ਨੂੰ ਆਖਿਆ ਕਿ ਮੈਨੂੰ ਬਜ਼ਾਰ ਤੋਂ ਕੱਪੜਾ ਅਤੇ ਰੇਸ਼ਮੀ ਧਾਗੇ ਲਿਆ ਦਿਓ ਕਿਉਂਕਿ ਮੈਂ ਸਾਰਾ ਦਿਨ ਵਿਹਲੀ ਰਹਿ ਰਹਿ ਅੱਕ ਗਈ ਹਾਂ। ਮੈਂ ਸੁੰਦਰ ਰੁਮਾਲ ਕੱਢਣਾ ਚਾਹੁੰਦੀ ਹਾਂ। ਅਨਾਰਾਂ ਨੂੰ ਬਜਾਰ ਤੋਂ ਸਾਰੀਆਂ ਚੀਜਾਂ ਮੰਗਵਾ ਦਿੱਤੀਆਂ ਗਈਆਂ। ਅਨਾਰਾਂ ਨੇ ਬਹੁਤ ਹੀ ਖੂਬਸੂਰਤ ਰੁਮਾਲ ਕੱਢਿਆਂ ਤੇ ਬੁੱਢੀ ਦੇ ਮੁੰਡੇ ਨੂੰ ਬੇਨਤੀ ਕੀਤੀ ਕਿ ਭਰਾ ਜੀ, ਇਹ ਰੁਮਾਲ ਜੇ ਤੁਸੀਂ ਛੋਟੇ ਰਾਜਕੁਮਾਰ ਨੂੰ ਦੇ ਦਿਓਗੇ ਤਾਂ ਉਹ ਤੁਹਾਨੂੰ ਬਹੁਤ ਖੂਬਸੂਰਤ ਤੇ ਮਹਿੰਗੇ ਤੋਹਫੇ ਦੇਵੇਗਾ।

ਬੁੱਢੀ ਦਾ ਪੁੱਤਰ ਖੁਸ਼ੀ-ਖੁਸ਼ੀ ਰੁਮਾਲ ਲੈ ਕੇ ਸ਼ਹਿਜਾਦੇ ਕੋਲ ਗਿਆ । ਸ਼ਹਿਜਾਦਾ ਰੁਮਾਲ ਦੀ ਖੂਬਸੂਰਤੀ ਵੇਖਣ ਸਾਰ ਇਤਨਾ ਪ੍ਰਸੰਨ ਹੋਇਆ ਕਿ ਉਸਨੇ ਢੇਰ ਸਾਰਾ ਇਨਾਮ ਉਸ ਮੁੰਡੇ ਨੂੰ ਦੇ ਦਿੱਤਾ। ਹਰ ਰੋਜ਼ ਇੱਕ ਰੁਮਾਲ ਸ਼ਹਿਜਾਦੇ ਕੋਲ ਲੈ ਜਾਂਦਾ ਤੇ ਸ਼ਹਿਜਾਦਾ ਮੋਟੀ ਰਕਮ ਮੁੰਡੇ ਨੂੰ ਦੇ ਦਿੰਦਾ। ਮੁੰਡੇ ਨੇ ਸ਼ਹਿਜਾਦੇ ਨੂੰ ਦੱਸਿਆ ਸੀ ਕਿ ਰੁਮਾਲ ਉਸ ਦੀ ਭੈਣ ਕੱਢਦੀ ਹੈ। ਸ਼ਹਿਜਾਦੇ ਦੇ ਮਨ ਹੀ ਮਨ ਵਿੱਚ ਐਨੇ ਸੋਹਣੇ ਰੁਮਾਲ ਕੱਢਣ ਵਾਲੀ ਲੜਕੀ ਦੀ ਸੂਰਤ ਵੇਖਣ ਦੀ ਰੀਝ ਜਾਗੀ। ਉਹ ਸ਼ਹਿਜਾਦੇ ਨੂੰ ਜਦ ਪਤਾ ਲੱਗਾ ਕਿ ਉਸ ਦੀ ਭੈਣ ਕੁਆਰੀ ਹੈ ਤਾਂ ਮੁੰਡੇ ਨੂੰ ਘਰ ਲੈ ਜਾਣ ਦਾ ਹੁਕਮ ਦਿੱਤਾ। ਸ਼ਹਿਜਾਦੇ ਦੀ ਇੱਛਾ

ਅੱਗੇ ਸਿਰ ਝੁਕਾਉਂਦੇ ਹੋਏ ਉਹ ਸ਼ਹਿਜਾਦੇ ਨੂੰ ਘਰ ਲੈ ਗਿਆ। ਜਦ ਉਸਨੇ ਅਨਾਰਾਂ ਦੀ ਖ਼ੂਬਸੂਰਤੀ ਵੇਖੀ ਤਾਂ ਉਸਦੀ ਭੁੱਲੀ ਵਿਸਰੀ ਯਾਦ ਤਾਜ਼ੀ ਹੋਣ ਲੱਗੀ। ਅਨਾਰ ਚੀਰਨ ਵੇਲੇ ਦੀ ਗੱਲ ਵੀ ਹੂ ਬ ਹੂ ਚੇਤੇ ਆਈ ਜਿਸ ਵਿੱਚੋ ਏਸੇ ਤਰ੍ਹਾਂ ਦੀ ਸ਼ਹਿਜਾਦੀ ਪ੍ਰਗਟ ਹੋਈ ਸੀ।

ਰਾਜੇ ਨੇ ਸ਼ਹਿਜਾਦੀ ਨੂੰ ਸੁਆਲ ਕੀਤਾ ਕਿ ਤੇਰਾ ਰੂਪ ਤੇ ਪਹਿਰਾਵਾਂ ਕਿਸੇ ਸਧਾਰਨ ਘਰ ਦੀ ਲੜਕੀ ਦੀ ਦੱਸ ਨਹੀਂ ਪਾਉਂਦਾ, ਜ਼ਰੂਰ ਕੋਈ ਰਾਜ ਹੈ। ਤੂੰ ਤਾਂ ਕੋਈ ਸ਼ਹਿਜਾਦੀ ਜਾਪਦੀ ਏ। ਅਨਾਰਾਂ ਦੇ ਮੂੰਹੋ ਕੋਈ ਉਤਰ ਨਿਕਲਣ ਦੀ ਬਜਾਇ ਅੱਖਾਂ ਵਿੱਚੋਂ ਹੰਝੂ ਕਿਰਨ ਲੱਗੇ। ਸ਼ਹਿਜਾਦੇ ਨੇ ਰੋਣ ਦੀ ਵਜ੍ਹਾ ਪੁੱਛੀ ਤਾਂ ਉਸਨੇ ਜਵਾਬ ਦਿੱਤਾ ਕਿ ਮੈਂ ਆਪਦੀ ਹੀ ਦਾਸੀ ਹਾਂ। ਬੁੱਢੀ ਮਾਈ ਨੇ ਸਾਰੀ ਹਕੀਕਤ ਬਿਆਨ ਕੀਤੀ ਕਿ ਸ਼ਹਿਜਾਦਾ ਇਹੋ ਤੁਹਾਡੀ ਅਸਲੀ ਅਨਾਰਾਂ ਸ਼ਹਿਜਾਦੀ ਹੈ। ਅਨਾਰਾਂ ਦੇ ਮੂੰਹੋ ਸ਼ਹਿਜਾਦੇ ਨੇ ਉਸਦੀ ਦੁਖਦਾਈ ਗਾਥਾ ਸੁਣੀ ਤਾਂ ਗੁੱਸੇ ਨਾਲ ਅੱਗ ਬਗੁੱਲਾ ਹੋ ਗਿਆ। ਉਸਨੇ ਝੀਵਰੀ ਦਾ ਮੂੰਹ ਕਾਲਾ ਕਰਕੇ ਖੋਤੇ ਤੇ ਬਿਠਾਇਆਂ ਤੇ ਉਸਦੇ ਨੱਕ ਕੰਨ ਕਟਵਾ ਦਿੱਤੇ। ਏਥੇ ਹੀ ਬੱਸ ਨਹੀਂ ਝੀਵਰੀ ਦੀ ਦੇਹ ਨੂੰ ਕਾਵਾਂ ਕੁੱਤਿਆਂ ਨੇ ਨੋਚ-ਨੋਚ ਖਾਧਾ।

ਅੰਤ ਅਨਾਰਾਂ ਨਾਲ ਸ਼ਹਿਜਾਦੇ ਦਾ ਬਹੁਤ ਧੂਮ-ਧਾਮ ਨਾਲ ਵਿਆਹ ਸੰਪੰਨ ਹੋਇਆ। ਬਹੁਤ ਸਾਲ ਸ਼ਹਿਜਾਦਾ ਤੇ ਅਨਾਰਾਂ ਨੇ ਜੀਵਨ ਦਾ ਅਨੰਦ ਭੋਗਿਆ। ਜਦ ਸ਼ਹਿਜਾਦੇ ਦੀ ਮੌਤ ਹੋ ਗਈ ਤਾਂ ਅਨਾਰਾਂ ਅਚਾਨਕ ਮਹਿਲਾ 'ਚੋਂ ਅਲੋਪ ਹੋ ਗਈ ਤੇ ਕਿਸੇ ਅਨਾਰ ਵਿੱਚ ਜਾ ਲੁਕੀ। ਉਹ ਅੱਜ ਵੀ ਕਿਸੇ ਅਨਾਰ ਵਿੱਚ ਹੈ ਪਰ ਕਿਸੇ ਨੂੰ ਇਸਦੀ ਜਾਣਕਾਰੀ ਨਹੀਂ।

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਅਨਾਰਾਂ ਸ਼ਹਿਜਾਦੀ ਨੂੰ ਲੱਭਣ ਲਈ ਸਾਧੂ ਨੇ ਰਾਜਕੁਮਾਰ ਨੂੰ ਕੀ ਤਰੀਕਾ ਦੱਸਿਆ ਸੀ?

ਪ੍ਰਸ਼ਨ 2. ਅਨਾਰਾਂ ਸ਼ਹਿਜਾਦੀ ਕਿੱਥੇ ਰਹਿੰਦੀ ਸੀ?

ਪ੍ਰਸ਼ਨ 3. ਝੀਵਰੀ ਨੇ ਅਨਾਰਾਂ ਸ਼ਹਿਜਾਦੀ ਨੂੰ ਕਿਵੇਂ ਧੋਖਾ ਦਿੱਤਾ?

ਪ੍ਰਸ਼ਨ 4. ਨਕਲੀ ਰਾਣੀ ਝੀਵਰੀ ਨੇ ਪਹਿਲੀ ਵਾਰੀ ਹੋਏ ਸੂਲ ਨੂੰ ਹਟਾਉਣ ਲਈ ਰਾਜੇ ਨੂੰ ਕੀ ਕਰਨ ਲਈ ਆਖਿਆ ਸੀ?

ਪ੍ਰਸ਼ਨ 5. ਰਾਜੇ ਨੂੰ ਅਨਾਰਾਂ ਸ਼ਹਿਜਾਦੀ ਦੀ ਹਕੀਕਤ ਦਾ ਪਤਾ ਕਿਵੇਂ ਲੱਗਾ?

ਪ੍ਰਸ਼ਨ 6. ਅਨਾਰਾਂ ਸ਼ਹਿਜਾਦੀ ਦੀ ਖ਼ੂਬਸੂਰਤੀ ਨੂੰ ਵੇਖ ਕੇ ਰਾਜੇ ਤੇ ਕੀ ਬੀਤੀ ਸੀ?

ਪ੍ਰਸ਼ਨ 7. ਰਾਜੇ ਦੀ ਮੌਤ ਤੋਂ ਬਾਅਦ ਅਨਾਰਾਂ ਸ਼ਹਿਜਾਦੀ ਨਾਲ ਕੀ ਹੋਇਆ?

BSER

# 3. ਦੰਤ-ਕਥਾਵਾਂ

'ਦੰਤ-ਕਥਾਵਾਂ', ਲੋਕ-ਕਥਾਵਾਂ ਦਾ ਮਹੱਤਵਪੂਰਨ ਹਿੱਸਾ ਹਨ। ਪੰਜਾਬੀ ਲੋਕ ਸਾਹਿਤ ਵਿੱਚ ਅਨੇਕਾਂ ਦੰਤ-ਕਥਾਵਾਂ ਪ੍ਰਚਲਿੱਤ ਹਨ। ਦੰਤ-ਕਥਾ ਦਾ ਸਾਧਾਰਨ ਸ਼ਾਬਦਿਕ ਅਰਥ ਹੈ : ਸੁਣੀ-ਸੁਣਾਈ ਗੱਲ/ ਕਥਾ, ਜੋ ਲੋਕ ਚਰਚਾ ਦਾ ਵਿਸ਼ਾ ਬਣੀ ਹੋਵੇ। ਪਰ ਇਸ ਕਥਾ ਦਾ ਸੰਬੰਧ ਕਿਤੇ ਨਾ ਕਿਤੇ ਇਤਿਹਾਸ, ਮਿਥਿਹਾਸ ਨਾਲ ਵੀ ਜੁੜਿਆ ਹੁੰਦਾ ਹੈ। **ਵਣਜਾਰਾ ਬੇਦੀ** ਨੇ ਆਪਣੀ ਪੁਸਤਕ **'ਬਾਤਾਂ ਮੁੱਢ ਕਦੀਮ ਦੀਆਂ'** ਵਿੱਚ ਇਸ ਸੰਬੰਧੀ ਲਿਖਿਆ ਹੈ :-

"ਦੰਤ-ਕਥਾ ਇਤਿਹਾਸਕ ਤੱਥ ਉੱਪਰ ਆਧਾਰਿਤ ਕਿਸੇ ਇਤਿਹਾਸਕ ਵਿਅਕਤੀ, ਘਟਨਾ ਜਾਂ ਸਥਿਤੀ ਨਾਲ ਸੰਬੰਧਿਤ ਪਰੰਪਰਾਗਤ ਬ੍ਰਿਤਾਂਤ ਹੈ, ਜਿਸ ਵਿੱਚ ਤੱਥ ਅਤੇ ਮਿੱਥ ਦਾ ਸੁਮੇਲ ਹੁੰਦਾ ਹੈ ਅਥਵਾ ਇਸ ਦਾ ਬ੍ਰਿਤਾਂਤ ਇਤਿਹਾਸ ਦਾ ਵਿਗੜਿਆ ਰੂਪ ਹੁੰਦਾ ਹੈ। ਇਸ ਲੋਕ ਕਥਾ ਲਈ ਦੰਦ ਕਥਾ ਸ਼ਬਦ ਵੀ ਵਰਤ ਲਿਆ ਜਾਂਦਾ ਹੈ।"

ਸਪਸ਼ਟ ਹੈ ਦੰਤ-ਕਥਾ ਇਤਿਹਾਸ-ਮਿਥਿਹਾਸ ਦਾ ਸੁਮੇਲ ਹੁੰਦੀ ਹੈ। ਦੰਤ-ਕਥਾ ਦੀ ਕਹਾਣੀ ਦਾ ਆਧਾਰ ਉਹ ਤੱਥ ਹੁੰਦੇ ਹਨ, ਜੋ ਲੋਕ ਮਨ ਨੂੰ ਵਧੇਰੇ ਟੁੰਬਦੇ ਹਨ। ਇਹ ਹੌਲੀ-ਹੌਲੀ ਕਹਾਣੀ ਦਾ ਰੂਪ ਧਾਰਨ ਕਰਦੇ ਪੀੜ੍ਹੀ-ਦਰ-ਪੀੜ੍ਹੀ ਚੱਲਦੇ ਰਹਿੰਦੇ ਹਨ। ਪੀੜ੍ਹੀ-ਦਰ-ਪੀੜ੍ਹੀ ਚੱਲਦੀ ਦੰਤ-ਕਥਾ ਵਿੱਚ ਵਾਧੇ-ਘਾਟੇ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਮੁੱਖ ਵਿਸ਼ੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਇਸ ਤਰ੍ਹਾਂ ਮੂਲ ਕਹਾਣੀ ਵਿੱਚ ਲੋਕਾਂ ਦੇ ਭਾਵ, ਕਲਪਨਾ, ਵਿਸ਼ਵਾਸ, ਆਦਰਸ਼ ਆਦਿ ਨਾਲੋ-ਨਾਲ ਸ਼ਾਮਲ ਹੁੰਦੇ ਜਾਂਦੇ ਹਨ।

ਹਰੇਕ ਯੁੱਗ ਵਿੱਚ ਲੋਕ-ਰੁਚੀਆਂ ਮੁਤਾਬਿਕ ਦੰਤ-ਕਥਾਵਾਂ ਦੀ ਸਿਰਜਣਾ ਹੁੰਦੀ ਰਹੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਵਿੱਚ ਬਹੁ-ਭਾਂਤੀ ਦੰਤ-ਕਥਾਵਾਂ ਦੀਆਂ ਵੰਨਗੀਆਂ ਮਿਲਦੀਆਂ ਹਨ। ਪ੍ਰੇਮ ਭਾਵ ਨੂੰ ਉਜਾਗਰ ਕਰਨ ਵਾਲੀਆਂ ਦੰਤ ਕਥਾਵਾਂ ਵਿੱਚ ਪ੍ਰੀਤ-ਕਹਾਣੀਆਂ ( ਹੀਰ-ਰਾਝਾਂ, ਮਿਰਜ਼ਾ-ਸਾਹਿਬਾ, ਸੋਹਣੀ-ਮਹੀਂਵਾਲ ਆਦਿ ) ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇੰਜ ਹੀ ਗੋਰਖ ਨਾਥ, ਭਰਥਰੀ ਹਰੀ, ਗੋਪੀ ਨਾਥ ਆਦਿ ਨਾਲ ਸੰਬੰਧਤ ਕਥਾਵਾਂ ਜੋਗ ਮਤ ਦੇ ਪ੍ਰਭਾਵ ਨੂੰ ਜ਼ਾਹਰ ਕਰਦੀਆਂ ਹਨ। ਰਾਜਾ ਰਸਾਲੂ, ਦੁੱਲਾ ਭੱਟੀ ਆਦਿ ਵਰਗੇ ਨਾਇਕ ਬੀਰ ਭਾਵਨਾ ਪੈਦਾ ਕਰਨ ਵਾਲੀਆਂ ਦੰਤ-ਕਥਾਵਾਂ ਨਾਲ ਸੰਬੰਧਤ ਹਨ। ਇੰਜ ਹੋਰ ਵੀ ਅਨੇਕਾਂ ਮਿਸਾਲਾਂ ਹਨ। ਵਿਦਵਾਨਾਂ ਨੇ ਆਪਣੀ ਸੂਝ ਮੁਤਾਬਕ ਇਹਨਾਂ ਦੇ ਵਰਗ ਨਿਰਧਾਰਤ ਕੀਤੇ ਹਨ। ਦੰਤ ਕਥਾਵਾਂ ਦੇ ਨਾਇਕਾਂ ਵਿੱਚ ਭਰਪੂਰ ਜੀਵਨ-ਸ਼ਕਤੀ, ਪ੍ਰੇਮ, ਸੰਜਮ, ਅਣਖ, ਗ਼ੈਰਤ, ਬੀਰ-ਭਾਵਨਾ, ਸਾਹਸ ਆਦਿ ਦੇ ਗੁਣਾਂ ਦਾ ਸੁਮੇਲ ਹੁੰਦਾ ਹੈ।

ਪੂਰਨ ਭਗਤ ਦੀ ਲੋਕ-ਕਥਾ ਪੰਜਾਬ ਵਿੱਚ ਇਤਨੀ ਹਰਮਨ-ਪਿਆਰੀ ਰਹੀ ਹੈ ਕਿ ਵੱਖ-ਵੱਖ ਲੇਖਕਾਂ/ ਕਵੀਆਂ/ ਗਾਇਕਾਂ ਆਦਿ ਨੇ ਇਸਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਬਿਆਨ ਕੀਤਾ ਹੈ। ਕਿੱਸਾਕਾਰ ਕਾਦਰਯਾਰ ਨੇ ਕਿੱਸੇ ਦੇ ਰੂਪ ਵਿੱਚ ਨਿਵੇਕਲਾ ਰੰਗ ਭਰਿਆ ਹੈ। ਕਵੀ ਪ੍ਰੋਫ਼ੈਸਰ ਪੂਰਨ ਸਿੰਘ ਤੇ ਸ਼ਿਵ ਕੁਮਾਰ ਬਟਾਲਵੀ ਨੇ ਆਪਣੇ ਕਾਵਿ-ਭਾਵਾਂ ਜ਼ਰੀਏ ਇਸਨੂੰ ਬਿਆਨ ਕਰਨ ਦਾ ਉੱਦਮ ਕੀਤਾ ਹੈ। ਅਨੇਕਾਂ ਗਾਇਕਾਂ ਨੇ ਇਸ ਨੂੰ ਗਾ ਕੇ ਸ੍ਰੋਤਿਆਂ ਦੇ ਸਨਮੁੱਖ ਕੀਤਾ ਹੈ। ਨਿਰਸੰਦੇਹ ਹਰੇਕ ਰਚਨਾਕਾਰ ਨੇ ਇਸ ਕਥਾ ਦੇ ਵਿਭਿੰਨ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸੇ ਵਿਸ਼ੇਸ਼ ਪੱਖ ਰਾਹੀਂ ਦੂਸਰਿਆਂ ਤੋਂ ਅੱਡ ਕਰਨ ਦਾ ਉੱਦਮ ਕੀਤਾ ਹੈ।

ਇਸ ਪਾਠ-ਪੁਸਤਕ ਵਿੱਚ ਵਿਦਿਆਰਥੀਆਂ ਦੇ ਗਿਆਨ ਬੋਧ ਨੂੰ ਧਿਆਨ ਵਿੱਚ ਰੱਖਦਿਆਂ 'ਪੂਰਨ ਭਗਤ' ਤੇ 'ਦੁੱਲੇ ਭੱਟੀ' ਬਾਰੇ ਦੰਤ-ਕਥਾ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ :-

## (ੳ) ਪੂਰਨ ਭਗਤ

ਰਾਜਾ ਸਲਵਾਨ ਸਿਆਲਕੋਟ ਦਾ ਰਾਜਾ ਸੀ। ਇੱਛਰਾਂ ਤੇ ਲੂਣਾ ਉਸ ਦੀਆਂ ਦੋ ਪਤਨੀਆਂ ਸਨ। ਇੱਛਰਾਂ ਦੀ ਕੁੱਖੋਂ ਬਾਲਕ ਪੂਰਨ ਨੇ ਜਦੋਂ ਜਨਮ ਲਿਆ ਤਾਂ ਜੋਤਿਸ਼ਾਂ ਨੇ ਵਹਿਮ-ਭਰਮ ਪਾ ਦਿੱਤਾ ਕਿ ਇਹ ਬਾਲਕ ਬਾਰ੍ਹਾਂ ਸਾਲਾਂ ਤੱਕ ਪਰਿਵਾਰ ਲਈ ਅਸ਼ੁੱਭ ਹੋਵੇਗਾ। ਰਾਜਾ ਇਹ ਸੁਣਦਿਆਂ ਪਰੇਸ਼ਾਨ ਹੋ ਗਿਆ। ਕਾਫ਼ੀ ਵਿਚਾਰ ਕਰਨ ਬਾਅਦ ਉਸਨੇ ਸੋਚਿਆ ਕਿ ਕਿਉਂ ਨਾ ਇਸ ਨੂੰ ਬਾਰ੍ਹਾਂ ਵਰ੍ਹੇ ਭੋਰੇ ਵਿੱਚ ਰੱਖਿਆ ਜਾਵੇ। ਉਸਨੇ ਆਪਣੇ ਕਰਿੰਦਿਆਂ ਨੂੰ ਹੁਕਮ ਦਿੱਤਾ ਕਿ ਇਸਨੂੰ ਬਾਰ੍ਹਾਂ ਵਰ੍ਹੇ ਭੋਰੇ ਵਿੱਚ ਰੱਖ ਦਿੱਤਾ ਜਾਵੇ। ਉਹਨਾਂ ਨੇ ਹੁਕਮ ਮੰਨਦਿਆ ਅਜਿਹਾ ਹੀ ਕੀਤਾ। ਇੰਜ ਉਹ ਬਾਲਕ ਬਾਰ੍ਹਾਂ ਵਰ੍ਹੇ ਭੋਰੇ ਵਿੱਚ ਹੀ ਪਲਿਆ।

ਬਾਰ੍ਹਾਂ ਵਰੇ ਬੀਤਣ ਬਾਅਦ ਜਿਉਂ ਹੀ ਉਹ ਭੋਰੇ 'ਚੋਂ ਬਾਹਰ ਆ ਕੇ ਪਿਤਾ ਸਲਵਾਨ ਨੂੰ ਮਿਲਣ ਗਿਆ ਤਾਂ ਪੁੱਤ ਨੂੰ ਵੇਖ ਕੇ ਪਿਤਾ ਨੂੰ ਚਾਅ ਚੜ ਗਿਆ। ਉਸਨੇ ਪੂਰਨ ਨੂੰ ਕਿਹਾ,"ਜਾਹ, ਬੱਚਾ ਪਹਿਲਾਂ ਆਪਣੀਆਂ ਮਾਵਾਂ ਨੂੰ ਮਿਲ ਕੇ ਆ। ਪਹਿਲਾਂ ਰਾਣੀ ਲੂਣਾ ਕੋਲ ਜਾਵੀ ਫਿਰ ਰਾਣੀ ਇੱਛਰਾ ਕੋਲ। ਦੋਨਾਂ ਤੋਂ ਪਿਆਰ ਅਸ਼ੀਰਵਾਦ ਲੈ। ਖੁਸ਼ ਰਹਿ।"

ਆਪਣੇ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਜਿਉਂ ਹੀ ਪੂਰਨ ਮਾਂ ਲੂਣਾ ਕੋਲ ਪਹੁੰਚਿਆ ਉਹ ਜਵਾਨ ਸੁੰਦਰ ਪੂਰਨ ਨੂੰ ਦੇਖ ਕੇ ਉਸ ਉੱਪਰ ਮੋਹਿਤ ਹੋ ਗਈ ਤੇ ਉਹ ਉਸਨੂੰ ਪੁੱਤ ਦੀ ਬਜਾਇ ਪ੍ਰੇਮੀ ਸਮਝਣ ਲੱਗੀ। ਪੂਰਨ ਨੂੰ ਇਹ ਦੇਖ ਕੇ ਨਿਰਾਸ਼ਾ ਹੋਈ। ਉਹ ਨਿਰਾਸ਼ ਹੋ ਕੇ ਲੂਣਾ ਦੇ ਮਹਿਲ ਵਿੱਚੋਂ ਭੱਜ ਆਇਆ। ਲੂਣਾ ਨੇ ਇਸ ਦਾ ਬੁਰਾ ਮਨਾਇਆ ਤੇ ਬਦਲਾ ਲੈਣ ਬਾਰੇ ਸੋਚਣ ਲੱਗੀ। ਜਿਉਂ ਹੀ ਪੂਰਨ ਲੂਣਾ ਦੇ ਮਹਿਲ 'ਚੋਂ ਬਾਹਰ ਨਿਕਲਿਆ, ਲੂਣਾ ਨੇ ਇੱਕ ਚਾਲ ਚੱਲੀ। ਉਸ ਨੇ ਆਪਣੇ ਵਾਲ ਖਿਲਾਰ ਲਏ, ਕੱਪੜੇ ਪਾੜ ਲਏ, ਉੱਚੀ-ਉੱਚੀ ਰੋਣ ਲੱਗੀ। ਸਲਵਾਨ ਨੇ ਪੁੱਛਿਆ :-"ਕੀ ਹੋਇਆ ਲੂਣਾ ? ਤੂੰ ਰੋ ਕਿਉਂ ਰਹੀ ਹੈ ?" ਲੂਣਾ ਨੇ ਝੂਠੀ ਕਹਾਣੀ ਘੜੀ ਤੇ ਕਹਿਣ ਲੱਗੀ ਰਾਜਾ ਜੀ ਪੂਰਨ ਮੇਰੀ ਸੁੰਦਰਤਾ ਵੇਖ ਕੇ ਮਾਂ ਪੁੱਤ ਦੀ ਮਰਿਆਦਾ ਭੁੱਲ ਬੈਠਾ...।" ਇਤਨੀ ਗੱਲ ਸੁਣਦਿਆਂ ਹੀ ਰਾਜੇ ਦਾ ਗੁੱਸਾ ਭੱਖ ਗਿਆ। ਉਸਨੇ ਝਟ ਜੱਲਾਦਾ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਪੂਰਨ ਨੂੰ ਜਾਨੋਂ ਮਾਰ ਕੇ ਖੂਹ ਵਿੱਚ ਸੁੱਟ ਦਿੱਤਾ ਜਾਵੇ।

ਪੂਰਨ ਵਿਚਾਰਾ ਨਿਰਦੋਸ਼ ਸੀ। ਜੱਲਾਦ ਇਹ ਜਾਣਦੇ ਸੀ। ਉਹਨਾਂ ਨੇ ਪੂਰਨ ਨੂੰ ਜਾਨੋਂ ਮਾਰਨ ਦੀ ਬਜਾਇ ਉਸਦੇ ਹੱਥ ਪੈਰ ਵੱਢ ਕੇ ਉਸਨੂੰ ਖੂਹ ਵਿੱਚ ਸੁੱਟ ਦਿੱਤਾ। ਖੂਨ ਨਾਲ ਲਿੱਬੜੇ ਕੱਪੜੇ ਰਾਜੇ ਨੂੰ ਦਿਖਾ ਦਿੱਤੇ ਤਾਂ ਜੋ ਰਾਜੇ ਨੂੰ ਸੰਤੁਸ਼ਟੀ ਹੋ ਸਕੇ। 'ਜਾ ਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ' ਕਹਾਵਤ ਵਾਂਗ ਕੁਦਰਤੀ ਉੱਥੋਂ ਜੋਗੀਆਂ ਦੀ ਟੋਲੀ ਖੂਹ ਕੋਲੋਂ ਲੰਘੀ। ਉਹਨਾਂ ਨੇ ਖੂਹ ਵਿੱਚੋਂ ਕਿਸੇ ਦੇ ਚੀਕਣ ਦੀ ਆਵਾਜ਼ ਸੁਣੀ। ਪੂਰਨ ਨੇ ਹੱਡ ਬੀਤੀ ਸੁਣਾਈ। ਗੁਰੂ ਗੋਰਖ ਨਾਥ ਨੇ ਪੂਰਨ ਨੂੰ ਕਿਹਾ, "ਜੇਕਰ ਤੂੰ ਸੱਚਾ ਹੈ ਤਾਂ ਮੈਂ ਤੇਰਾ ਇਮਤਿਹਾਨ ਲਵਾਗਾਂ।" ਪੂਰਨ ਨੇ ਪੁੱਛਿਆ ਕਿ ਦੱਸੋ ਕੀ ਇਮਤਿਹਾਨ ਲੈਣਾ। ਗੋਰਖ ਨਾਥ ਨੇ ਕਿਹਾ, "ਮੈਂ ਸੂਤ ਦਾ ਕੱਚਾ ਧਾਗਾ ਖੂਹ 'ਚ ਲਮਕਾਉਂਦਾ ਹਾਂ, ਜੇਕਰ ਤੂੰ ਬਾਹਰ ਆ ਗਿਆ ਤਾਂ ਸੱਚਾ ਹੈ, ਨਹੀਂ ਤਾ ਝੂਠਾ।"

ਉਸਨੇ ਹਾਂ ਕਰ ਦਿੱਤੀ। ਤੇ ਉਹ ਹੌਲੀ-ਹੌਲੀ ਖੂਹ ਚੋਂ ਬਾਹਰ ਆ ਗਿਆ। ਉਸਦੀ ਸੱਚਾਈ ਵੇਖ ਕੇ ਗੋਰਖ ਨਾਥ ਨੇ ਉਸਨੂੰ ਠੀਕ ਕਰ ਦਿੱਤਾ। ਗੋਰਖ ਨਾਥ ਤੋਂ ਆਸ਼ੀਰਵਾਦ ਲੈ ਕੇ ਪੂਰਨ ਜੋਗੀ ਬਣ ਗਿਆ।

ਜੋਗੀਆਂ ਨਾਲ ਰਹਿਣ ਕਰਕੇ ਉਹ ਰੋਜ਼ ਵੱਖ-ਵੱਖ ਥਾਵਾਂ ਤੇ ਭਿੱਖਿਆ ਲੈਣ ਜਾਂਦਾ। ਇੱਕ ਦਿਨ ਰਾਣੀ ਸੁੰਦਰਾਂ ਦੇ ਘਰ ਭਿੱਖਿਆ ਮੰਗਣ ਗਿਆ ਤਾਂ ਉਹ ਪੂਰਨ ਨੂੰ ਵੇਖਦਿਆਂ ਹੀ ਸਭ ਕੁੱਝ ਭੁੱਲ ਬੈਠੀ। ਉਸਨੇ ਮੋਤੀਆਂ ਦਾ ਥਾਲ ਪੂਰਨ ਦੀ ਝੋਲੀ 'ਚ ਪਾ ਦਿੱਤਾ। ਗੋਰਖ ਨਾਥ ਨੇ ਪੂਰਨ ਦੀ ਭਿੱਖਿਆ ਦੇਖ ਕੇ ਕਿਹਾ, "ਸਾਨੂੰ ਹੀਰੇ-ਮੋਤੀ ਨਹੀਂ ਭੋਜਨ ਚਾਹੀਦਾ ਹੈ।" ਪੂਰਨ ਹੀਰੇ ਮੋਤੀ ਵਾਪਸ ਕਰਨ ਰਾਣੀ ਸੁੰਦਰਾ ਕੋਲ ਚਲਾ ਗਿਆ ਤੇ ਰਾਣੀ ਸੁੰਦਰਾ ਕੋਲ ਜਾ ਕੇ ਭੋਜਨ ਦੀ ਮੰਗ ਕੀਤੀ। ਸੁੰਦਰਾ ਨੇ ਤਰ੍ਹਾਂ-ਤਰ੍ਹਾਂ ਦੇ ਭੋਜਨ ਤਿਆਰ ਕੀਤੇ ਤੇ ਗੋਰਖ ਨਾਥ ਦੇ ਟਿੱਲੇ 'ਤੇ ਆਣ ਪਹੁੰਚੀ। ਉਹਨੇ ਪਿਆਰ ਸਤਿਕਾਰ ਨਾਲ ਸਾਰਿਆਂ ਨੂੰ ਭੋਜਨ ਛਕਾਇਆ। ਉਸਦੀ ਸੇਵਾ ਭਾਵਨਾ ਵੇਖ ਕੇ ਗੋਰਖ ਨਾਥ ਵੀ ਹੈਰਾਨ ਰਹਿ ਗਿਆ। ਉਸਨੇ ਸੁੰਦਰਾ ਨੂੰ ਕਿਹਾ, "ਕੋਈ ਵਰਦਾਨ ਮੰਗ!" ਸੁੰਦਰਾ ਨੇ ਕਿਹਾ, "ਤੁਹਾਡੀ ਕਿਰਪਾ ਹੋਵੇਗੀ, ਮੈਨੂੰ ਪੂਰਨ ਦੇ ਦਿਓ।" ਗੋਰਖ ਨਾਥ ਨੇ ਖ਼ੁਸ਼ ਹੋ ਕੇ ਵਰਦਾਨ ਸਵੀਕਾਰ ਕਰ ਲਿਆ ਤੇ ਪੂਰਨ ਤੇ ਸੁੰਦਰਾ ਨੂੰ ਗ੍ਰਿਹਿਸਥੀ ਜੀਵਨ ਬਤੀਤ ਕਰਨ ਲਈ ਆਸ਼ੀਰਵਾਦ ਦਿੱਤਾ। ਪੂਰਨ ਨੂੰ ਇਹ ਸਾਰਾ ਕੁੱਝ ਅਜੀਬ ਜਿਹਾ ਲੱਗਿਆ।

ਸੁੰਦਰਾ ਨੇ ਪੂਰਨ ਨੂੰ ਨਾ ਖ਼ੁਸ਼ ਵੇਖ ਕੇ ਮਾਯੂਸੀ ਮਹਿਸੂਸ ਕੀਤੀ ਤੇ ਪੂਰਨ ਵਾਪਸ ਗੋਰਖ ਨਾਥ ਕੋਲ ਆ ਗਿਆ।

ਕਿੰਨੇ ਸਮੇਂ ਬਾਅਦ ਉਹ ਸਿਆਲਕੋਟ ਆਇਆ। ਹੁਣ ਸਾਰੇ ਉਸਨੂੰ ਭਗਤ ਪੂਰਨ ਕਹਿਣ ਲੱਗ ਪਏ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਬਾਗ਼ ਜਿੱਥੇ ਪੂਰਨ ਠਹਿਰਿਆ ਸੀ, ਉਹ ਹਰਾ ਹੋ ਗਿਆ ਸੀ। ਉਹਦੀ ਮਾਂ ਇੱਛਰਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ ਸੀ। ਉਹ ਅੰਨੀ ਹੋ ਗਈ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਭਗਤ ਪੂਰਨ ਸਿਆਲਕੋਟ ਆਇਆ ਹੈ ਤਾਂ ਉਹ ਉਸਦੇ ਦਰਸ਼ਨਾ ਲਈ ਆਈ। ਜਿਉਂ ਹੀ ਪੂਰਨ ਦੀ ਆਵਾਜ਼ ਸੁਣੀ ਉਸਨੇ ਝਟ ਪਛਾਣ ਲਿਆ ਤੇ ਉਸਦੀਆਂ ਅੱਖਾਂ ਦੀ ਰੋਸ਼ਨੀ ਦੁਬਾਰਾ ਆ ਗਈ। ਇਸੇ ਤਰ੍ਹਾਂ ਲੂਣਾ ਦੇ ਘਰ ਵੀ ਕੋਈ ਔਲਾਦ ਨਹੀਂ ਸੀ, ਉਹ ਵੀ ਰੋਂਦੀ-ਰੋਂਦੀ ਪੂਰਨ ਕੋਲ ਆ ਪਹੁੰਚੀ। ਪੂਰਨ ਭਗਤ ਨੇ ਕਿਹਾ "ਤੇਰੇ ਕੋਲ ਤਾਂ ਪਹਿਲਾਂ ਹੀ ਪੁੱਤਰ ਹੈ? ਹੁਣ ਤੂੰ ਕੀ ਲੈਣ ਆਈ ਹੈ?"

ਪਹਿਲਾਂ ਤਾਂ ਲੂਣਾ ਨੇ ਝੂਠ ਬੋਲਿਆ। ਫਿਰ ਹੌਲੀ-ਹੌਲੀ ਮੰਨ ਗਈ ਤੇ ਆਪਣੇ ਕੀਤੇ ਗੁਨਾਹ ਦਾ ਪਛਤਾਵਾ ਮੰਨਿਆ। ਤਦ ਫਿਰ ਪੂਰਨ ਨੇ ਆਸ਼ੀਰਵਾਦ ਦਿੱਤਾ ਕਿ ਉਸਦੇ ਘਰ ਪੁੱਤਰ ਹੀ ਹੋਵੇਗਾ। ਉਹ ਵੱਡਾ ਹੋ ਕੇ ਸੂਰਬੀਰ ਬਣੇਗਾ। ਕੁੱਝ ਚਿਰ ਪਿੱਛੋਂ ਲੂਣਾ ਦੇ ਘਰ ਇੱਕ ਪੁੱਤ ਨੇ ਜਨਮ ਲਿਆ ਜੋ ਰਾਜਾ ਰਸਾਲੂ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਸਲਵਾਨ ਨੂੰ ਜਦੋਂ ਪੂਰਨ ਭਗਤ ਨੇ ਸਾਰੀ ਹੱਡ-ਬੀਤੀ ਸੁਣਾਈ ਤਾਂ ਸਲਵਾਨ ਨੇ ਪੂਰਨ ਭਗਤ ਨੂੰ ਕਿਹਾ ਕਿ ਉਹ ਸਾਰਾ ਰਾਜ-ਭਾਗ ਸੰਭਾਲੇ। ਪਰ ਪੂਰਨ ਨੇ ਨਿਮਰਤਾ ਨਾਲ ਕਿਹਾ, "ਮੈਨੂੰ ਮਾਇਆ ਨਾਲ ਮੋਹ ਨਹੀਂ।" ਕੁੱਝ ਦਿਨ ਮਾਂ-ਪਿਓ ਕੋਲ ਗੁਜ਼ਾਰਨ ਤੋਂ ਬਾਅਦ ਉਹ ਅੱਗੇ ਚਲਾ ਗਿਆ, ਕਹਿਣ ਲੱਗਿਆ, "ਜੋਗੀ ਚੱਲਦੇ ਭਲੇ ਨਗਰ ਵੱਸਦੇ ਭਲੇ।"

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਕਿਸ ਕਿੱਸਾਕਾਰ ਨੇ 'ਪੂਰਨ ਭਗਤ' ਦੀ ਕਥਾ ਨੂੰ ਆਧਾਰ ਬਣਾ ਕੇ ਕਿੱਸਾ ਲਿਖਿਆ ਹੈ ?

ਪ੍ਰਸ਼ਨ 2. ਰਾਜਾ ਸਲਵਾਨ ਕਿੱਥੋਂ ਦਾ ਰਾਜਾ ਸੀ ?

ਪ੍ਰਸ਼ਨ 3. ਪੂਰਨ ਭਗਤ ਦੇ ਜਨਮ ਸਮੇਂ ਜੋਤਿਸ਼ਾਂ ਨੇ ਕੀ ਵਹਿਮ-ਭਰਮ ਪਾਇਆ ?

ਪ੍ਰਸ਼ਨ 4. ਰਾਣੀ ਲੂਣਾ ਨੇ ਪੂਰਨ ਭਗਤ ਨਾਲ ਕਿਹੋ ਜਿਹਾ ਵਿਵਹਾਰ ਕੀਤਾ ?

ਪ੍ਰਸ਼ਨ 5. ਗੋਰਖ ਨਾਥ ਜੋਗੀ ਨੇ ਪੂਰਨ ਭਗਤ ਦਾ ਇਮਤਿਹਾਨ ਕਿਵੇਂ ਲਿਆ ?

ਪ੍ਰਸ਼ਨ 6. ਰਾਣੀ ਸੁੰਦਰਾ ਨੇ ਕੀ ਵਰਦਾਨ ਮੰਗਿਆ ?

ਪ੍ਰਸ਼ਨ 7. ਇੱਛਰਾਂ ਨੇ ਪੂਰਨ ਭਗਤ ਨੂੰ ਕਿਵੇਂ ਪਛਾਣਿਆ ?

ਪ੍ਰਸ਼ਨ 8. ਲੂਣਾ ਨੂੰ ਪੂਰਨ ਭਗਤ ਨੇ ਕੀ ਆਸ਼ੀਰਵਾਦ ਦਿੱਤਾ ?

BSER

## (ਅ) ਦੁੱਲਾ ਭੱਟੀ

ਦੁੱਲਾ ਸਾਂਦਲਬਾਰ ਦਾ ਜੰਮਪਲ ਸੀ। ਫ਼ਰੀਦ ਖ਼ਾਂ ਉਸਦੇ ਪਿਉ ਦਾ ਨਾਂ ਸੀ। ਇਸ ਪਰਿਵਾਰ ਦਾ ਸੰਬੰਧ ਭੱਟੀ ਰਾਜਪੂਤ ਘਰਾਣੇ ਨਾਲ ਸੀ। ਇਸ ਕਰਕੇ ਦੁੱਲੇ ਦਾ ਨਾਂ ਦੁੱਲਾ ਭੱਟੀ ਪ੍ਰਸਿੱਧ ਹੋ ਗਿਆ।

ਦੁੱਲੇ ਦੇ ਪਿਉ-ਦਾਦੇ ਅਣਖੀਲੇ, ਬਹਾਦਰ ਸੂਰਮੇ ਸਨ। ਉਹ ਐਨੇ ਜਾਂਬਾਜ ਸਨ ਕਿ ਉਹਨਾਂ ਨੇ ਮੁਗਲਾਂ ਦੀ ਧੌਂਸ ਮੰਨਣ ਤੋਂ ਇਨਕਾਰ ਕਰਦਿਆਂ ਮਾਲੀਆ ਦੇਣਾ ਬੰਦ ਕਰ ਦਿੱਤਾ ਸੀ। ਲੋਕ ਇਹ ਕਹਿੰਦੇ ਹਨ ਕਿ ਅਕਬਰ ਨੇ ਇਹਨਾਂ ਬਾਗ਼ੀਆਂ ਨੂੰ ਲਾਹੌਰ ਬੁਲਾ ਕੇ ਕਤਲ ਕਰ ਦਿੱਤਾ ਸੀ ਤੇ ਆਮ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਨ ਲਈ ਦੁੱਲੇ ਦੇ ਪਿਉ-ਦਾਦੇ ਦੀਆਂ ਲਾਸ਼ਾਂ ਵਿੱਚ ਤੂੜੀ ਭਰਵਾ ਕੇ ਸ਼ਹਿਰ ਦੇ, ਮੁੱਖ ਦਰਵਾਜ਼ੇ ਤੇ ਟੰਗ ਦਿੱਤਾ ਸੀ।

ਦੁੱਲਾ ਜਿਉਂ ਹੀ ਵੱਡਾ ਹੋਇਆ ਤਾਂ ਉਸਦੀ ਮਾਂ ਨੇ ਸਾਰੀ ਬੀਤੀ ਸੁਣਾਈ। ਸੁਣਦਿਆਂ ਹੀ ਦੁੱਲਾ ਕ੍ਰੋਧ ਵਿੱਚ ਆ ਗਿਆ। ਲੋਕ ਕਹਿੰਦੇ ਹਨ ਕਿ ਜਦੋਂ ਦੁੱਲਾ ਜੰਮਿਆਂ ਤਾਂ ਉਹਨਾਂ ਦਿਨਾਂ ਵਿੱਚ ਹੀ ਅਕਬਰ ਦੀ ਇੱਕ ਰਾਣੀ ਦੀ ਕੁੱਖੋਂ ਸਲੀਮ ਨੇ ਜਨਮ ਲਿਆ ਜੋ ਪਿੱਛੋਂ ਸ਼ਹਿਜਾਦਾ ਸ਼ੇਖੂ ਕਰਕੇ ਪ੍ਰਸਿੱਧ ਹੋਇਆ। ਸਲੀਮ ਸਰੀਰਕ ਪੱਖੋਂ ਕੰਮਜ਼ੋਰ ਸੀ। ਹਕੀਮਾਂ ਨੇ ਸਲਾਹ ਦਿੱਤੀ ਕਿ ਸਲੀਮ ਨੂੰ ਕਿਸੇ ਰਾਜਪੂਤ ਘਰਾਣੇ ਦੀ ਇਸਤਰੀ ਦਾ ਦੁੱਧ ਚੁੰਘਾਇਆ ਜਾਵੇ। ਦੁੱਲਾ ਵੀ ਉਹਨਾਂ ਦਿਨਾਂ ਵਿੱਚ ਰਾਜਪੂਤ ਇਸਤਰੀ ਦੀ ਕੁੱਖੋਂ ਜੰਮਿਆ ਸੀ। ਸੋ ਬਾਦਸ਼ਾਹ ਨੇ ਦੁੱਲੇ ਦੀ ਮਾਂ ਨੂੰ ਚੁੰਘਾਈ ਵੱਜੋਂ ਚੁਣ ਲਿਆ। ਦੁੱਲਾ ਤੇ ਸਲੀਮ ਇੱਕੋ ਮਾਂ ਦੇ ਦੁੱਧ ਤੋਂ ਪਲੇ। ਦੋਵੇਂ ਇੱਕਠੇ ਖੇਡਦੇ। ਸ਼ਸਤਰ ਵਿੱਦਿਆ ਸਿੱਖਦੇ। ਦੁੱਲਾ ਸਰੀਰਕ ਤੇ ਦਿਮਾਗੀ ਪੱਖੋਂ ਤਕੜਾ ਸੀ। ਉਹ ਬਾਦਸ਼ਾਹੀ ਰਹਿਣੀ ਬਹਿਣੀ ਤੋਂ ਚੰਗੀ ਤਰ੍ਹਾਂ ਵਾਕਫ ਹੋ ਗਿਆ। ਜਿਉਂ ਹੀ ਸਲੀਮ ਜਵਾਨ ਹੋਇਆ। ਉਸਦੇ ਆਪਣੇ ਪਿਤਾ ਅਕਬਰ ਨਾਲ ਖਤੋ-ਖਿਤਾਬਤ ਹੋ ਗਈ। ਲੋਕ ਕਹਿੰਦੇ ਹਨ ਕਿ ਦੁੱਲੇ ਨੂੰ ਸਾਂਦਲਬਾਰ ਦੇ ਇਲਾਕੇ ਵਿੱਚ ਅਕਬਰ ਵਿਰੁੱਧ ਉਕਸਾਉਣ ਵਿੱਚ ਵੀ ਉਸਨੇ ਦੁੱਲੇ ਦੀ ਮਦੱਦ ਕੀਤੀ।

ਦੁੱਲੇ 'ਚ ਬਾਗੀ ਸੁਭਾਅ ਹੋਣ ਕਰਕੇ ਬਦਲਾਖੋਰੀ ਭਾਵਨਾ ਉਸਦੇ ਮਨ ਵਿੱਚ ਪਹਿਲਾਂ ਹੀ ਸੀ। ਉਹ ਆਪਣੇ ਪਿਉ ਦਾਦੇ ਦੇ ਕਤਲ ਦਾ ਬਦਲਾ ਲੈਣਾ ਚਾਹੁੰਦਾ ਸੀ। ਸੋ ਉਸਨੇ ਸਰਕਾਰੀ ਮਾਮਲਾ ਤਾਂ ਕੀ ਦੇਣਾ ਸੀ। ਸਗੋਂ ਸ਼ਾਹੀ ਕਾਫਲਿਆਂ ਦੀ ਲੁੱਟ ਖਸੁੱਟ ਕਰਨ ਤੋਂ ਵੀ ਨਹੀਂ ਟਲਦਾ ਸੀ। ਇੱਕ ਵਾਰੀ ਉਸਨੇ ਲਾਹੌਰ ਜਾ ਰਹੇ ਘੋੜਿਆਂ ਦੇ ਵਪਾਰੀ ਨੂੰ ਲੁੱਟ ਕੇ ਉਸਦੇ ਘੋੜੇ ਵੀ ਖੋਹ ਲਏ ਸਨ। ਇੰਜ ਹੀ ਇੱਕ ਵਾਰੀ ਕੋਈ ਵਪਾਰੀ ਬਾਦਸ਼ਾਹ ਲਈ ਤੋਹਫੇ ਲਿਜਾ ਰਿਹਾ ਸੀ। ਦੁੱਲੇ ਨੇ ਉਸ ਨਾਲ ਵੱਢ ਟੁੱਕ ਕੀਤੀ ਤੇ ਤੋਹਫੇ ਖੋਹ ਲਏ। ਦੁੱਲਾ ਬਾਗੀ ਸੁਰ ਵਾਲਾ ਬੰਦਾ ਜ਼ਰੂਰ ਸੀ ਪਰ ਉਹ ਲੁੱਟ ਦਾ ਪੈਸਾ ਦੀਨ ਦੁਖੀਆ ਵਿੱਚ ਵੰਡ ਦਿੰਦਾ ਸੀ। ਜਦੋਂ ਆਮ ਲੋਕਾਂ ਨੂੰ ਦੁੱਲੇ ਦੀ ਇਸ ਦਿਆਲੂ ਭਾਵਨਾ ਦਾ ਪਤਾ ਚੱਲਿਆ ਤਾਂ ਉਹ ਮੁਗਲ ਸਲਤਨਤ ਦੇ ਖ਼ਿਲਾਫ ਹੋ ਕੇ ਦੁੱਲੇ ਦੇ ਸਮਰਥਕ ਬਣਨ ਲੱਗੇ।

ਇਹ ਵੀ ਕਿਹਾ ਜਾਂਦਾ ਹੈ ਕਿ ਦੁੱਲੇ ਦਾ ਚਾਚਾ ਜਲਾਲਦੀਨ ਦੁੱਲੇ ਨਾਲ ਵੈਰ ਰੱਖਦਾ ਸੀ। ਅਕਬਰ ਨੇ ਦੁੱਲੇ ਤੋਂ ਬਦਲਾ ਲੈਣ ਲਈ ਆਪਣੀ ਫੌਜ ਭੇਜੀ। ਪਰ ਇਲਾਕੇ ਦੇ ਲੋਕਾਂ ਦੀ ਦੁੱਲੇ ਨਾਲ ਹਮਦਰਦੀ ਸੀ ਉਹ ਦੁੱਲੇ ਨੂੰ ਇਸ ਆਫਤ ਤੋਂ ਬਚਾਉਣਾ ਚਾਹੁੰਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਦੁੱਲੇ ਨੂੰ ਬਚਾਉਣ ਲਈ ਪਿੰਡ ਦੀ ਇਕ ਗਵਾਲਣ ਨੇ ਸੈਨਾਪਤੀ ਨੂੰ ਭਰਮਾਉਣ ਲਈ ਪੂਰਾ ਜ਼ੋਰ ਲਾਇਆ ਸੀ। ਅਕਬਰ ਦੀ

ਫੌਜੀ ਸੈਨਾ ਇਨੀ ਜਿਆਦੀ ਸੀ ਕਿ ਉਹਨਾਂ ਨੇ ਦੁੱਲੇ ਦੇ ਪਿੰਡ ਤੇ ਧਾਵਾਂ ਬੋਲਦਿਆਂ ਦੁੱਲੇ ਦੇ ਪਰਿਵਾਰ ਨੂੰ ਬੰਦੀ ਬਣਾ ਲਿਆ।

ਜਦੋਂ ਦੁੱਲੇ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਸਨੇ ਫੌਜ ਨੂੰ ਲਲਕਾਰਿਆ। ਫਿਰ ਦੋਹਾਂ ਧਿਰਾਂ ਦਰਮਿਆਨ ਝੜਪਾਂ ਹੋਈਆਂ। ਦੁੱਲੇ ਨੇ ਇਕ ਵਾਰ ਤਾਂ ਸ਼ਾਹੀ ਫੌਜ ਨੂੰ ਭਾਜੜਾਂ ਪਾ ਦਿੱਤੀਆ। ਹੈਰਾਨੀ ਦੀ ਗੱਲ ਇਹ ਸੀ ਕਿ ਦੁੱਲੇ ਦਾ ਮੁੰਡਾ ਵੀ ਇਸ ਲੜਾਈ 'ਚ ਦਲੇਰੀ ਨਾਲ ਲੜਿਆ। ਇਹ ਕਿਹਾਂ ਜਾਂਦਾ ਹੈ ਕਿ ਬਾਅਦ ਵਿੱਚ ਸ਼ਾਹੀ ਫੌਜ ਨੇ ਧੋਖੇ ਨਾਲ ਦੁੱਲੇ ਨੂੰ ਘੇਰ ਕੇ ਪਕੜ ਲਿਆ ਤੇ ਲਾਹੌਰ ਲਿਜਾ ਕੇ ਫਾਂਸੀ ਦੇ ਦਿੱਤੀ।

ਦੁੱਲੇ ਦੇ ਜੀਵਨ ਨਾਲ ਕਈ ਪਰਉਪਕਾਰ ਦੀਆਂ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ। ਆਮ ਕਹਾਵਤ ਹੈ ਕਿ ਇਕ ਵਾਰ ਗਰੀਬ ਘਰ ਦੀਆਂ ਲੜਕੀਆਂ ਦਾ ਵਿਆਹ ਸੀ। ਉਹਨਾਂ ਲੜਕੀਆਂ ਨੂੰ ਡਾਕੂਆਂ ਦੇ ਚੁੰਗਲ 'ਚੋਂ ਬਚਾ ਕੇ ਬਾਬਲ ਬਣ ਕੇ ਪੁੰਨ ਦਾ ਜਸ ਖੱਟਿਆ। ਇਸ ਦਾ ਜ਼ਿਕਰ ਲੋਹੜੀ ਸਮੇਂ ਗਾਏ ਜਾਣ ਵਾਲੇ ਗੀਤਾਂ ਵਿੱਚ ਵੀ ਮਿਲਦਾ ਹੈ :-

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ
ਦੁੱਲੇ ਧੀ ਵਿਆਹੀ ਹੋ
ਸੇਰ ਸ਼ੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੋਣ ਸਮੇਟੇ, ਹੋ
ਚਾਚਾ ਗਾਲੀ ਦੇਸੇ, ਹੋ
ਜ਼ਿਮੀਦਾਰਾਂ ਲੁੱਟੀ, ਹੋ

* * *

BSEP

ਇਸ ਤਰ੍ਹਾਂ ਦੁੱਲੇ ਦੀ ਬਹਾਦਰੀ ਨੂੰ ਪ੍ਰਗਟਾਉਂਦੀਆਂ ਅਨੇਕਾਂ ਕਾਵਿ ਤੁਕਾਂ ਪ੍ਰਚਲਿਤ ਹਨ :-

ਮੇਰੇ ਹੇਠਾਂ ਬੱਕੀ ਲਾਖੀ
ਜਿਹੜੀ ਟੁਰਦੀ ਸੁੰਬ ਟਕੋਰ
ਮੈ ਪੁੱਤ ਆ ਬੱਗੇ ਸ਼ੇਰ ਦਾ
ਮੇਰੀ ਸ਼ੇਰਾਂ ਵਰਗੀ ਤੋਰ
ਜੰਮਣਾ ਤੇ ਮਰ ਜਾਵਣਾ
ਉੱਡਣਾ ਪਿੰਜਰੇ 'ਚੋਂ ਭੌਰ

* * *

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਦੁੱਲੇ ਦਾ ਨਾਂ ਦੁੱਲਾ ਭੱਟੀ ਕਰਕੇ ਕਿਵੇਂ ਪ੍ਰਸਿੱਧ ਹੋਇਆ?

ਪ੍ਰਸ਼ਨ 2. ਦੁੱਲੇ ਦਾ ਸੁਭਾਅ ਕਿਹੋ ਜਿਹਾ ਸੀ?

ਪ੍ਰਸ਼ਨ 3. ਦੁੱਲੇ ਦੇ ਚਾਚੇ ਦਾ ਕੀ ਨਾਂ ਸੀ?

ਪ੍ਰਸ਼ਨ 4. ਸ਼ਾਹੀ ਫੌਜ ਨੇ ਦੁੱਲੇ ਨਾਲ ਕੀ ਸਲੂਕ ਕੀਤਾ?

ਪ੍ਰਸ਼ਨ 5. ਲੋਹੜੀ ਸਮੇਂ ਦੁੱਲੇ ਨਾਲ ਸੰਬੰਧਿਤ ਕਿਹੜਾ ਗੀਤ ਉਚਾਰਿਆ ਜਾਂਦਾ ਹੈ।

ਪ੍ਰਸ਼ਨ 6. ਦੁੱਲਾ ਭੱਟੀ ਦੰਤ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

BSER

# ਭਾਗ-ਤੀਜਾ

## ਲੋਕ-ਕਾਵਿ : ਪਰਿਭਾਸ਼ਾ ਤੇ ਵੰਨਗੀਆਂ

ਲੋਕ-ਕਾਵਿ ਕਿਸੇ ਕੌਮ ਦੀ ਵਿਰਾਸਤ ਹੁੰਦਾ ਹੈ। ਇਸ ਵਿੱਚੋਂ ਕਿਸੇ ਸਮਾਜ ਦੇ ਵਿਕਾਸ ਦੀ ਰੂਪ-ਰੇਖਾ ਨੂੰ ਵੇਖਿਆ ਜਾ ਸਕਦਾ ਹੈ। ਲੋਕ-ਕਾਵਿ ਵਿੱਚ ਮਨੁੱਖੀ ਵਰਤਾਰਿਆਂ, ਪ੍ਰਵਿਰਤੀਆਂ, ਸਮਾਜਕ ਬਣਤਰ, ਰਿਸ਼ਤਾ-ਨਾਤਾ ਪ੍ਰਬੰਧ, ਕੰਮ-ਧੰਦੇ, ਦੁੱਖ-ਸੁੱਖ ਦੀਆਂ ਸਥਿਤੀਆਂ, ਪਿਆਰ, ਵਿਛੋੜਾ ਅਤੇ ਰੋਮਾਂਸ ਆਦਿ ਨੂੰ ਸਹਿਜ ਪ੍ਰਕਿਰਿਆ ਦੇ ਰੂਪ ਵਿੱਚ ਸਿਰਜਿਆ ਅਤੇ ਮੌਖਿਕ ( ਜ਼ੁਬਾਨੀ ) ਰੂਪ 'ਚ ਸੰਭਾਲਿਆ ਤੇ ਸੰਚਾਰਿਆ ਜਾਂਦਾ ਹੈ। ਇੰਜ ਲੋਕ-ਕਾਵਿ ਕਿਸੇ ਸੱਭਿਆਚਾਰ ਦਾ ਆਧਾਰ ਹੁੰਦਾ ਹੈ। ਲੋਕ-ਕਾਵਿ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ; ਜ਼ਿੰਦਗੀ ਦੇ ਵੱਖ-ਵੱਖ ਮੌਕਿਆਂ 'ਤੇ ਉਸਦੇ ਅੰਗ-ਸੰਗ ਹੁੰਦਾ ਹੈ।

ਸਪਸ਼ਟ ਹੈ ਕਿ ਲੋਕ-ਕਾਵਿ ਅਜਿਹੀ ਸਿਰਜਣਾ ਹੁੰਦਾ ਹੈ, ਜਿਸ ਵਿੱਚ ਲੋਕ-ਮਨ ਦੀ ਪੱਧਰ 'ਤੇ ਸਮਾਜਕ, ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਪ੍ਰਸਥਿਤੀਆ ਦੇ ਅਨੁਭਵ ਨੂੰ ਜ਼ੁਬਾਨ ਮਿਲਦੀ ਹੈ। ਲੋਕ-ਕਾਵਿ ਵਿੱਚ ਸਮੂਹਿਕ ਅਨੁਭਵ ਮੌਖਿਕ ਰੂਪ ਵਿੱਚ ਸੰਚਾਰਿਤ ਹੁੰਦਾ ਹੈ। ਇਸੇ ਕਰਕੇ ਲੋਕ-ਕਾਵਿ ਵਿੱਚ ਅਨੁਭਵ ਦੀ ਪੇਸ਼ਕਾਰੀ ਨਿਰ-ਉਚੇਚ ਰੂਪ 'ਚ ਹੁੰਦੀ ਹੈ। ਇਸ ਵਿੱਚ ਲੋਕਾਂ ਦੇ ਭਾਵਾਂ ਦੀ ਤਰਜ਼ਮਾਨੀ ਹੁੰਦੀ ਹੈ।

ਪੰਜਾਬੀ ਲੋਕ-ਕਾਵਿ ਦੀ ਆਪਣੀ ਇੱਕ ਬਲਵਾਨ ਪਰੰਪਰਾ ਹੈ। ਪੰਜਾਬੀਆਂ ਨੇ ਆਪਣੇ ਲੋਕ-ਕਾਵਿ ਨੂੰ ਵੀ ਧੀਆਂ-ਪੁੱਤਰਾਂ ਵਾਂਗ ਹੀ ਪਾਲਿਆ ਹੈ। ਇਹ ਲੋਕ-ਕਾਵਿ ਪੀੜ੍ਹੀ-ਦਰ-ਪੀੜ੍ਹੀ ਪੰਜਾਬੀ ਲੋਕ-ਜੀਵਨ ਦੇ ਨਾਲ-ਨਾਲ ਹੀ ਤੁਰਦਾ ਆ ਰਿਹਾ ਹੈ। ਇਸ ਦੀ ਮੜ੍ਹਕ ਅਤੇ ਗੜ੍ਹਕ ਸਮੇਂ ਦੀਆਂ ਮਾਰਾਂ ਨੂੰ ਸਹਿੰਦੀ ਹੋਈ ਵੀ ਆਪਣੀ ਹੋਂਦ ਨੂੰ ਕਾਇਮ ਰੱਖ ਰਹੀ ਹੈ।

ਪੰਜਾਬੀ ਲੋਕ-ਕਾਵਿ ਦਾ ਖੇਤਰ ਬਹੁਤ ਵਿਸ਼ਾਲ ਹੈ। ਵਿਦਿਆਰਥੀਆਂ ਵਿੱਚ ਲੋਕ-ਕਾਵਿ ਸੰਬੰਧੀ ਉਤਸ਼ਾਹ ਪੈਦਾ ਕਰਨ ਦੀ ਮਨਸ਼ਾ ਨਾਲ, ਪੰਜਾਬੀ ਲੋਕ-ਕਾਵਿ ਦੀਆਂ ਕੁੱਝ ਵੰਨਗੀਆਂ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ :-

## 1. ਲੋਰੀਆਂ

'ਲੋਰੀ' ਜਾਂ 'ਲੋਰੀਆਂ' ਪੰਜਾਬੀ ਲੋਕ-ਕਾਵਿ ਦੀ ਅਜਿਹੀ ਵੰਨਗੀ ਹੈ, ਜਿਹੜੀ ਮਾਂ ਆਪਣੇ ਪੁੱਤਰ ਨੂੰ ਸੁਆਉਣ ਲਈ ਵਰਤਦੀ ਹੋਈ ਉਸ ਨੂੰ ਥਪ-ਥਪਾਉਂਦੀ ਤੇ ਪਿਆਰ ਕਰਦੀ ਹੈ। ਨਵ-ਜਾਤ ਬੱਚੇ ਨੂੰ ਜਦੋਂ ਉਹ ਚੀਕਦਾ, ਰੋਂਦਾ ਜਾ ਆਪਣੇ ਆਪ ਨੂੰ ਨਾ-ਖ਼ੁਸ਼ ਮਹਿਸੂਸ ਕਰਦਾ ਹੈ ਤਾਂ ਮਾਂ ਬੱਚੇ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਸੁਭਾਵਕ ਆਵਾਜ਼ ਤੋਂ ਹੱਟ ਕੇ ਕੁਝ ਹੇਕ ਲਾਉਂਦੀ ਹੈ ਤੇ ਬੱਚਾ ਆਰਾਮ ਮਹਿਸੂਸ ਕਰਕੇ ਸੌਂ ਜਾਂਦਾ ਹੈ। ਲੋਰੀ ਨੂੰ ਪਰਿਭਾਸ਼ਤ ਕਰਦਿਆਂ ਮਹਾਨ ਕੋਸ਼ ਵਿੱਚ ਲਿਖਿਆ ਹੈ,"ਬੱਚੇ ਦੇ

ਲਾਲਣ ਅਤੇ ਸੁਆਲਣ ਲਈ ਕੀਤਾ ਗਿਆ ਸੁਰਾ ਦਾ ਅਲਾਪ।" ਲੋਰੀ ਵਿੱਚ ਬੱਚੇ ਨੂੰ ਥਪਕਾਉਂਦਿਆ ਹੋਇਆ ਮਾਂ ਊਂ ਊਂ! ਆਂ ਆਂ। ਈਂ ਈਂ। ਆਦਿ ਧੁਨੀਆਂ ਅਲਾਪਦੀ ਹੈ। ਲੋਰੀ ਲਈ ਅੰਗਰੇਜ਼ੀ ਵਿੱਚ **LULLABY** ਸ਼ਬਦ ਵਰਤਿਆ ਜਾਂਦਾ ਹੈ। ਲੋਰੀ ਤੋਂ ਭਾਵ ਬੱਚਿਆ ਨੂੰ ਸੁਆਉਣ ਲਈ ਗਾਈਆਂ ਜਾਣ ਵਾਲੀਆਂ ਲੈਆਂ ਤੋਂ ਲਿਆ ਜਾਂਦਾ ਹੈ।

ਦੁਨੀਆਂ ਦਾ ਕੋਈ ਖਿੱਤਾ ਮੋਹ ਭਿੰਨੀਆਂ ਲੋਰੀਆਂ ਤੋਂ ਸੱਖਣਾ ਨਹੀਂ। ਬੱਚਿਆਂ ਨੂੰ ਵਰਾਉਣ, ਪਰਚਾਉਣ, ਲਾਡ-ਲੁਡਾਉਣ ਵਾਸਤੇ ਇਸ ਕਾਵਿ-ਰੂਪ ਦੀ ਵਰਤੋਂ ਕੀਤੀ ਜਾਂਦੀ ਹੈ। 'ਅੱਲੜ-ਬੱਲੜ ਬਾਵੇਦਾ' ਪੰਜਾਬੀ ਲੋਰੀ ਗੀਤਾਂ ਦੀ ਮਹੱਤਵਪੂਰਨ ਤੁਕ ਹੈ।

ਲੋਰੀ ਮਿੱਠੀ ਸੁਰ ਵਿੱਚ ਉੱਚਾਰੀ ਜਾਂਦੀ ਹੈ। ਇਹ ਹਿਰਦੇਵੇਦਕ ਸੁਰ ਸੰਬੋਧਨੀ ਰੂਪ ਵਿੱਚ ਹੁੰਦੀ ਹੈ। ਜੋ ਵਿਸ਼ੇਸ਼ ਪ੍ਰਕਾਰ ਦੀ ਲੋਰ ਵਿੱਚ ਅਲਾਪੀ ਜਾਂਦੀ ਹੈ। ਲੋਰ ਤੋਂ ਭਾਵ ਵਿਸ਼ੇਸ਼ ਤਰੰਗ, ਚਾਅ ਤੋਂ ਹੈ। ਇਹ ਲੋਰ ਲਾਡਾਂ, ਚਾਵਾਂ ਤੇ ਉਮੰਗਾਂ ਨਾਲ ਭਰਪੂਰ ਹੁੰਦਾ ਹੈ। ਲੋਰੀਆਂ ਕੇਵਲ ਮਾਂ ਹੀ ਬੱਚੇ ਨੂੰ ਨਹੀਂ ਦਿੰਦੀ, ਸਗੋਂ ਭਾਵਾਂ ਦੇ ਪ੍ਰਗਟਾਅ ਲਈ ਕੋਈ ਵੀ ਘਰ ਦਾ ਜੀਅ, ਨਜਦੀਕੀ ਸਾਕ-ਸੰਬੰਧੀ ਹੋ ਸਕਦਾ ਹੈ, ਭਾਵ ਬੱਚੇ ਦੀ ਭੈਣ, ਨਾਨੀ, ਦਾਦੀ, ਚਾਚੀ, ਤਾਈ, ਮਾਮੀ, ਮਾਸੀ, ਭੂਆ, ਖਿਡਾਉਣ ਵਾਲੀ ਇਸਤਰੀ ਆਦਿ।

ਲੋਰੀ ਗੀਤ ਕਿਸੇ ਵੀ ਸਮਾਜ, ਸੱਭਿਆਚਾਰ ਦਾ ਅਨਮੋਲ ਖਜ਼ਾਨਾ ਹੁੰਦੇ ਹਨ। ਇਹ ਹੀ ਕਾਰਨ ਹੈ ਕਿ ਇਹਨਾਂ ਵਿੱਚ ਸ਼ਾਬਦਿਕ/ ਸੱਭਿਆਚਾਰਕ ਵਖਰੇਵਾਂ ਦੇਖਣ ਨੂੰ ਮਿਲਦਾ ਹੈ। ਸੁਆਣੀਆਂ ਜਦੋਂ ਕਿਸੇ ਕਾਰਜ ਵਿੱਚ ਜੁਟੀਆਂ ਹੁੰਦੀਆਂ ਹਨ ( ਜਿਵੇਂ ਕਸੀਦਾ ਕੱਢਣਾ, ਆਟਾ ਗੁੰਨਣਾ, ਪੀਹਣ ਬਣਾਉਣਾ, ਰੋਟੀ ਬਣਾਉਣਾ ਆਦਿ ) ਤਾਂ ਉਹ ਘਘੂੰੜੇ ਵਿੱਚ ਜਾਂ ਫਿਰ ਮੰਜੀ ਦੀ ਬਾਹੀ ਨਾਲ ਬੰਨ੍ਹੀ ਝਲੂੰਗੀ ਵਿੱਚ ਪਏ ਬੱਚੇ ਨੂੰ ਕਾਰਜ ਦੇ ਨਾਲ-ਨਾਲ ਲੋਰੀਆਂ ਵੀ ਦਿੰਦੀਆਂ ਰਹਿੰਦੀਆਂ ਹਨ। ਲਾਡ ਲਡ਼ਾਉਂਦਿਆਂ ਗੀਤ ਸੁਣਾਏ ਜਾਂਦੇ ਹਨ। ਇੱਥੇ ਇੱਕ ਪਹਿਲੂ ਵਿਚਾਰਨ ਯੋਗ ਹੈ ਕਿ ਧੀਆਂ ਨਾਲ ਸੰਬੰਧਤ ਲੋਰੀਆਂ ਨਹੀਂ ਮਿਲਦੀਆਂ। ਸੋ ਪੁੱਤਰ ਪ੍ਰਪਤੀ ਤੇ ਮਾਂ ਵੀ ਮਾਣ ਮਹਿਸੂਸ ਕਰਕੇ ਕੁੱਝ ਵਿਸ਼ੇਸ਼ ਲੋਰੀਆਂ ਗਾਉਂਦੀ ਹੈ।

ਲੋਰੀਆਂ ਸੰਬੰਧੀ ਇੱਕ ਨੁਕਤਾ ਇਹ ਵੀ ਵਿਚਾਰਨਯੋਗ ਹੈ ਕਿ ਇਸ ਕਾਵਿ ਰੂਪ ਵਿੱਚ ਸਮਾਜਕ, ਸੱਭਿਆਚਾਰਕ, ਆਰਥਕ, ਭਾਈਚਾਰਕ, ਰਾਜਨੀਤਕ ਆਦਿ ਭਾਵ ਸਹਿਜ ਸੁਭਾਵਕ ਹੀ ਪ੍ਰਗਟ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਇਹਨਾਂ ਵਿੱਚ ਪਸ਼ੂ, ਪੰਛੀ, ਰਾਜੇ, ਮਹਾਰਾਜੇ, ਸ਼ਹਿਰ, ਪਿੰਡਾਂ ਦਾ ਜ਼ਿਕਰ ਵੀ ਸ਼ਾਮਲ ਹੋਇਆ ਮਿਲਦਾ ਹੈ।

ਸਪਸ਼ਟ ਹੈ ਕਿ ਲੋਰੀਆਂ ਕੇਵਲ ਬੱਚੇ ਦੇ ਖਿਡਾਉਣ, ਪ੍ਰਚਾਉਣ ਤੱਕ ਹੀ ਸੀਮਤ ਨਹੀਂ ਰਹਿੰਦੀਆਂ, ਸਗੋਂ ਇਹਨਾਂ ਵਿੱਚੋਂ ਜੀਵਨ ਦੀ ਵਿਸ਼ਾਲਤਾ ਦੇ ਦਰਸ਼ਨ ਵੀ ਕੀਤੇ ਜਾ ਸਕਦੇ ਹਨ। ਪਰ ਅਜੋਕੇ ਦੌਰ ਵਿੱਚ ਇਹ ਚਿੰਤਾ ਦਾ ਵਿਸ਼ਾ ਹੈ ਕਿ ਸੁਆਣੀਆਂ ਦੀ ਇਸ ਕਾਵਿ-ਰੂਪ ਵਿੱਚ ਦਿਲਚਸਪੀ ਘੱਟਦੀ ਜਾ ਰਹੀ ਹੈ। ਮਸ਼ੀਨੀਕਰਨ ਦੇ ਯੁੱਗ ਵਿੱਚ ਖੇਡਣ, ਮਨ ਪ੍ਰਚਾਉਣ ਦੇ ਤੌਰ ਤਰੀਕੇ ਬਦਲ ਰਹੇ ਹਨ। ਜੇਕਰ ਇਸ ਲੋਕ ਵਿਰਸੇ ਦੀ ਪ੍ਰਵਿਰਤੀ ਨੂੰ ਸੁਰਜੀਤ ਰੱਖਣਾ ਹੈ ਤਾਂ ਸਮੇਂ ਦੀ ਲੋੜ ਅਨੁਸਾਰ ਇਸਨੂੰ ਸੰਭਾਲ ਕੇ ਰੱਖਿਆ ਜਾਵੇ, ਵਿਵਹਾਰਿਕਤਾ ਵਿੱਚ ਅਪਣਾਇਆ ਜਾਵੇ ਤਾਂ ਇਹ ਸ਼ਾਨ ਵਾਲੀ ਗੱਲ ਸਾਬਤ ਹੋਵੇਗੀ।

ਇਹਨਾਂ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਲਈ ਪਾਠ-ਪੁਸਤਕ ਵਿੱਚ ਕੁੱਝ ਲੋਰੀਆਂ ਨਮੂਨੇ ਵਜੋਂ ਪੇਸ਼ ਕੀਤੀਆਂ ਜਾ ਰਹੀਆਂ ਹਨ :-

## ਲੈ ਵੇ ਬਾਬਾ ਲੋਰੀਆਂ

ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।
ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

ਜੰਮਿਆ ਪੂਰ ਖੜੰਮਿਆ,
ਨਾਈਆਂ ਡੂੰਮਾਂ ਦੀ ਭਾਗੀ ਜੰਮਿਆ,

ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

ਤੇਰੇ ਬਾਬੇ ਤੇ ਦਾਦੀ ਦੀਆਂ, ਰੱਬ ਪੁਜਾਈਆਂ ਆਸਾਂ,
ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

ਹੱਥਾਂ ਤੇਰਿਆਂ ਨੂੰ ਸੂਤੜੇ, ਪੈਰਾਂ ਤੇਰਿਆਂ ਨੂੰ ਕੜੀਆਂ,
ਤੇਰੀ ਨਾਨੀ ਤੇ ਮਾਸੀ ਦੀਆਂ ਲੱਤਾਂ ਰਹਿ ਗਈਆਂ ਖੜ੍ਹੀਆਂ,
ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

* * * *

BSER

## ਤੇਰਾ ਹੋਰ ਕੀ ਚੁੰਮਾਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਬਾਂਹ,
ਤੇਰੇ ਸਦਕੇ ਲੈਂਦੀ ਮਾਂ,
ਤੇਰਾ ਹੋਰ ਕੀ ਚੁੰਮਾਂ ? ਹੂ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀਆਂ ਅੱਖਾਂ,
ਤੈਨੂੰ ਸਾਈਂ ਦੀਆਂ ਰੱਖਾਂ,
ਤੇਰਾ ਹੋਰ ਕੀ ਚੁੰਮਾਂ ? ਹੂ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਧੁੰਨੀ,
ਮੇਰੀ ਆਸ ਮੁਰਾਦ ਪੁੰਨੀ,
ਤੇਰਾ ਹੋਰ ਕੀ ਚੁੰਮਾਂ ? ਹੂ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਗਾਨੀ,
ਤੇਰੀ ਸਦਕੇ ਜਾਂਦੀ ਨਾਨੀ,
ਤੇਰਾ ਹੋਰ ਕੀ ਚੁੰਮਾਂ ? ਹੂ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਤੜਾਗੀ,
ਤੇਰੀ ਸਦਕੇ ਜਾਂਦੀ ਦਾਦੀ,
ਤੇਰਾ ਹੋਰ ਕੀ ਚੁੰਮਾਂ ? ਹੂ ਊਂ ਊਂ

* * * *

**( ਸਦਕੇ – ਕੁਰਬਾਨ, ਸਾਈਂ – ਪ੍ਰਮਾਤਮਾ, ਪੁੰਨੀ -ਪੂਰੀ, ਤੜਾਗੀ –ਲੱਕ ਦੇ ਦੁਆਲੇ ਬੰਨ੍ਹਿਆ ਨਜ਼ਰ ਲੱਗਣ ਤੋਂ ਕਾਲਾ ਧਾਗਾ। )**



BSER

## ਸੌਂ ਜਾਹ ਕਾਕਾ!

ਸੌਂ ਜਾਹ ਕਾਕਾ! ਸੌਂ ਜਾਹ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰਾ ਨਾਨਾ ਆਇਆ ਵੇ!
ਸੋਨੇ ਮੋਹਰਾਂ ਲਿਆਇਆ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰੀ ਨਾਨੀ ਆਈ ਵੇ!
ਘਿਉ ਪੰਜੀਰੀ ਲਿਆਈਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰਾ ਮਾਮਾ ਆਇਆ ਵੇ!
ਪੰਜ ਸੌ ਰੋਕ ਲਿਆਇਆ ਵੇ!
ਸੋ ਜਾਹ ਕਾਕਾ! ਸੌਂ ਜਾਹ ਵੇ!

ਤੇਰੀ ਮਾਸੀ ਆਈ ਵੇ!
ਸੋਨੇ ਕੰਙਣ ਲਿਆਈ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰੀ ਭੂਆ ਆਈ ਵੇ!
ਝੱਗਾ ਟੋਪੀ ਲਿਆਈ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

* * *

**( ਮੋਹਰਾਂ - ਗਹਿਣੇ, ਕੰਙਣ - ਕੜੇ, ਪੰਜੀਰੀ - ਦੇਸੀ ਮਿਠਾਈ, ਝੱਗਾ - ਕਮੀਜ਼। )**

BSER

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਲੋਰੀ ਤੋਂ ਕੀ ਭਾਵ ਹੈ ?

ਪ੍ਰਸ਼ਨ 2. 'ਲੈ ਵੇ ਬਾਬਾ ਲੋਰੀਆਂ' ਲੋਰੀ ਵਿੱਚ ਕਿਹੜੇ-ਕਿਹੜੇ ਰਿਸ਼ਤੇਦਾਰਾਂ ਦਾ ਜ਼ਿਕਰ ਆਇਆ ਹੈ ?

ਪ੍ਰਸ਼ਨ 3. 'ਤੇਰਾ ਹੋਰ ਕੀ ਚੁੰਮਾਂ' ਲੋਰੀ ਦੀਆਂ ਕੋਈ ਚਾਰ ਸਤਰਾਂ ਲਿਖੋ।

ਪ੍ਰਸ਼ਨ 4. 'ਸੌਂ ਜਾਹ ਕਾਕਾ' ਲੋਰੀ ਵਿੱਚ ਨਾਨੇ, ਮਾਸੀ ਦੁਆਰਾ ਲਿਆਂਦੇ ਗਹਿਣਿਆਂ ਦੇ ਨਾਂ ਲਿਖੋ।

BSER

# 2. ਸੁਹਾਗ

ਪੰਜਾਬੀ ਲੋਕ-ਕਾਵਿ ਰੂਪਾਂ ਦਾ ਵੱਡਾ ਹਿੱਸਾ ਪੰਜਾਬੀ ਜੀਵਨ ਦੇ ਵੱਖ-ਵੱਖ ਮੌਕਿਆਂ ਨਾਲ ਸੰਬੰਧਿਤ ਹੈ। ਸੁਹਾਗ ਤੇ ਘੋੜੀ ਵਿਆਹ ਮੌਕੇ ਗਾਏ ਜਾਣ ਵਾਲੇ ਵਿਸ਼ੇਸ਼ ਗੀਤ ਹਨ। 'ਸੁਹਾਗ' ਗੀਤਾਂ ਦਾ ਸੰਬੰਧ ਧੀ ਵਾਲੀ ਧਿਰ ਨਾਲ ਹੈ ਤੇ 'ਘੋੜੀ' ਗੀਤ ਪੁੱਤਰ ਧਿਰ ਦੀ ਪ੍ਰਤਿਨਿਧਤਾ ਕਰਦੇ ਹਨ।

ਸਾਹਿੱਤ ਕੋਸ਼ ਵਿੱਚ 'ਸੁਹਾਗ' ਸ਼ਬਦ ਦੇ ਅਰਥ ਇਸ ਪ੍ਰਕਾਰ ਹਨ, "'ਸੁਹਾਗ' ਸੰਸਕ੍ਰਿਤ ਸ਼ਬਦ 'ਸੋਭਾਗਯ' ਦਾ ਤਦਭਵ ਰੂਪ ਹੈ। ਸੋਭਾਗਯ ਤੋਂ ਭਾਵ ਹੈ ਸ਼੍ਰੇਸਠ ਭਾਗ ਜਾਂ ਚੰਗੀ ਕਿਸਮਤ। ਕਿਸੇ ਇਸਤਰੀ ਦਾ ਸੁਭਾਗ ਇਹੀ ਹੀ ਹੈ ਕਿ ਉਸ ਦਾ ਪਤੀ ਉਸਦੇ ਜੀਵਨ-ਕਾਲ ਤੱਕ ਜਿਊਂਦਾ ਰਹੇ। ਇਸ ਲਈ 'ਸੁਹਾਗ' ਸ਼ਬਦ ਜੀਵਤ ਪਤੀ ਲਈ ਪ੍ਰਤੀਕਾਤਮਕ ਸ਼ਬਦ ਬਣ ਗਿਆ ਅਤੇ ਇਸ ਸ਼ਬਦ ਤੋਂ 'ਸੁਹਾਗਣ' ਸ਼ਬਦ ਬਣਿਆ। ਜਿਸ ਤੋਂ ਭਾਵ ਸੋਭਾਗਯ ਵਾਲੀ ਇਸਤਰੀ ਜਿਸਦਾ ਪਤੀ ਜਿਉਂਦਾ ਹੈ।" ਇਹੀ ਕਾਰਨ ਹੈ ਕਿ ਵੱਡੀਆਂ ਇਸਤਰੀਆਂ ਛੋਟੀਆਂ ਇਸਤਰੀਆਂ ਵੱਲੋਂ ਪ੍ਰਣਾਮ ਕਰਨ ਤੇ 'ਬੁੱਢ ਸੁਹਾਗਣ ਹੋਵੇ' ਕਹਿੰਦੀਆਂ ਹਨ। ਸੂਫ਼ੀ, ਗੁਰਬਾਣੀ ਕਾਵਿ ਵਿੱਚ ਇਹਨਾਂ ਸ਼ਬਦਾਂ ਲਈ ਸੋਹਾਗਣਿ, ਸੋਹਾਗਣ, ਸੁਹਾਗਣਿ, ਸੋਹਾਗਨੀ ਆਦਿ ਦੀ ਵਰਤੋਂ ਅਧਿਆਤਮ-ਸਾਧਨਾ ਵੱਜੋਂ ਕੀਤੀ ਗਈ ਹੈ।

ਇੰਜ ਸੁਹਾਗ ਦਾ ਅਰਥ:-ਖੁਸ਼ਨਸੀਬੀ, ਪਤੀ ਦੀ ਹੋਂਦ, ਚੰਗੇ ਭਾਗਾਂ ਵਾਲੀ ਇਸਤਰੀ ਆਦਿ ਵੀ ਮੰਨਿਆ ਜਾਂਦਾ ਹੈ। ਪੇਂਡੂ ਸੁਆਣੀਆਂ ਲੰਬੇ ਸੁਹਾਗ ਦੀਆਂ ਅਸੀਸਾਂ ਦਿੰਦੀਆਂ ਹਨ। ਇਹਨਾਂ ਗੀਤਾਂ ਦਾ ਸਿਲਸਿਲਾ ਕੁੜੀ ਵਾਲੇ ਘਰ ਵਿਆਹ ਤੋਂ ਕੁੱਝ ਦਿਨ ਪਹਿਲਾਂ ਤੋਂ ਲੈ ਕੇ ਵਿਆਹ ਵਾਲੇ ਦਿਨ ਤੱਕ ਨਿਰੰਤਰ ਚੱਲਦਾ ਰਹਿੰਦਾ ਹੈ। ਇਹਨਾਂ ਲੋਕ ਗੀਤਾਂ ਵਿੱਚ ਵਿਆਹੀ ਜਾਣ ਵਾਲੀ ਮੁਟਿਆਰ ਦੀਆਂ ਸੱਧਰਾਂ, ਕਾਮਨਾਵਾਂ, ਕਲਪਨਾਵਾਂ, ਚੰਗੇ ਸਹੁਰੇ ਘਰ ਦੀ ਲੋਚਾ, ਸੋਹਣੇ ਵਰ ਦੀ ਕਾਮਨਾ ਆਦਿ ਦੀ ਤਰਜ਼ਮਾਨੀ ਹੁੰਦੀ ਹੈ।

ਇਹਨਾਂ ਲੋਕ-ਗੀਤਾਂ ਵਿੱਚ ਵਿਆਹੀ ਜਾਣ ਵਾਲੀ ਮੁਟਿਆਰ ਦੇ ਪੇਕੇ-ਸਹੁਰੇ ਪਰਿਵਾਰ ਦੇ ਜੀਆਂ ਦਾ ਜ਼ਿਕਰ ਵੀ ਵਾਰ-ਵਾਰ ਆਉਂਦਾ ਹੈ। ਓਪਰੇ ਅਣਡਿੱਠੇ ਰਿਸ਼ਤਿਆਂ ਦੀ ਸਾਂਝ ਅਤੇ ਅਪਣੱਤ ਬਾਰੇ ਕਾਮਨਾ ਕਲਪਨਾ ਕਈ ਵਾਰੀ ਤਰਲੇ ਭਰੀ ਤੇ ਕਰੁਣਾਮਈ ਬੋਲੀ ਵਿੱਚ ਵੀ ਪ੍ਰਗਟ ਹੁੰਦੀ ਹੈ। ਸਿੱਟੇ ਵੱਜੋਂ ਉਦਾਸੀ ਉਦਰੇਵਾਂ ਸੁਹਾਗ ਗੀਤਾਂ ਵਿਚਲਾ ਕੇਂਦਰੀ ਚਿੰਨ੍ਹ ਹੋ ਨਿਬੜਦਾ ਹੈ। ਇਸ ਕਰਕੇ ਇਹਨਾਂ ਗੀਤਾਂ ਵਿੱਚ ਤਣਾਅ ਤੇ ਨਿੱਘ ਦੋਵੇਂ ਪ੍ਰਕਾਰ ਦੇ ਭਾਵ ਹਾਜ਼ਰ ਹੁੰਦੇ ਹਨ।

ਅਣਡਿੱਠੇ ਸਹੁਰੇ ਘਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਵਿਆਹੀ ਜਾਣ ਵਾਲੀ ਮੁਟਿਆਰ ਦੇ ਮਨ ਵਿੱਚ ਕਈ ਸ਼ੰਕੇ ਹੁੰਦੇ ਹਨ, ਕਿਉਂਕਿ ਉਹ ਪੇਕੇ ਘਰ ਲਾਡਾਂ-ਚਾਵਾਂ ਨਾਲ ਪਲੀ ਹੁੰਦੀ ਹੈ। ਇਸ ਘਰ ਤੋਂ ਵਿਦਾ ਹੋਣਾ ਸੁਖਾਲਾ ਕਾਰਜ ਨਹੀਂ ਹੁੰਦਾ। ਲੇਕਿਨ ਸਮਾਜਕ ਪ੍ਰਬੰਧ ਤਹਿਤ ਬਾਲਗ ਮੁਟਿਆਰ ਨੂੰ ਸਹੁਰੇ ਘਰ ਜਾਣਾ ਹੀ ਪੈਂਦਾ ਹੈ। ਨਵੀਆਂ ਭੂਮਿਕਾਵਾਂ ਬਾਰੇ ਉਸਦੇ ਮਨ ਵਿੱਚ ਅਨੇਕਾਂ ਭਾਵ ਪਨਪਦੇ ਰਹਿੰਦੇ ਹਨ। ਸਹੁਰੇ ਪਰਿਵਾਰ ਦੇ ਸਮਾਜਕ, ਆਰਥਿਕ ਰੁਤਬੇ ਬਾਰੇ ਵੀ ਖਿਆਲ ਪੈਦਾ ਹੁੰਦੇ ਹਨ।

ਜਿਸ ਸਮਾਜਕ ਚੌਗਿਰਦੇ ਵਿੱਚ ਸੁਹਾਗ ਗੀਤਾਂ ਦਾ ਜਨਮ ਹੋਇਆ ਉਸ ਵੇਲੇ ਕੁੜੀ ਦੇ ਵਿਆਹ ਦਾ ਨਿਰਣਾ ਬਾਬਲ ਹੀ ਕਰਦਾ ਸੀ। ਇਸ ਲਈ ਬਹੁਤੇ ਸੁਹਾਗ ਧੀ ਵੱਲੋਂ ਬਾਬਲ ਨੂੰ ਸੰਬੋਧਿਤ ਹੁੰਦੇ ਹਨ। ਜਿਵੇਂ:-

ਦੇਈਂ-ਦੇਈਂ ਵੇ ਬਾਬਲਾ ਉਸ ਘਰੇ
ਜਿੱਥੇ ਸੱਸ ਭਲੀ, ਸਹੁਰਾ ਸਰਦਾਰ ਹੋਵੇ

ਕੁੜੀ ਦੇ ਵਿਆਹ ਮੌਕੇ ਗਾਏ ਜਾਣ ਵਾਲੇ ਸੁਹਾਗ ਗੀਤਾਂ ਵਿੱਚੋਂ ਕੁੱਝ ਗੀਤ ਪਾਠ-ਪੁਸਤਕ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ :-

ਬਾਬਲ ਲਈ ਧੀ ਦਾ ਵਿਆਹ 'ਧਰਮ' ਦਾ ਕਾਰਜ ਕਹਾਉਂਦਾ ਹੈ। ਪੰਜਾਬੀ ਸਮਾਜ ਅੰਦਰ ਵਿਆਹ ਵਰਗੀ ਪਰੰਪਰਾ ਨੂੰ ਇੱਕ ਤਰ੍ਹਾਂ ਅਧਿਆਤਮਕ, ਧਾਰਮਿਕ ਰੂਪ ਵੀ ਦਿੱਤਾ ਗਿਆ ਹੈ। ਜਿਸਦਾ ਵਿਵਹਾਰਿਕ ਰੂਪ 'ਕੰਨਿਆਦਾਨ' ਵੱਜੋਂ ਹੈ। ਸੋ ਇਹਨਾਂ ਗੀਤਾਂ ਵਿਚਲਾ 'ਬਾਬਲ' ਹਮੇਸ਼ਾ ਧਰਮੀ ਬਾਬਲ ਹੈ। ਉਸ ਲਈ ਹਰੇਕ ਕਿਸਮ ਦੀ ਮਰਿਆਦਾ ਨੂੰ ਨਿਭਾਉਣਾ ਲਾਜ਼ਮੀ ਸ਼ਰਤ ਹੈ। ਇਹ ਸਿਲਸਿਲਾ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਆ ਰਿਹਾ ਹੈ। ਇਸ ਸ਼ੁੱਭ ਕਾਰਜ ਵਿੱਚ ਚਾਚੇ, ਮਾਮੇ, ਨੇੜੇ ਦੇ ਰਿਸ਼ਤੇਦਾਰ, ਨਾਨਕੇ, ਦਾਦਕੇ ਆਦਿ ਸਭ ਆਪਣੀ-ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ।

ਸੁਹਾਗ ਗੀਤਾਂ ਵਿੱਚ ਧੀ ਲਈ ਬਾਬਲ ਰਾਜੇ ਦੀ ਭੂਮਿਕਾ ਵਿੱਚ ਹਾਜ਼ਰ ਰਹਿੰਦਾ ਹੈ। ਉਸ ਦਾ ਘਰ-ਬਾਰ ਮਹਿਲ ਜਾਪਦਾ ਹੈ। ਘਰ ਵਿੱਚ ਲੱਗੇ ਰੁੱਖ ਚੰਦਨ ਦੇ ਰੁੱਖ ਲੱਗਦੇ ਹਨ, ਉੱਥੇ ਤਲਾਬ ਵਿੱਚ ਚੰਬੇ ਖਿੜਦੇ ਪ੍ਰਤੀਤ ਹੁੰਦੇ ਹਨ। ਸੁਹਾਗ ਗੀਤ ਨੂੰ ਮੁਟਿਆਰਾਂ ਇਸਤਰੀਆਂ ਰਲ ਕੇ ਗਾਉਂਦੀਆਂ ਹਨ। ਇਹ ਸਮੂਹ ਗੀਤ ਹੈ। ਜ਼ਰੂਰਤ ਅਨੁਸਾਰ ਵਾਕਾਂ/ ਵਾਕੰਸ਼ਾਂ ਵਿੱਚ ਦੁਹਰਾਅ ਕਰ ਲਿਆ ਜਾਂਦਾ ਹੈ। ਖਿੱਤੇ ਮੁਤਾਬਿਕ ਭਾਸ਼ਾਈ ਰੂਪ ਵੀ ਬਦਲ ਜਾਂਦਾ ਹੈ ਜਿਵੇਂ ਦੇਵੀਂ ਤੋਂ ਦੇਈਂ, ਬੇਟੀ ਤੋਂ ਬੇਟੜੀ, ਬਾਹਲੜੇ ਦੀ ਥਾਂ ਬਹੁਤੇ ਆਦਿ। ਬਣਤਰ ਪੱਖੋਂ ਇਹ ਗੀਤ ਸਰਲ ਕਿਸਮ ਦੇ ਹੁੰਦੇ ਹਨ। ਲੈਅ ਇਹਨਾਂ ਗੀਤਾਂ ਦਾ ਕਾਵਿਕ ਲੱਛਣ ਹੈ। ਇਹ ਬੱਝਵੇਂ ਕਾਵਿ ਰੂਪ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਕੁੜੀ ਦੀ ਵਿਦਾਈ ਸਮੇਂ ਕਰੁਣਾਮਈ, ਵੇਦਨਾਮਈ ਦ੍ਰਿਸ਼ ਹੋਣ ਕਰਕੇ ਇਹਨਾਂ ਗੀਤਾਂ ਵਿੱਚੋਂ ਕਰੁਣਾ ਰਸ ਦੀ ਝਲਕ ਵੀ ਦੇਖੀ ਜਾ ਸਕਦੀ ਹੈ। ਧੀ ਦੇ ਪੇਕੇ ਘਰੋਂ ਵਿਛੜਨ ਮੌਕੇ ਪਰਿਵਾਰ ਤੇ ਸਾਕ-ਸੰਬੰਧੀ ਰੋਂਦੇ ਹਨ।

## ਦੇਈਂ ਦੇਈਂ ਵੇ ਬਾਬਲਾ

ਦੇਈਂ ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਭਲੀ ਪਰਧਾਨ, ਸਹੁਰਾ ਸਰਦਾਰ ਹੋਵੇ।
ਡਾਹ ਪੀਹੜਾ ਬਹਿੰਦੀ ਸਾਹਮਣੇ,
ਵੇ ਮੱਥੇ ਕਦੇ ਨਾ ਪਾਂਦੀ ਵੱਟ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।



BSE

ਦੇਈਂ ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਦੇ ਬਾਹਲੜੇ ਪੁੱਤ, ਇੱਕ ਮੰਗੀਏ, ਇੱਕ ਵਿਆਹੀਏ।
ਵੇ ਮੈਂ ਸ਼ਾਦੀਆਂ ਵੇਖਾਂ ਨਿੱਤ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਬੂਰੀਆਂ ਝੋਟੀਆਂ ਸੱਠ।
ਇੱਕ ਰਿੜਕਾਂ ਇੱਕ ਜਮਾਇਸਾਂ।
ਵੇ ਮੇਰਾ ਚਾਟੀਆਂ ਦੇ ਵਿੱਚ ਹੱਥ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਦਰਜ਼ੀ ਸੀਵੇ ਪੱਟ।
ਇੱਕ ਪਾਵਾਂ, ਇੱਕ ਟੰਗਣੇ,
ਵੇ ਮੇਰਾ ਸੰਦੂਕਾਂ ਦੇ ਵਿੱਚ ਹੱਥ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

ਦੇਈਂ ਦੇਈਂ, ਵੇ ਬਾਬਲਾ ਓਸ ਘਰੇ,
ਜਿੱਥੇ ਘਾੜ ਘੜੇ ਸੁਨਿਆਰ।
ਇੱਕ ਪਾਵਾਂ, ਦੂਜਾ ਡੱਬੜੇ,
ਵੇ ਮੇਰਾ ਡੱਬਿਆਂ ਦੇ ਵਿੱਚ ਹੱਥ, ਬਾਬਲ ਤੇਰਾ ਪੁੰਨ ਹੋਵੇ।
ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ, ਬਾਬਲ ਤੇਰਾ ਪੁੰਨ ਹੋਵੇ।

* * * *

**( ਪਰਧਾਨ – ਆਗੂ, ਮੋਹਰੀ ; ਵੱਡੜਾ – ਵੱਡਾ, ਜਸ :– ਵਡਿਆਈ, ਸਿਫ਼ਤ; ਬਾਹਲੜੇ –ਜ਼ਿਆਦਾ, ਪੱਟ – ਰੇਸ਼ਮ, ਡੱਬੜੇ – ਡੱਬੇ। )**



BSER

# ਸਾਵਣ ਕਾਜ ਨਾ ਰਚਾਈਂ

ਮੈਂ ਤੈਨੂੰ ਆਖਿਆ ਮੇਰੇ ਬਾਬਲਾ, ਵੇ ਸੁਣ ਧਰਮੀਆ,
ਵੇ ਸਾਵਣ ਕਾਜ ਨਾ ਰਚਾਈਂ।

ਸਾਵਣ ਵਰਸਦੇ ਜੀ ਕੋਈ ਮੇਘਲੇ ਜੀ, ਵਾਰੀ ਮੇਘਲੇ,
ਭਿੱਜ ਜਾਂਦੇ ਸ਼ਾਮ ਜੀ ਦੇ ਕੱਪੜੇ ਹਰੇ ਰਾਮ ਜੀ।

ਕੋਈ ਝੁੱਲੀਓ ਵੇ ਦੱਖਣੀ ਵਾ' ਵੇ ਸੁਣ ਧਰਮੀਆ,
ਸੁੱਕ ਜਾਂਦੇ ਸ਼ਾਮ ਜੀ ਦੇ ਕੱਪੜੇ ਹਰੇ ਰਾਮ ਜੀ।

* * * *

**( ਸਾਵਣ – ਦੇਸੀ ਮਹੀਨਾ; ਧਰਮੀਆ – ਅਸੂਲਾਂ ਤੇ ਚੱਲਣ ਵਾਲਾ; ਝੁੱਲੀਓ – ਹਵਾ ਦਾ ਚੱਲਣਾ; ਵਾ' :– ਹਵਾ। )**

BSER

# ਧੀ ਹੋਵੇ, ਘਰ ਧਨ ਹੋਵੇ

ਬਾਬਲ ਮੇਰੇ ਕਾਜ ਰਚਾਇਆ,
ਦਿਨ ਰਹਿ ਗਏ ਥੋੜ੍ਹੇ,
ਧੀ ਹੋਵੇ, ਘਰ ਧਨ ਹੋਵੇ,
ਬਾਬਲ ਧੀਆਂ ਦੇ ਕਰਦਾ ਦਾਨ।
ਸਾਲੂ ਦਾ ਪੱਲਾ ਰੇਸ਼ਮੀ,
ਮੇਰਾ ਰੋਦੀਂ ਦਾ ਭਿੱਜਿਆ ਰੁਮਾਲ।

ਚਾਚੇ ਮੇਰੇ ਕਾਜ ਰਚਾਇਆ,
ਦਿਨ ਰਹਿ ਗਏ ਥੋੜ੍ਹੇ;
ਧੀ ਹੋਵੇ, ਘਰ ਧਨ ਹੋਵੇ,
ਚਾਚਾ ਧੀਆਂ ਦੇ ਕਰਦਾ ਦਾਨ।
ਸਾਲੂ ਦਾ ਪੱਲਾ ਰੇਸ਼ਮੀ,
ਮੇਰਾ ਰੋਦੀਂ ਦਾ ਭਿੱਜਿਆ ਰੁਮਾਲ।

ਮਾਮੇ ਮੇਰੇ ਕਾਜ ਰਚਾਇਆ,
ਦਿਨ ਰਹਿ ਗਏ ਥੋੜ੍ਹੇ,
ਧੀ ਹੋਵੇ, ਘਰ ਧਨ ਹੋਵੇ,
ਮਾਮਾ ਭਾਣਜੁ ਦੇ ਕਰਦਾ ਦਾਨ।
ਸਾਲੂ ਦਾ ਪੱਲਾ ਰੇਸ਼ਮੀ,
ਮੇਰਾ ਰੋਦੀਂ ਦਾ ਭਿੱਜਿਆ ਰੁਮਾਲ।

* * * *

**( ਸਾਲੂ – ਸਿਰ ਕੱਜਣ ਵਾਲਾ ਲਾਲ ਕੱਪੜਾ ; ਬਾਬਲ – ਪਿਤਾ, ਪਿਉ; ਭਾਣਜੁ – ਭੈਣ ਦਾ ਬੱਚਾ ; ਪੱਲਾ – ਲੜ, ਕਿਨਾਰਾ। )**

BSER

# ਬੇਟੀ, ਚੰਨਣ ਦੇ ਓਹਲੇ

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ,
ਬਾਬਲ, ਵਰ ਲੋੜੀਏ।

ਬੇਟੀ, ਕਿਹੋ ਜਿਹਾ ਵਰ ਲੋੜੀਏ?
ਨੀ ਜਾਈਏ, ਕਿਹੋ ਜਿਹਾ ਵਰ ਲੋੜੀਏ?

ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ,
ਚੰਨਾਂ ਵਿੱਚੋਂ ਕਾਹਨ ਘਨੱ੍ਹਈਆ ਵਰ ਲੋੜੀਏ।

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜੀ ਸਾਂ ਮਾਮਾ ਜੀ ਦੇ ਬਾਰ,
ਮਾਮਾ, ਵਰ ਲੋੜੀਏ।

ਬੇਟੀ, ਕਿਹੋ ਜਿਹਾ ਵਰ ਲੋੜੀਏ?
ਨੀ ਜਾਈਏ, ਕਿਹੋ ਜਿਹਾ ਵਰ ਲੋੜੀਏ?

ਮਾਮਾ ਜਿਉਂ ਤਾਰਿਆਂ ਵਿੱਚੋਂ ਚੰਨ,
ਚੰਨਾਂ ਵਿੱਚੋਂ ਕਾਹਨ ਘਨੱ੍ਹਈਆ ਵਰ ਲੋੜੀਏ।

* * * *

**( ਚੰਨਣ - ਚੰਦਲ ਦਾ ਰੁੱਖ ; ਬਾਬਲ - ਪਿਤਾ, ਪਿਉ ; ਬਾਰ - ਦਰਵਾਜ਼ਾ; ਕਾਹਨ - ਕ੍ਰਿਸ਼ਨ ਜੀ। )**

BSER

# ਸਾਡਾ ਚਿੜੀਆਂ ਦਾ ਚੰਬਾ

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ?

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ਼ਾ ਨਹੀਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ, ਧੀਏ ਘਰ ਜਾ ਆਪਣੇ।

ਤੇਰੇ ਬਾਗ਼ਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ਼ਾ ਨਹੀਂ ਲੰਘਦਾ।
ਇੱਕ ਟਾਹਲੀ ਪੁਟਾਂ ਦੇਵਾਂ, ਧੀਏ ਘਰ ਜਾ ਆਪਣੇ।

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਗੁੱਡੀਆਂ ਕੌਣ ਖੇਡੇ?
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਚਰਖਾ ਕੌਣ ਕੱਤੇ?
ਮੇਰੀਆਂ ਕੱਤਣ ਪੋਤਰੀਆਂ, ਧੀਏ ਘਰ ਜਾ ਆਪਣੇ।

ਮੇਰਾ ਛੁੱਟਾ ਕਸੀਦਾ ਵੇ, ਬਾਬਲ ਦੱਸ ਕੌਣ ਕੱਢੇ?
ਮੇਰੀਆਂ ਕੱਢਣ ਪੋਤਰੀਆਂ, ਧੀਏ ਘਰ ਜਾ ਆਪਣੇ।

* * * *

**( ਚਿੜੀਆਂ ਦਾ ਚੰਬਾ - ਚਿੜੀਆਂ ਦੀ ਡਾਰ ਭਾਵ ਕੁੜੀਆਂ ਦਾ ਇੱਕਠ; ਡੋਲਾ - ਡੋਲੀ ; ਕਸੀਦਾ - ਕਸੀਦਾਕਾਰੀ। )**

BSER

# ਰੱਖ ਲੈ ਅੱਜ ਦੀ ਰਾਤ

ਬਾਬਲ ਵਿਦਾ ਕਰੇਂਦੜਿਆ,
ਮੈਨੂੰ ਰੱਖ ਲੈ ਅੱਜ ਦੀ ਰਾਤ ਵੇ।

ਕਿਮੇਂ ਰੱਖਾਂ ਧੀਏ ਮੇਰੀਏ,
ਮੈਂ ਤਾਂ ਸੱਜਣ ਮੰਗਾ ਲੈ ਆਪ ਨੀ।

ਸੱਜਣਾ ਨੂੰ ਦੇ ਦਿਉ ਛੁੱਟੀਆਂ,
ਮੇਰੇ ਕੰਤ ਨੂੰ ਰੱਖ ਲਉ ਰਾਤ ਨੀ।
ਬਾਬਲ ਵਿਦਾ ਕਰੇਂਦੜਿਆ,
ਮੈਨੂੰ ਰੱਖ ਲੈ ਅੱਜ ਦੀ ਰਾਤ ਵੇ
ਕਿਮੇਂ ਰੱਖਾਂ ਧੀਏ ਮੇਰੀਏ,
ਮੈਂ ਤਾਂ ਸੱਜਣ ਮੰਗਾ ਲੈ ਆਪ ਨੀ।

ਇਨ੍ਹਾਂ ਸੱਜਣਾਂ ਨੂੰ ਦੇ ਦਿਉ ਰੋਟੀਆਂ,
ਇਨ੍ਹਾਂ ਜਾਨੀਆਂ ਨੂੰ ਦੇ ਦੋ ਦਾਲ਼ ਵੇ।

ਸੱਜਣ ਨਾ ਲੈਂਦੇ ਰੋਟੀਆਂ,
ਇਹ ਜਾਨੀ ਨਾ ਲੈਂਦੇ ਦਾਲ਼ ਨੀ।

* * * *

**( ਵਿਦਾ – ਵਿਦਾਇਗੀ ; ਕਿਮੇਂ – ਕਿਵੇਂ ; ਜਾਨੀਆਂ – ਬਰਾਤੀਆਂ ; ਕੰਤ – ਪਤੀ ; ਕਰੇਦੜਿਆਂ – ਕਰਦਿਆਂ। )**

BSER

# ਧੀਏ ਘਰ ਜਾ ਆਵਦੇ

ਬਾਬਲ ਤੇਰੇ ਮਹਿਲਾਂ ਦੇ ਵਿੱਚ, ਵਿੱਚ ਵੇ,
ਮੇਰਾ ਡੋਲਾ ਅੜਿਆ ਵੇ।
ਦੋ ਇੱਟਾਂ ਪੁਟਾ ਦੂੰਗਾ,
ਧੀਏ ਘਰ ਜਾ ਆਵਦੇ।

ਬਾਬਲ ਤੇਰੇ ਬਾਗਾਂ ਦੇ ਵਿੱਚ, ਵਿੱਚ ਵੇ,
ਮੇਰਾ ਡੋਲਾ ਅੜਿਆ ਵੇ।
ਦੋ ਬੂਟੇ ਪੁਟਾ ਦੂੰਗਾ,
ਧੀਏ ਘਰ ਜਾ ਆਵਦੇ।

ਬਾਬਲ ਤੇਰੇ ਰਾਹਾਂ ਦੇ ਵਿੱਚ, ਵਿੱਚ ਵੇ,
ਮੈਨੂੰ ਪਿਆਸ ਲੱਗੀ ਵੇ।
ਮੈਂ ਖੂਹਾ ਲੁਆ ਦੂੰਗਾ,
ਧੀਏ ਘਰ ਜਾ ਆਵਦੇ।

ਬਾਬਲ ਤੇਰਾ ਵੱਡਾ ਪਿੱਪਲ ਵੇ,
ਬਾਬਲ ਸਾਨੂੰ ਝੂਟ ਲੈਣ ਦੇ।
ਝੂਟਣ ਮੇਰੀਆਂ ਪੋਤਰੀਆਂ,
ਧੀਏ ਘਰ ਜਾ ਆਵਦੇ।

ਬਾਬਾ ਤੇਰਾ ਲੰਮਾ ਵਿਹੜਾ ਵੇ,
ਬਾਬਾ ਸਾਨੂੰ ਖੇਡ ਲੈਣ ਦੇ।
ਖੇਡਣ ਮੇਰਿਆਂ ਪੋਤਰੀਆਂ,
ਧੀਏ ਘਰ ਜਾ ਆਵਦੇ।

* * * *

**( ਸਵਾਤਾਂ - ਵੱਡੇ ਕਮਰੇ ; ਅੜਿਆ - ਅਟਕਿਆ। )**

BSER

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਸੁਹਾਗ' ਗੀਤ ਕਦੋਂ ਗਾਏ ਜਾਂਦੇ ਹਨ ?

ਪ੍ਰਸ਼ਨ 2. 'ਸੁਹਾਗ' ਸ਼ਬਦ ਦਾ ਕੀ ਅਰਥ ਹੈ ?

ਪ੍ਰਸ਼ਨ 3. 'ਸੁਹਾਗ' ਗੀਤਾਂ ਦੇ ਵਿਸ਼ੇ ਕਿਹੋ ਜਿਹੇ ਹੁੰਦੇ ਹਨ ?

ਪ੍ਰਸ਼ਨ 4. 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਗੀਤ ਵਿੱਚ ਕੁੜੀ ਕਿਸ ਪ੍ਰਕਾਰ ਦਾ ਘਰ ਪਰਿਵਾਰ ਲੋਚਦੀ ਹੈ ?

ਪ੍ਰਸ਼ਨ 5. 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਗੀਤ ਵਿੱਚ ਕੁੜੀ ਕਿਸ ਪ੍ਰਕਾਰ ਦੇ ਸੱਸ ਸਹੁਰਾ ਚਾਹੁੰਦੀ ਹੈ ?

ਪ੍ਰਸ਼ਨ 6. 'ਸਾਵਣ ਕਾਜ ਨਾ ਰਚਾਈ' ਸੁਹਾਗ ਗੀਤ ਦਾ ਕੇਂਦਰੀ ਭਾਵ ਲਿਖੋ।

ਪ੍ਰਸ਼ਨ 7. 'ਧੀ ਹੋਵੇ, ਘਰ ਧਨ ਹੋਵੇ' ਸੁਹਾਗ ਗੀਤ ਵਿੱਚ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ ?

ਪ੍ਰਸ਼ਨ 8. 'ਬੇਟੀ, ਚੰਨਣ ਦੇ ਓਹਲੇ' ਸੁਹਾਗ ਗੀਤ ਵਿੱਚ ਧੀ-ਬਾਬਲ ਦੇ ਸੰਵਾਦ ਵਿੱਚ ਕਿਹੜੇ ਵਿਸ਼ੇ ਛੂਹੇ ਗਏ ਹਨ ?

ਪ੍ਰਸ਼ਨ 9. 'ਸਾਡਾ ਚਿੜੀਆਂ ਦਾ ਚੰਬਾ' ਵਿੱਚ ਧੀ ਆਪਣੇ ਘਰ ਦੀ ਸਿਫ਼ਤ ਕਿਵੇਂ ਕਰਦੀ ਹੈ ?

ਪ੍ਰਸ਼ਨ 10. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਗੀਤ ਵਿੱਚ ਧੀ ਆਪਣੇ ਪੇਕੇ ਘਰੋਂ ਨਾ ਜਾਣ ਬਾਰੇ ਕਿਹੜੀਆਂ ਦਲੀਲਾਂ ਦਿੰਦੀ ਹੈ ?

ਪ੍ਰਸ਼ਨ 11. 'ਰੱਖ ਲੈ ਅੱਜ ਦੀ ਰਾਤ' ਸੁਹਾਗ ਗੀਤ ਵਿੱਚ ਧੀ ਬਾਬਲ ਨੂੰ ਕੀ ਫਰਿਆਦ ਕਰਦੀ ਹੈ ?

ਪ੍ਰਸ਼ਨ 12. 'ਧੀਏ ਘਰ ਜਾ ਆਵਦੇ' ਸੁਹਾਗ ਗੀਤ ਵਿੱਚ ਬਾਬਲ ਨੇ ਧੀ ਨੂੰ ਕੀ ਕਿਹਾ ਹੈ ?

ਪ੍ਰਸ਼ਨ 13. ਕੋਈ ਦੋ ਸੁਹਾਗ ਗੀਤ ਲਿਖੋ.

BSER

# 3. ਘੋੜੀਆਂ

ਸੁਹਾਗ ਵਾਂਗ 'ਘੋੜੀ' ਵੀ ਲੋਕ ਕਾਵਿ-ਰੂਪ ਵਜੋਂ ਵਿਆਹ ਸਮੇਂ ਦੇ ਗੀਤਾਂ ਨਾਲ ਸੰਬੰਧਿਤ ਹੈ। ਅਸਲ ਵਿੱਚ ਘੋੜੀ ਲੜਕੇ ਦੇ ਵਿਆਹ ਨਾਲ ਸੰਬੰਧਿਤ ਲੋਕ ਗੀਤ ਹੈ। ਵਿਆਹ ਦੇ ਦਿਨਾਂ ਵਿੱਚ ਮੁੰਡੇ ਦੇ ਘਰ ਇਸਤਰੀਆਂ, ਮੁਟਿਆਰਾਂ ਸਮੂਹਿਕ ਰੂਪ ਵਿੱਚ ਜੋ ਗੀਤ ਉੱਚਾਰਦੀਆਂ ਹਨ, ਉਹਨਾਂ ਨੂੰ 'ਘੋੜੀਆਂ' ਕਿਹਾ ਜਾਂਦਾ ਹੈ। ਵਿਆਹ ਮੌਕੇ ਲਾੜੇ ਦੇ ਘੋੜੀ ਚੜ੍ਹਨ ਦੀ ਰਸਮ ਕਾਰਨ ਵੀ ਇਹਨਾਂ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਸਾਹਿੱਤ ਕੋਸ਼ ਵਿੱਚ ਇੰਜ ਲਿਖਿਆ ਹੈ ," ਵਿਆਹ ਦੇ ਮੌਕੇ ਜੰਞ ਤੁਰਨ ਵੇਲੇ ਲਾੜੇ ਨੂੰ ਘੋੜੀ ਚੜ੍ਹਾਇਆ ਜਾਂਦਾ ਹੈ। ਉਦੋਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਘੋੜੀ ਚੜ੍ਹਨ ਦੀ ਰਸਮ ਨਾਲ ਸੰਬੰਧਿਤ ਹੋਣ ਕਰਕੇ ਘੋੜੀਆਂ ਕਿਹਾ ਜਾਂਦਾ ਹੈ।"

ਪੁਰਾਤਨ ਸਮੇਂ ਵਿਆਹ ਵੇਲੇ ਘੋੜੀ ਉੱਤੇ ਚੜ੍ਹਨਾ ਸਮਾਜਿਕ ਮਰਿਆਦਾ ਦਾ ਸੂਚਕ ਮੰਨਿਆ ਜਾਂਦਾ ਸੀ। ਇਸ ਉੱਤੇ ਸਵਾਰੀ ਕਰਨਾ ਸਤਿਕਾਰ, ਮਾਣ, ਗੌਰਵ ਦਾ ਪ੍ਰਤੀਕ ਸੀ। ਸ਼ਾਇਦ ਇਹ ਹੀ ਕਾਰਨ ਅੱਜ ਅਨੇਕਾਂ ਆਧੁਨਿਕ ਸਾਧਨ ਆ ਜਾਣ ਦੇ ਬਾਵਜੂਦ ਵੀ ਲਾੜੇ ਨੂੰ ਘੋੜੀ ਚੜ੍ਹਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਇਹ ਗੀਤ ਵੀ ਲੋਕ-ਸਮੂਹ ਦੀ ਪ੍ਰਵਾਨਗੀ ਹਾਸਲ ਕਰਦੇ ਹੋਏ ਪੀੜ੍ਹੀ-ਦਰ-ਪੀੜ੍ਹੀ ਨਿਰੰਤਰ ਚੱਲਦੇ ਆ ਰਹੇ ਹਨ।

ਘੋੜੀਆਂ ਵਿੱਚ ਮੁੰਡੇ ਦੇ ਖ਼ਾਨਦਾਨ ਦੇ ਸੋਹਲੇ ਗਾਏ ਜਾਂਦੇ ਹਨ। ਮੁੰਡੇ ਨੂੰ ਜਨਮ ਤੋਂ ਹੀ ਪਰਿਵਾਰ ਲਈ ਭਾਗਾਂ ਵਾਲਾ ਮੰਨਿਆ ਜਾਂਦਾ ਹੈ। ਮੁੰਡੇ ਦੀ ਮਾਂ, ਭੈਣ, ਪਿਉ ਸਭ ਨਜ਼ਦੀਕੀ ਸਾਕ-ਸੰਬੰਧੀਆਂ ਦੀ ਰੱਜ ਕੇ ਵਡਿਆਈ ਕੀਤੀ ਜਾਂਦੀ ਹੈ। ਲਾੜੇ ਦੀ ਤਾਰੀਫ਼ ਲਈ ਵੱਖਰੇ-ਵੱਖਰੇ ਸ਼ਬਦ ਜਿਵੇਂ :- ਬੰਨਾ, ਵੀਰਾ, ਮਹਾਰਾਜ, ਮਹਿਰਾਜ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਘੋੜੀ ਦੇ ਬੋਲਾਂ ਵਿੱਚ ਲੋਚਾ ਜਾਂ ਇੱਛਾ ਦੀ ਥਾਂ ਸੁਹਜ ਪ੍ਰਭਾਵ ਵਧੇਰੇ ਹੁੰਦਾ ਹੈ।

ਘੋੜੀ ਚੜ੍ਹਨ ਵੇਲੇ ਮਾਲਣ ਸਿਹਰਾ ਗੁੰਦ ਕੇ ਲਿਆਉਂਦੀ ਹੈ, ਜੋ ਲਾੜੇ ਦੇ ਸਿਰ ਸਜਾਇਆ ਜਾਂਦਾ ਹੈ। ਇਸ ਮੌਕੇ ਭੈਣਾਂ ਘੋੜੀ ਦੀ ਵਾਂਗ ਗੁੰਦਦੀਆਂ ਹਨ। ਭਰਜਾਈ ਦਿਉਰ ਦੀਆਂ ਅੱਖਾਂ 'ਚ ਸੁਰਮਾ ਪਾਉਂਦੀ ਹੈ। ਇਸ ਮੌਕੇ ਬਾਬੇ, ਨਾਨੇ, ਚਾਚੇ, ਤਾਏ, ਮਾਮੇ, ਦਾਦੀ, ਨਾਨੀ ਆਦਿ ਸਾਰੇ ਲਾੜੇ ਦੇ ਵਿਆਹ ਦੇ ਚਾਅ ਵਿੱਚ ਸ਼ੁੱਭ ਅਸੀਸਾਂ ਦਿੰਦੇ ਹਨ। ਇਹਨਾਂ ਗੀਤਾਂ ਵਿੱਚ ਮੁੰਡੇ ਦੀ ਤਾਰੀਫ਼ ਨੂੰ ਰਿਸ਼ਤਿਆਂ ਨਾਲ ਅੰਤਰ-ਸੰਬੰਧਿਤ ਕਰਕੇ ਪੇਸ਼ ਕੀਤਾ ਜਾਂਦਾ ਹੈ। ਮੁੰਡੇ ਦੇ ਪਹਿਰਾਵੇ, ਸਿਹਰੇ ਇੱਥੋਂ ਤੱਕ ਕਿ ਉਸਦੇ ਪੈਰੀਂ ਪਾਈ ਜੁੱਤੀ ਦੀ ਵੀ ਰੱਜ ਕੇ ਵਡਿਆਈ ਕੀਤੀ ਜਾਂਦੀ ਹੈ। ਘੋੜੀਆਂ ਵਿੱਚ ਨਿੱਕੇ-ਨਿੱਕੇ ਵੇਰਵੇ ਦਿੱਤੇ ਜਾਂਦੇ ਹਨ। ਨਵੀਂ ਆਉਣ ਵਾਲੀ ਲਾੜੀ ਦੀ ਸੁੰਦਰਤਾ ਵੀ ਬਿਆਨ ਕੀਤੀ ਜਾਂਦੀ ਹੈ। ਪੰਜਾਬੀ ਲੋਕ ਜੀਵਨ ਵਿੱਚ ਵਿਆਹ ਦੇ ਮੌਕੇ ਤੋਂ ਬਿਨਾਂ ਬੱਚੇ ਦੇ ਜਨਮ ਨਾਲ ਸੰਬੰਧਿਤ ਵੀ ਘੋੜੀਆਂ ਗਾਈਆਂ ਜਾਂਦੀਆਂ ਹਨ। ਇਸ ਕਾਵਿ-ਰੂਪ ਦੀ ਸਮਰੱਥਾ ਨੂੰ ਪਛਾਣਦੇ ਹੋਏ 'ਵਡਹੰਸ ਰਾਗ' ਵਿੱਚ ਸ੍ਰੀ ਰਾਮਦਾਸ ਜੀ ਦੁਆਰਾ ਰਚੇ ਦੋ ਸ਼ਬਦਾਂ ਦਾ ਸਿਰਲੇਖ 'ਘੋੜੀ' ਰੱਖਿਆ ਗਿਆ ਹੈ। ਰਾਜਨੀਤਕ ਚੇਤਨਾ ਅਧੀਨ ਸ਼ਹੀਦ ਭਗਤ ਸਿੰਘ ਨਾਲ ਸੰਬੰਧਿਤ ਘੋੜੀਆਂ ਦਾ ਜ਼ਿਕਰ ਵੀ ਮਿਲਦਾ ਹੈ। ਪਰ ਇੱਥੇ ਸਾਡਾ ਸੰਬੰਧ ਕੇਵਲ ਘੋੜੀ ਕਾਵਿ-ਰੂਪ ਨਾਲ ਹੈ ਜੋ ਵਿਆਹ ਦੀਆਂ ਰਸਮਾਂ ਨਾਲ ਸੰਬੰਧਤ ਹੈ।

ਘੋੜੀਆਂ ਨੂੰ ਇਸਤਰੀਆਂ ਸਮੂਹਿਕ ਰੂਪ ਵਿੱਚ ਗਾਉਂਦੀਆਂ ਹਨ। ਸ਼ਬਦਾਂ, ਵਾਕਾਂ, ਵਾਕੰਸ਼ਾਂ ਵਿੱਚ ਵਾਧੇ ਘਾਟੇ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹੋਰਨਾਂ ਗੀਤਾਂ ਵਾਂਗ ਘੋੜੀਆਂ ਵਿੱਚ ਵੀ ਕਿਸੇ ਖਿੱਤੇ ਦੀ ਆਪਣੀ ਬੋਲੀ ਹੁੰਦੀ ਹੈ/ ਹੋ ਸਕਦੀ ਹੈ। ਬਣਤਰ ਪੱਖੋਂ ਘੋੜੀਆਂ ਸਰਲ ਕਿਸਮ ਦੀਆਂ ਹੁੰਦੀਆਂ ਹਨ। ਲੈਆਤਮਕਤਾ ਇਸ ਕਾਵਿ-ਰੂਪ ਦੀ ਇੱਕ ਹੋਰ ਖ਼ੂਬੀ ਹੈ। ਦੁਹਰਾਅ, ਪ੍ਰਾਕ੍ਰਿਤਕ ਅੰਸ਼, ਨਿੱਕੇ-ਨਿੱਕੇ ਵੇਰਵੇ, ਰਵਾਨਗੀ ਆਦਿ ਇਹਨਾਂ ਗੀਤਾਂ ਵਿੱਚ ਨਿਵੇਕਲਾ ਰੰਗ ਭਰਦੇ ਹਨ।

ਇੰਜ ਸੁਹਾਗ ਤੇ ਘੋੜੀਆਂ ਵਿਆਹ ਦੀਆਂ ਖ਼ੁਸ਼ੀਆਂ ਨੂੰ ਪ੍ਰਗਟਾਉਂਦੇ ਹੋਏ ਪਰੰਪਰਾਗਤ ਸੰਸਥਾਗਤ ਲੋਕ-ਕਾਵਿ ਰੂਪ ਹਨ। ਪੰਜਾਬੀ ਸਮਾਜ, ਸੱਭਿਆਚਾਰ ਵਿੱਚ ਇਹਨਾਂ ਲੋਕ-ਗੀਤਾਂ ਦੀ ਵੱਖਰੀ ਪਛਾਣ ਹੈ।

ਵਿਦਿਆਰਥੀਆਂ ਨੂੰ ਇਸ ਲੋਕ-ਕਾਵਿ ਰੂਪ ਤੋਂ ਜਾਣੂੰ ਕਰਵਾਉਣ ਲਈ ਪਾਠ-ਪੁਸਤਕ ਵਿੱਚ ਕੁਝ ਘੋੜੀਆਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ :-

## ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ

ਘੋੜੀ ਤੇਰੀ ਵੇ ਮੱਲਾ ਸੋਹਣੀ,
ਸੋਹਣੀ, ਸੋਂਹਦੀ ਕਾਠੀਆਂ ਦੇ ਨਾਲ,
ਕਾਠੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਸੁਰਜਣਾ, ਵਿੱਚ-ਵਿੱਚ ਬਾਗਾਂ ਦੇ ਤੁਸੀਂ ਆਇਓ,
ਚੋਟ ਨਗਾਰਿਆਂ 'ਤੇ ਲਾਇਓ,
ਖਾਣਾ ਰਾਜਿਆਂ ਦੇ ਖਾਇਓ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਛੈਲ ਨਵਾਬਾਂ ਦੇ ਘਰ ਢੁੱਕਣਾ,
ਢੁੱਕਣਾ, ਉਮਰਾਵਾਂ ਦੀ ਤੇਰੀ ਚਾਲ,
ਵਿੱਚ ਸਰਦਾਰਾਂ ਦੇ ਤੇਰਾ ਬੈਠਣਾ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ
ਚੀਰਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਕਲਗ਼ੀਆਂ ਦੇ ਨਾਲ,
ਕਲਗ਼ੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਕੈਂਠਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਜੁਗਨੀਆਂ ਦੇ ਨਾਲ,
ਜੁਗਨੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਜਾਮਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਤਣੀਆਂ ਦੇ ਨਾਲ,
ਤਣੀਆਂ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਸੁਰਜਣਾ, ਵਿੱਚ-ਵਿੱਚ ਬਾਗਾਂ ਦੇ ਤੁਸੀਂ ਆਇਓ,
ਚੋਟ ਨਗਾਰਿਆਂ 'ਤੇ ਲਾਇਓ,
ਖਾਣਾ ਰਾਜਿਆਂ ਦੇ ਖਾਇਓ,
ਧੀ ਸਰਦਾਰਾਂ ਦੀ ਵਿਆਹ ਲਿਆਇਓ,
ਛੈਲ ਨਵਾਬਾਂ ਦੇ ਘਰ ਢੁੱਕਣਾ।

* * * *

( **ਸੋਂਹਦੀ – ਸੋਹਣਾ ; ਨਵਾਬ – ਅਮੀਰ** ; ਉਮਰਾਵ – ਅਮੀਰ, ਸਰਦਾਰ ; ਚੀਰਾ – ਸਿਰ ਤੇ ਬੰਨ੍ਹਿਆ ਜਾਣ ਵਾਲਾ ਖ਼ਾਸ ਵਸਤਰ, ਪੱਗ; ਨਗਾਰਾ - ਦਮਾਮਾ; ਛੈਲ – ਜਵਾਨ ; ਕੈਂਠਾ – ਗਹਿਣਾ। )

BSER

## ਕਲਗੀ ਭੈਣਾਂ ਦਾ ਪਿਆਰ

ਲਾਹੌਰੋਂ ਮਾਲਣ ਆਈ
ਵੀਰਾ ਤੇਰੇ ਸਿਹਰੇ ਗੁੰਦ ਲਿਆਈ
ਚੰਦਾ ਤੇਰੇ ਸਿਹਰੇ ਗੁੰਦ ਲਿਆਈ
ਵੀਰਾ ਤੇਰੇ ਸਿਹਰੇ ਦਾ ਕੀ ਮੁੱਲ
ਇੱਕ ਲੱਖ ਤੇ ਡੇੜ੍ਹ ਹਜ਼ਾਰ ਨੀ ਭੈਣੇ।

ਲਾਹੌਰੋਂ ਦਰਜੀ ਆਇਆ
ਵੀਰਾ ਤੇਰੀ ਅਚਕਨ ਸਿਉਂ ਕਰ ਲਿਆਇਆ
ਵੀਰਾ ਤੇਰੇ ਅਚਕਨ ਦਾ ਕੀ ਮੁੱਲ
ਚੰਦਾ ਤੇਰੀ ਅਚਕਨ ਦਾ ਕੀ ਮੁੱਲ
ਇੱਕ ਲੱਖ ਤੇ ਡੇੜ੍ਹ ਹਜ਼ਾਰ ਨੀ ਭੈਣੇ।

ਲਾਹੌਰੋਂ ਸੁਨਿਆਰਾ ਆਇਆ
ਵੀਰਾ ਤੇਰਾ ਕੈਂਠਾ ਘੜ ਕੇ ਲਿਆਇਆ
ਵੀਰਾ ਤੇਰੇ ਕੈਂਠੇ ਦਾ ਕੀ ਮੁੱਲ
ਚੰਦਾ ਵੇ ਤੇਰੀ ਡੋਰੀ ਦਾ ਕੀ ਮੁੱਲ
ਇੱਕ ਲੱਖ ਤੇ ਡੇੜ੍ਹ ਹਜ਼ਾਰ ਨੀ ਭੈਣੇ।

ਲਾਹੌਰੋਂ ਲਲਾਰੀ ਆਇਆ
ਵੀਰਾ ਤੇਰੀ ਪੱਗ ਵੇ ਰੰਗਾ ਕੇ ਲਿਆਇਆ
ਵੀਰਾ ਤੇਰੀ ਕਲਗੀ ਦਾ ਕੀ ਮੁੱਲ
ਚੰਦਾ ਤੇਰੀ ਕਲਗੀ ਦਾ ਕੀ ਮੁੱਲ
ਬੀਬੀ ਕਲਗੀ ਭੈਣਾਂ ਦਾ ਪਿਆਰ
ਨੀ ਬੀਬੀ ਕਲਗੀ ਭੈਣਾਂ ਦਾ ਪਿਆਰ।

* * * *

**( ਮਾਲਣ – ਮਾਲੀ ਦੀ ਘਰਵਾਲੀ ; ਅਚਕਨ – ਵਿਆਹ ਸਮੇਂ ਪਹਿਨਿਆ ਜਾਣ ਵਾਲਾ ਖ਼ਾਸ ਵਸਤਰ (ਪਹਿਰਾਵਾ); ਕੈਂਠਾ – ਗਲ ਦਾ ਗਹਿਣਾ; ਲਲਾਰੀ – ਕੱਪੜੇ ਰੰਗਣ ਵਾਲਾ। )**

# ਸੋਹਣਾ ਸਿਹਰਾ ਸਤਾਰਾਂ ਲੜੀਆਂ

ਸੋਹਣਾ ਸਿਹਰਾ ਸਤਾਰਾਂ ਲੜੀਆਂ
ਹੀਰੇ ਮੋਤੀਆਂ ਦੇ ਨਾਲ ਜੜਿਆ
ਸਿਹਰਾ ਕਿਸ ਰਾਣੀ ਬਣਾਇਆ
ਸਿਹਰਾ ਕਿਸ ਰਾਜੇ ਸਜਾਇਆ।

ਦਾਦੀ ਰਾਣੀ ਬਣਾਇਆ ਸਿਹਰਾ
ਬਾਬੇ ਰਾਜੇ ਸਜਾਇਆ ਸਿਹਰਾ।
ਸੋਹਣਾ ਸਿਹਰਾ ਸਤਾਰਾਂ ਲੜੀਆਂ
ਹੀਰੇ ਮੋਤੀਆਂ ਦੇ ਨਾਲ ਜੜਿਆ
ਸਿਹਰਾ ਕਿਸ ਰਾਣੀ ਬਣਾਇਆ
ਸਿਹਰਾ ਕਿਸ ਰਾਜੇ ਸਜਾਇਆ।

ਮਾਂ ਰਾਣੀ ਬਣਾਇਆ ਸਿਹਰਾ
ਬਾਬਲ ਰਾਜੇ ਸਜਾਇਆ ਸਿਹਰਾ।

* * * *

BSER

# ਅੱਜ ਦਾ ਦਿਨ ਸੁਲੱਖਣਾ

ਅੱਜ ਦਾ ਦਿਨ ਸੁਲੱਖਣਾ,
ਜੀ ਭਾਗਾਂ ਵਾਲਿਆਂ ਤੇ ਆਵੇ।
ਵੀਰੇ ਤੇਰੇ ਬਾਬਲ ਦੇ ਮਨ ਚਾਅ,
ਕਿ ਮਾਤਾ ਸ਼ਗਨ ਮਨਾਵੇ।
ਅੱਜ ਦਾ ਦਿਨ ਸੁਲੱਖਣਾ,
ਜੀ ਭਾਗਾਂ ਵਾਲਿਆਂ ਤੇ ਆਵੇ।

ਵੀਰਾ ਤੇਰੇ ਮਾਮੇ ਦੇ ਮਨ ਸ਼ਾਦੀਆਂ,
ਕਿ ਮਾਮੀ ਸ਼ਗਨ ਮਨਾਵੇ।

ਅੱਜ ਦਾ ਦਿਨ ਸੁਲੱਖਣਾ,
ਜੀ ਭਾਗਾਂ ਵਾਲਿਆਂ ਤੇ ਆਵੇ।
ਕਿ ਜੀਜੇ ਦੇ ਮਨ ਚਾਅ,
ਵੀਰਾ ਵੇ ਭੈਣੋਂ ਸ਼ਗਨ ਮਨਾਵੇ।

* * * *

**( ਸੁਲੱਖਣਾ – ਭਾਗਾਂ ਵਾਲਾ। )**

BSER

# ਤੇਰੀਆਂ ਸਭੇ ਮੁਰਾਦਾਂ ਪੁੰਨੀਆਂ

ਸਿਰ ਸਿਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਦੇਹ ਭੈਣਾਂ ਨੂੰ ਚੁੰਨੀਆਂ
ਤੇਰੀਆਂ ਸਭੇ ਮੁਰਾਦਾਂ ਪੁੰਨੀਆਂ
ਵੇ ਘੋੜੀ ਚੜ੍ਹਿਆ ਵੀਰਾ।

ਸਿਰ ਸਿਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਦੇਹ ਸਾਲੀਆਂ ਨੂੰ ਛੱਲੇ
ਤੇਰੇ ਨਾਲ ਸੰਧਾਰੇ ਘੱਲੇ
ਵੇ ਘੋੜੀ ਚੜ੍ਹਿਆ ਵੀਰਾ।

ਸਿਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਭਾਬੀ ਤੇਰੀ ਸੁਰਮਾ ਪਾਵੇ
ਤੇਰੀ ਸੋਹਣੀ ਹੀਰ ਘਰ ਆਵੇ
ਵੇ ਘੋੜੀ ਚੜ੍ਹਿਆ ਵੀਰਾ।

ਸਿਰ ਸਿਹਰਾ ਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਦੇਹ ਭੈਣਾਂ ਨੂੰ ਗਾਈਂ
ਦੁੱਧ, ਦਹੀਂ ਤੇ ਮੱਖਣ ਖਾਈਂ
ਵੇ ਘੋੜੀ ਚੜ੍ਹਿਆ ਵੀਰਾ।

* * * *

**( ਮੁਰਾਦਾਂ – ਇਛਾਵਾਂ; ਸੋਹੇ – ਸੋਹਣਾ ਲੱਗਣਾ। )**

BSER

## ਨੀਲੀ ਘੋੜੀ ਘਾਹ ਚਰੇ

ਨਿੱਕੀ, ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ
ਨੀਲੀ ਘੋੜੀ ਵੀਰਾ ਘਾਹ ਵੇ ਚਰੇ
ਉਸ ਘੋੜੀ ਮੇਰਾ ਵੀਰਾ ਚੜ੍ਹੇ
ਦਮਾਂ ਦੀ ਬੋਰੀ ਉਹਦਾ ਬਾਬਾ ਫੜੇ।

ਨਿੱਕੀ, ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ
ਨੀਲੀ ਘੋੜੀ ਵੀਰਾ ਘਾਹ ਵੇ ਚਰੇ
ਉਸ ਘੋੜੀ ਮੇਰਾ ਵੀਰਾ ਚੜ੍ਹੇ
ਦਮਾਂ ਦੀ ਬੋਰੀ ਉਹਦਾ ਬਾਬਲ ਫੜੇ।

ਨਿੱਕੀ, ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ
ਨੀਲੀ ਘੋੜੀ ਵੀਰਾ ਘਾਹ ਵੇ ਚਰੇ
ਉਸ ਘੋੜੀ ਮੇਰਾ ਵੀਰਾ ਚੜ੍ਹੇ
ਦਮਾਂ ਦੀ ਬੋਰੀ ਉਹਦਾ ਮਾਮਾ ਫੜੇ।

* * * *

**( ਦਮਾਂ – ਪੈਸੇ, ਧਨ। )**

BSER

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਘੋੜੀਆਂ' ਕਦੋਂ ਗਾਈਆਂ ਜਾਂਦੀਆਂ ਹਨ ?

ਪ੍ਰਸ਼ਨ 2. 'ਘੋੜੀਆਂ' ਕਿਸ ਨੂੰ ਕਿਹਾ ਜਾਂਦਾ ਹੈ ?

ਪ੍ਰਸ਼ਨ 3. ਲਾੜੇ ਦੀ ਤਾਰੀਫ਼ ਲਈ ਕਿਹੜੇ ਸ਼ਬਦ ਵਰਤੇ ਜਾਂਦੇ ਹਨ ?

ਪ੍ਰਸ਼ਨ 4. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ ?

ਪ੍ਰਸ਼ਨ 5. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਕਿਸ ਸ਼ਾਨ ਨਾਲ ਜੰਞ ਚੜ੍ਹਨ ਦਾ ਜ਼ਿਕਰ ਕੀਤਾ ਗਿਆ ਹੈ ?

ਪ੍ਰਸ਼ਨ 6. 'ਕਲਗੀ ਭੈਣਾਂ ਦਾ ਪਿਆਰ' ਘੋੜੀ ਵਿੱਚ ਲਾੜੇ ਦੇ ਪਹਿਣਨ ਵਾਲੇ ਕਿਹੜੇ-ਕਿਹੜੇ ਵਸਤਰਾਂ ਦਾ ਜ਼ਿਕਰ ਆਇਆ ਹੈ ?

ਪ੍ਰਸ਼ਨ 7. 'ਸੋਹਣਾ ਸਿਹਰਾ ਸਤਾਰਾਂ ਲੜੀਆਂ' ਘੋੜੀ ਵਿੱਚ ਸਿਹਰੇ ਦੀ ਪ੍ਰਸੰਸਾ ਕਿਵੇਂ ਕੀਤੀ ਗਈ ਹੈ ?

ਪ੍ਰਸ਼ਨ 8. 'ਅੱਜ ਦਾ ਦਿਨ ਸੁਲੱਖਣਾ' ਘੋੜੀ ਵਿੱਚ ਕਿਹੜੇ-ਕਿਹੜੇ ਰਿਸ਼ਤੇਦਾਰਾਂ ਦਾ ਜ਼ਿਕਰ ਹੈ ?

ਪ੍ਰਸ਼ਨ 9. 'ਤੇਰੀਆਂ ਸਭੇ ਮੁਰਾਦਾਂ ਪੁੰਨੀਆਂ' ਘੋੜੀ ਵਿੱਚ ਕਿਹੜੀਆਂ-ਕਿਹੜੀਆਂ ਮੁਰਾਦਾਂ ਰਿਸ਼ਤੇਦਾਰਾਂ ਦੁਆਰਾ ਕੀਤੀਆਂ ਗਈਆਂ ਹਨ ?

ਪ੍ਰਸ਼ਨ 10. 'ਨੀਲੀ ਘੋੜੀ ਘਾਹ ਚਰੇ' ਘੋੜੀ ਦਾ ਕੇਂਦਰੀ ਭਾਵ ਲਿਖੋ।

ਪ੍ਰਸ਼ਨ 11. ਕੋਈ ਦੋ ਘੋੜੀਆਂ ਲਿਖੋ।

BSER

# 4. ਸਿੱਠਣੀਆਂ

ਸਿੱਠਣੀ ਸ਼ਬਦ 'ਸਿੱਠ' ਤੋਂ ਬਣਿਆ ਹੈ, ਜਿਸਦੇ ਅਰਥ ਹਨ:-ਠਿੱਠ ਕਰਨਾ ਜਾਂ ਵਿਅੰਗ ਕੱਸਣਾ। ਸਿੱਠਣੀ ਦੇਣ ਵਾਲਾ ਸੁਣਨ ਵਾਲੀ ਧਿਰ ਨੂੰ 'ਠਿੱਠ' ਜਾਂ 'ਪਰੇਸ਼ਾਨ' ਕਰਕੇ ਸਵਾਦ ਲੈਂਦਾ ਹੈ।

'ਸੁਹਾਗ' ਅਤੇ 'ਘੋੜੀਆਂ' ਵਾਂਗ 'ਸਿੱਠਣੀ' ਵੀ ਵਿਆਹ ਨਾਲ ਸੰਬੰਧਤ ਕਾਵਿ-ਰੂਪ ਹੈ। ਸਿੱਠਣੀ, ਵਿਆਹ ਦੇ ਸਮੇਂ ਧੀ ਵਾਲੀ ਧਿਰ ਵਲੋਂ ਲਾੜੇ ਵਾਲੀ ਧਿਰ ਨੂੰ ਸਿੱਧੇ ਤੌਰ ਤੇ ਵਿਅੰਗ ਦਾ ਵਿਸ਼ਾ ਬਣਾ ਕੇ ਠਿੱਠ ਕਰਨ ਵਾਲੀ ਲੋਕ-ਕਾਵਿ ਦੀ ਮਹੱਤਵਪੂਰਨ ਵੰਨਗੀ ਹੈ। ਇਸ ਵਿੱਚ ਪੁੱਤ ਵਾਲੀ ਧਿਰ ਉੱਤੇ ਵਿਅੰਗ ਕੀਤੇ ਜਾਂਦੇ ਹਨ। ਲਾੜੇ ਵਾਲੀ ਧਿਰ ਨੂੰ ਅਨੈਤਿਕ ਬਣਾ ਕੇ ਚੋਟ ਮਾਰੀ ਜਾਂਦੀ ਹੈ। ਇੰਜ ਹਾਸ-ਵਿਅੰਗ ਸਿੱਠਣੀ ਦਾ ਵਿਸ਼ਾ ਹੁੰਦਾ ਹੈ। ਪੁੱਤ ਵਾਲੀ ਧਿਰ ਦੇ ਕਿਸੇ ਵਿਅਕਤੀ / ਰਿਸ਼ਤੇਦਾਰ ਆਦਿ ਦੀ ਕਿਸੇ ਸਰੀਰਕ ਜਾਂ ਸੁਭਾ ਪੱਖੋ ਕਮਜ਼ੋਰੀ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਬਹੁਤੀ ਵਾਰੀ ਇਹ ਪੇਸ਼ਕਾਰੀ ਕਾਲਪਨਿਕ ਹੀ ਹੁੰਦੀ ਹੈ।

ਦਰਅਸਲ ਪੰਜਾਬੀ ਸਮਾਜ ਦੀ ਬਣਤਰ ਵਿੱਚ ਦਾਦਕਾ / ਨਾਨਕਾ ਜਾਂ ਧੀ ਵਾਲਾ ਪੱਖ/ਮੁੰਡੇ ਵਾਲਾ ਪੱਖ ਪ੍ਰਧਾਨ ਇਕਾਈਆਂ ਹਨ। ਮਰਦ ਦੀ ਪਰਧਾਨਗੀ ਵਾਲੀ ਸਮਾਜਕ ਬਣਤਰ ਹੋਣ ਕਰਕੇ ਧੀ-ਪੱਖ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ। ਆਪਣੀ ਅਜਿਹੀ ਸਥਿਤੀ ਨੂੰ ਧੀ-ਪੱਖ ਸਿੱਠਣੀਆਂ ਦੁਆਰਾ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ। ਆਪਣੀ ਨੀਵੀਂ ਸਥਿਤੀ ਵਾਲੀ ਮਾਨਸਿਕਤਾ ਵਿੱਚੋਂ ਉਭਰਨ ਲਈ ਪੁੱਤ ਵਾਲੀ ਧਿਰ ਨੂੰ ਹਾਸੇ-ਠੱਠੇ ਦੇ ਹਥਿਆਰ ਦੁਆਰਾ ਛੁਟਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਕਈ ਵਾਰੀ ਸਿੱਠਣੀਆਂ ਪ੍ਰਸ਼ਨ / ਉੱਤਰ ਦੇ ਰੂਪ ਵਿੱਚ ਨਾਨਕਿਆਂ-ਦਾਦਕਿਆਂ ਦਰਮਿਆਨ ਹਾਸ-ਵਿਅੰਗ ਦੇ ਹਥਿਆਰ ਬਣ ਜਾਂਦੀਆਂ ਹਨ। ਇਸ ਨਾਲ ਵਿਆਹ ਦੀ ਖੁਸ਼ੀਆਂ ਵਿੱਚ ਹਾਸ-ਰਸ ਵਾਲਾ ਮਾਹੌਲ ਬਣਿਆ ਰਹਿੰਦਾ ਹੈ।

ਇੰਜ ਸਿੱਠਣੀ ਸ਼ੁਧ ਹਾਸੇ-ਮਖੌਲ ਵਾਲਾ ਲੋਕ-ਕਾਵਿ ਰੂਪ ਹੈ। ਇਸੇ ਕਰਕੇ ਇਹ ਕਾਵਿ-ਰੂਪ ਪੰਜਾਬੀ ਲੋਕ ਗੀਤਾਂ ਵਿੱਚੋਂ ਵੱਖਰੇ ਸੁਭਾ ਵਾਲਾ ਹੈ। ਇੱਥੇ ਸਿੱਠਣੀਆਂ ਦੀਆਂ ਕੁੱਝ ਵੰਨਗੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਵਿਦਿਆਰਥੀ ਇਸ ਲੋਕ-ਕਾਵਿ ਰੂਪ ਤੋਂ ਜਾਣੂ ਹੋ ਸਕਣ :-

BSEP

ਨਾਨਕੀਆਂ ਨਾਲ ਸੰਬੰਧਿਤ

## ਹੁਣ ਕਿੱਧਰ ਗਈਆਂ ਵੇ

ਹੁਣ ਕਿੱਧਰ ਗਈਆਂ ਵੇ
ਵਿੰਦਰਾਂ ਤੇਰੀਆਂ ਨਾਨਕੀਆਂ
ਹੁਣ ਟੋਭੇ ਨ੍ਹਾਵਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੇ ਜੀ ਲੱਡੂ ਜੰਮੇ ਸੀ ਡੱਡੂ
ਹੁਣ ਟੋਭੇ ਛੱਡਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੀਆਂ ਸੀ ਖਿੱਲਾਂ
ਜੰਮੀਆਂ ਸੀ ਇੱਲ੍ਹਾਂ
ਹੁਣ ਅੰਬਰ ਭਾਉਂਦੀਆਂ ਨੇ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੀ ਸੀ ਪੰਜੀਰੀ
ਜੰਮੀ ਕੁੜੀ ਟੀਰੀ
ਹੁਣ ਟੀਰ ਕਢਾਮਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੇ ਸੀ ਪਕੌੜੇ
ਜੰਮੇ ਮੁੰਡੇ ਜੌੜੇ
ਹੁਣ ਜੌੜੇ ਖਲ੍ਹਾਵਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਪੀਤੀ ਸੀ ਪਿੱਛ
ਜੰਮੇ ਸੀ ਰਿੱਛ
ਹੁਣ ਖੇਡਾਂ ਪਾਵਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

* * * *

**(ਟੋਭੇ – ਛੱਪੜ; ਟੀਰੀ - ਟੇਡਾ ਵੇਖਣਾ; ਜੌੜੇ – ਦੋ; ਪਿੱਛ - ਉਬਾਲੇ ਹੋਏ ਚੌਲਾਂ ਦਾ ਪਾਣੀ।)**

## ਰੜੇ ਟਟਿਹਰੀ ਬੋਲੇ

ਕੱਲ੍ਹ ਦਾ ਆਇਆ ਮੇਲ ਨਾਨਕਾ
ਛੱਕ 'ਗੀਆਂ ਨੌਂ ਮਨ ਛੋਲੇ
ਇਨ੍ਹਾਂ ਨਾਨਕੀਆਂ ਦੀ
ਰੜੇ ਟਟਿਹਰੀ ਬੋਲੇ
ਇਨ੍ਹਾਂ ਨਾਨਕੀਆਂ ਦੇ
ਮੂੰਹ ਚੋੜੇ ਢਿੱਡ ਪੋਲੇ
ਨੱਚਣਾ ਨਾ ਆਵੇ
ਬੰਨ ਕੇ ਆਈਆਂ ਟੋਲੇ
ਨੱਚਣਾ ਨਾ ਆਵੇ

* * * *

**ਲਾੜੇ ਨਾਲ ਸੰਬੰਧਿਤ**

## ਲਾੜਾ ਬੈਠਾ ਤਰਸਦਾ

ਕੋਠੇ ਉੱਤੇ ਖਰਖਰਾ
ਖਰਖਰਾ ਬਈ ਖਰਖਰਾ
ਹੋਰਨਾਂ ਦੇ ਦੋ-ਦੋ ਬਹੂਆਂ
ਲਾੜਾ ਬੈਠਾ ਤਰਸਦਾ
ਤਰਸਦਾ ਬਈ ਤਰਸਦਾ

* * * *

BSER

## ਤੇਰਾ ਬਾਂਦਰ ਵਰਗਾ ਬੂਥਾ

ਲਾੜਿਆ ਕਿਹੜੇ ਸ਼ਹਿਰੋਂ ਆਇਆ
ਜਿੱਥੇ ਅੰਬ ਬੀ ਨਾ
ਤੇਰਾ ਬਾਂਦਰ ਵਰਗਾ ਬੂਥਾ
ਮੂੰਹ ਵਿੱਚ ਦੰਦ ਬੀ ਨਾ

* * * *

## ਮੰਜੀ ਮੇਰੀ ਮਾਂ ਲਗਦੀ

ਲਾੜਿਆ ਜੁੜ ਜਾ ਮੰਜੀ ਦੇ ਨਾਲ
ਮੰਜੀ ਤੇਰੀ ਕੀ ਲਗਦੀ
ਕਿੱਕੂੰ ਜੁੜ ਜਾਂ ਮੰਜੀ ਦੇ ਨਾਲ
ਮੰਜੀ ਤੇਰੀ ਮਾਂ ਲਗਦੀ
ਪਾਵੇ ਮੇਰੇ ਪਿਉ ਲਗਦੇ

* * * *

**( ਬਹੂਆਂ – ਵਹੁਟੀਆਂ; ਬੂਥਾ - ਮੂੰਹ; ਕਿੱਕੂੰ - ਕਿਉਂ। )**

BSER

ਭੈਣ ਨਾਲ ਸੰਬੰਧਿਤ

## ਸਾਗ ਘੋਟਦੀ ਨੇ ਭੰਨਤੀ ਤੌੜੀ

ਲਾੜੇ ਦੀ ਭੈਣਾਂ ਕੰਜਰੀ ਸੁਣੀਂਦੀ
ਕੰਜਰੀ ਸੁਣੀਂਦੀ, ਬਹੇਲ ਸੁਣੀਂਦੀ
ਕੋਠੇ ਚੜ੍ਹ ਜਾਂਦੀ ਬਿਨ ਪੌੜੀ
ਨੀ ਕੰਜਰਾਂ ਨੇ ਮੱਤ ਨਾ ਦਿੱਤੀ
ਸਾਗ ਘੋਟਦੀ ਨੇ ਭੰਨਤੀ ਤੌੜੀ
ਨੀ ਕੰਜਰਾਂ ਨੇ ਮੱਤ ਨਾ ਦਿੱਤੀ.....

* * * *

## ਲਾੜੇ ਦੀ ਭੈਣਾਂ ਟੀਰ ਕੱਢਦੀ

ਲਾੜੇ ਦੀ ਭੈਣ ਟੇਢਾ ਚੀਰ ਕੱਢਦੀ
ਟੇਢਾ ਚੀਰ ਕੱਢਦੀ
ਨਾਲੇ ਟੀਰ ਕੱਢਦੀ
ਨਾਲ਼ੇ ਟੀਰ ਕੱਢਦੀ , ਨਾਲ਼ੇ ਟੀਰ ਕੱਢਦੀ

* * * *

**( ਭੰਨਤੀ - ਤੋੜ ਦੇਣਾ; ਤੌੜੀ - ਮਿੱਟੀ ਦਾ ਭਾਂਡਾ। )**

## ਟੇਢੀਆਂ ਟੋਪੀਆਂ ਲੱਗਣ ਵਜ਼ੀਰ

ਅੰਦਰੋਂ ਨਿਕਲ ਮਿੰਦਰ ਕੁਰੇ ਨੀਂ
ਨੀਂ ਆਏ ਤੇਰੇ ਵੀਰ
ਟੇਢੀਆਂ, ਟੇਢੀਆਂ ਟੋਪੀਆਂ ਤੇ ਲੱਗਣ ਵਜ਼ੀਰ

* * * *

**ਕੁੜਮ ਨਾਲ ਸੰਬੰਧਿਤ**

## ਮਗਰ ਜੋਰੂ ਨੂੰ ਖੜ੍ਹਾ ਲੈ ਵੇ

ਕੁੜਮਾ ਖੜ੍ਹਾ ਵੇ ਖੜੋਤਾ ਤੇਰਾ ਲੱਕ ਥੱਕ ਜੂ
ਮਗਰ ਜੋਰੂ ਨੂੰ ਖੜ੍ਹਾ ਲੈ ਵੇ ਅੜੋਕਣ ਲੱਗ ਜੂ

* * * *

## ਕੁੜਮ ਵਹਿੜਕਾ ਨਾਗ੍ਹਾ

ਸਭ ਗੈਸ ਬੁਝਾ ਦਿਉ ਜੀ
ਸਾਡਾ ਕੁੜਮ ਬੈਟਰੀ ਵਰਗਾ
ਸਭ ਮਿਰਚਾਂ ਰਗੜੋ ਜੀ
ਸਾਡਾ ਕੁੜਮ ਘੋਟਣੇ ਵਰਗਾ
ਕੋਈ ਮੱਕੀ ਕੁਟਾ ਲੋ ਜੀ
ਸਾਡਾ ਕੁੜਮ ਦੈਂਗੜੇ ਵਰਗਾ
ਕੋਈ ਹਲਟੀ ਜੋੜੋ ਜੀ
ਸਾਡਾ ਕੁੜਮ ਵਹਿੜਕਾ ਨਾਗ੍ਹਾ

* * * *



BSER

## ਕੁੜਮਾਂ ਥੋੜ੍ਹਾ ਖਾਈਂ ਵੇ

ਕੁੜਮਾਂ ਥੋੜ੍ਹਾ ਖਾਈਂ ਵੇ
ਤੇਰਾ ਢਿੱਡ ਬੜਾ ਚਟਕੂਰਾ
ਅਜੇ ਨਹੀਂ ਰੱਜਦਾ
ਤਾਂ ਮੋਠਾਂ ਦਾ ਗੂਣਾ

*  *  *  *

**( ਜੋਰੂ - ਪਤਨੀ; ਦੈਂਗੜੇ – ਭਾਰੇ ਸਰੀਰ ਦਾ। )**

**ਬਚੋਲੇ  ਨਾਲ ਸੰਬੰਧਿਤ**

## ਬਚੋਲਾ ਚੜ੍ਹਾਉਣਾ ਝੋਟੇ ਤੇ

ਮੱਕੀ ਦਾ ਦਾਣਾ ਕਾਂ ਬੋਲੇ
ਬਚੋਲਾ ਰੋਵੇ ਮਾਂ ਕੋਲ਼ੇ
ਮੱਕੀ ਦਾ ਦਾਣਾ ਕੋਠੇ ਤੇ
ਬਚੋਲਾ ਚੜ੍ਹਾਉਣਾ ਝੋਟੇ ਤੇ
ਮੱਕੀ ਦਾ ਦਾਣਾ ਟਿੰਡ ਵਿੱਚ ਵੇ
ਬਚੋਲਾ ਨੀ ਰਖਣਾ ਪਿੰਡ ਵਿੱਚ ਵੇ

*  *  *  *

BSER

## ਬਚੋਲੇ ਨੂੰ ਕੁੱਟਣਾ ਸੱਥ ਵਿੱਚ ਵੇ

ਮੱਕੀ ਦਾ ਦਾਣਾ ਰਾਹ ਵਿੱਚ ਵੇ
ਬਚੋਲਾ ਨੀ ਰਖਣਾ ਵਿਆਹ ਵਿੱਚ ਵੇ
ਮੱਕੀ ਦਾ ਦਾਣਾ ਦਰ ਵਿੱਚ ਵੇ
ਬਚੋਲਾ ਨੀ ਰਖਣਾ ਘਰ ਵਿੱਚ ਵੇ
ਮੱਕੀ ਦਾ ਦਾਣਾ ਟਿੰਡ ਵਿੱਚ ਵੇ
ਬਚੋਲਾ ਨੀ ਰਖਣਾ ਪਿੰਡ ਵਿੱਚ ਵੇ
ਮੱਕੀ ਦਾ ਦਾਣਾ ਖੂਹ ਵਿੱਚ ਵੇ
ਬਚੋਲਾ ਨੀ ਰਖਣਾ ਜੂਹ ਵਿੱਚ ਵੇ
ਮੱਕੀ ਦਾ ਦਾਣਾ ਹੱਥ ਵਿੱਚ ਵੇ
ਬਚੋਲਾ ਕੁੱਟਣਾ ਸੱਥ ਵਿੱਚ ਵੇ

* * *

## ਬਚੋਲਾ ਰੋਂਦਾ ਗਲੀ ਗਲੀ

ਤੇਲ ਨਾ ਲੱਭਦਾ ਵੱਟੀਆਂ ਨੂੰ
ਬਚੋਲਾ ਨੱਚਦਾ ਹੱਟੀਆਂ ਨੂੰ
ਰੂੰ ਨਾ ਲੱਭਦੀ ਲੇਫਾਂ ਨੂੰ
ਬਚੋਲਾ ਰੋਂਦਾ ਲੇਖਾਂ ਨੂੰ
ਤੇਲ ਨਾ ਵਿਕਦਾ ਪਲੀ-ਪਲੀ
ਬਚੋਲਾ ਰੋਂਦਾ ਗਲੀ-ਗਲੀ

* * * *

**(ਨੱਠਦਾ = ਭੱਜਦਾ, ਲੇਖਾਂ = ਕਿਸਮਤ)**

BSER

## ਬੁੜ੍ਹਿਆਂ ਦੇ ਕਰੋ ਨਬੇੜੇ

ਥੋਡੇ ਬੱਬਰ ਭਰਗੇ ਜਾਨੀਉਂ ਵੇ
ਹੁਣ ਉਠ ਜੋ ਆਵਦੇ ਡੇਰੇ
ਢਿੱਡ ਭਾਰੇ ਹੋਗੇ ਸਾਜਨੋ ਵੇ
ਬੁੜਿਆਂ ਨੂੰ ਚੱਕ ਲੋ ਘਨੇੜੇ
ਖੂਹੀ ਨੇੜੇ ਆ ਸਾਜਨੋ ਵੇ
ਬੁੜ੍ਹਿਆਂ ਦੇ ਕਰੋ ਨਬੇੜੇ

* * * *

## ਜੰਨ ਬੁੱਢਿਆਂ ਦੀ ਆਈ

ਚੰਦ ਚਾਨਣੀ ਰਾਤ
ਤਾਰਾ ਕੋਈ-ਕੋਈ ਐ
ਜੰਨ ਬੁੱਢਿਆਂ ਦੀ ਆਈ
ਮੁੰਡਾ ਕੋਈ-ਕੋਈ ਐ
ਚੰਨ ਚਾਨਣੀ ਰਾਤ
ਤਾਰਾ ਇਕ ਵੀ ਨਹੀਂ
ਜੰਨ ਕਾਣਿਆਂ ਦੀ ਆਈ
ਸਾਬਤ ਇਕ ਵੀ ਨਹੀਂ

* * * *

BSER

## ਜਾਨੀ ਬੰਨ੍ਹ ਦਿੱਤੇ

ਬੰਨ ਦਿੱਤੇ ਜਾਨੀ ਬੰਨ੍ਹ ਦਿੱਤੇ
ਬੰਨ੍ਹ ਦਿੱਤੇ ਜੱਗ ਦੀ ਰੀਤ
ਬੰਨ੍ਹੀ ਰੋਟੀ ਜੇ ਖਾ ਗਏ
ਥੋਡੇ ਕੋੜਮੇ ਨੂੰ ਲੱਗਜੂ ਲੀਕ

(**ਥੋਡੇ = ਤੁਹਾਡੇ**)

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਸਿੱਠਣੀ' ਸ਼ਬਦ ਤੋਂ ਕੀ ਭਾਵ ਹੈ?

ਪ੍ਰਸ਼ਨ 2. 'ਸਿੱਠਣੀ' ਵਿਆਹ ਵਿੱਚ ਕਦੋਂ ਦਿੱਤੀ ਜਾਂਦੀ ਹੈ?

ਪ੍ਰਸ਼ਨ 3. 'ਲਾੜ' ਨਾਲ ਸੰਬੰਧਿਤ ਕੋਈ ਇੱਕ ਸਿੱਠਣੀ ਲਿਖੋ?

ਪ੍ਰਸ਼ਨ 4. 'ਸਾਗ ਘੋਟਦੀ ਨੇ ਭੰਨਤੀ ਤੌੜੀ' ਸਿੱਠਣੀ ਦਾ ਸੰਬੰਧ ਕਿਸ ਨਾਲ ਹੈ ਤੇ ਇਸ ਵਿੱਚ ਕੀ ਕਿਹਾ ਗਿਆ ਹੈ?

ਪ੍ਰਸ਼ਨ 5. 'ਕੁੜਮ' ਨਾਲ ਸੰਬੰਧਿਤ ਕੋਈ ਦੋ ਸਿੱਠਣੀਆਂ ਲਿਖੋ?

ਪ੍ਰਸ਼ਨ 6. 'ਜੰਞ' ਨਾਲ ਸੰਬੰਧਿਤ ਕੋਈ ਇੱਕ ਸਿੱਠਣੀ ਲਿਖੋ?

ਪ੍ਰਸ਼ਨ 7. 'ਬਚੋਲੇ' ਨਾਲ ਸੰਬੰਧਿਤ ਕੋਈ ਇੱਕ ਸਿੱਠਣੀ ਲਿਖੋ?

BSER

# 5. ਅਲਾਹੁਣੀਆਂ

'ਅਲਾਹੁਣੀ' ਨੂੰ ਪੰਜਾਬ ਦਾ ਸੋਗੀ ਜਾਂ ਮਾਤਮੀ ਲੋਕ-ਕਾਵਿ ਕਿਹਾ ਜਾ ਸਕਦਾ ਹੈ ਕਿਉਂਕਿ ਇਸਨੂੰ ਕਿਸੇ ਦੀ ਮੌਤ ਸਮੇਂ ਰੁਦਨ ਕਰਦੇ ਹੋਏ ਗਾਇਆ ਜਾਂਦਾ ਹੈ। ਅਲਾਹੁਣੀ ਵਾਂਗ ਕੀਰਨਾ, ਵੈਣ ਆਦਿ ਵੀ ਮੌਤ ਨਾਲ ਸੰਬੰਧਤ ਲੋਕ ਗੀਤ ਹੁੰਦੇ ਹਨ।

ਅਲਾਹੁਣੀ ਉਸਤਤ, ਸ਼ਲਾਘਾ ਦਾ ਲੋਕ ਗੀਤ ਹੈ ਜਿਸ ਵਿੱਚ ਪ੍ਰਾਣੀ ਦੀ ਉਸਤਤ, ਸ਼ਲਾਘਾ, ਜਸ ਗੀਤ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ। ਇਸ ਦੀ ਆਪਣੀ ਗਾਇਨ ਸ਼ੈਲੀ ਹੈ। ਅਲਾਹੁਣੀ ਪੇਸ਼ਾਵਰ ਸਿਆਪਾਕਾਰ ਵੱਲੋਂ ਉਚਾਰਿਆ ਜਾਣ ਵਾਲਾ ਸੋਗਮਈ ਗੀਤ ਰੂਪ ਹੈ। ਇਹ ਪੇਸ਼ਾਵਰ ਸਿਆਪਾਕਾਰ ਆਮ ਤੌਰ ਤੇ ਪਿੰਡ ਦੀ ਮਰਾਸਣ ਹੁੰਦੀ ਹੈ ਜਾਂ ਫਿਰ ਇਹ ਕਾਰਜ ਨਾਇਣ ( ਨਾਈ ਦੀ ਘਰਵਾਲੀ ) ਵੀ ਕਰਦੀ ਹੈ। ਇਹਨਾਂ ਗੀਤਾਂ ਦਾ ਵਿਸ਼ਾ ਵਿਛੜ ਗਏ ਜੀਆਂ ਦੇ ਗੁਣਾਂ ਦਾ ਗਾਨ ਕਰਕੇ ਪਿੱਛੇ ਰਹਿ ਗਏ ਪਰਿਵਾਰਕ ਮੈਬਰਾਂ ਨੂੰ ਧਰਵਾਸ ਦੇਣਾ ਹੁੰਦਾ ਹੈ।

ਅਲਾਹੁਣੀਆਂ ਅਧੀਨ ਸਿਆਪਾ ਵੀ ਕੀਤਾ ਜਾਂਦਾ ਹੈ, ਜਿਸ ਵਿੱਚ ਔਰਤਾਂ ਪੱਟਾਂ, ਛਾਤੀ, ਮੱਥੇ ਆਦਿ ਤੇ ਲਗਾਤਾਰ ਤਾਲ-ਬੱਧ ਤਰੀਕੇ ਨਾਲ ਹੱਥ ਮਾਰਦੀਆਂ ਹਨ। ਇਸ ਲਈ ਅਲਾਹੁਣੀ ਦੇ ਪ੍ਰਮੁੱਖ ਭੇਦ ਗੱਲਾਂ, ਛਾਤੀ, ਦੁਹੱਥੜੇ ਅਤੇ ਤਿਹੱਥੜੇ ਰੂਪ ਦੇ ਮੰਨੇ ਜਾਂਦੇ ਹਨ।

ਸਿਆਪੇ ਸਮੇਂ ਮਰਾਸਣ ਜਾਂ ਨਾਇਣ ਜਨਾਨੀਆਂ ਦੇ ਘੇਰੇ ਵਿੱਚ ਖਲੋ ਸਿਆਪੇ ਦੀ ਅਗਵਾਹੀ ਕਰਦੀ ਹੋਈ ਬਾਂਹ ਫੈਲਾ ਕੇ ਹਾਏ-ਹਾਏ, ਅਲਾਪਦੀ ਹੈ। ਜਨਾਨੀਆਂ ਲੈਅ ਦੀ ਤਾਲ ਨਾਲ ਸਰੀਰਕ ਅੰਗਾਂ ਨੂੰ ਪਿੱਟਣਾ ਸ਼ੁਰੂ ਕਰ ਦਿੰਦੀਆਂ ਹਨ। ਹੁੰਗਾਰਾ ਨਾਲ ਜਾਰੀ ਰਹਿੰਦਾ ਹੈ।

ਦੁਹੱਥੜੇ ਦੀ ਅਲਾਹੁਣੀ ਦੇ ਸਿਆਪੇ ਵਿੱਚ ਗੀਤ ਚਾਲ ਤੇਜ਼ , ਸਮੂਹਿਕ ਰੂਪ ਵਿੱਚ ਹੁੰਦੀ ਹੈ। ਤਿਹੱਥੜੇ ਦੀ ਅਲਾਹੁਣੀ ਵਿੱਚ ਹੁੰਗਾਰੇ ਦੇ ਨਾਲ-ਨਾਲ ਹੱਥਾਂ ਦੀਆਂ ਹਰਕਤਾਂ ਵੀ ਕਾਰਜ਼ਸ਼ੀਲ ਰਹਿੰਦੀਆਂ ਹਨ। ਪੱਟਾਂ ਤੇ ਫਿਰ ਛਾਤੀਆਂ ਤੇ ਹੱਥ ਮਾਰਿਆ ਜਾਂਦਾ ਹੈ। ਤੀਸਰੀ ਵਾਰ ਹੱਥ ਉੱਪਰ ਕਰਕੇ ਬੋਲ ਨੂੰ ਚੁੱਕਿਆ ਜਾਂਦਾ ਹੈ। ਇਸ ਲਈ ਇਸਨੂੰ ਤਿਹੱਥੜੇ ਕਿਹਾ ਜਾਂਦਾ ਹੈ।

ਅਲਾਹੁਣੀ ਵਿੱਚ ਸ਼ਬਦਾਂ ਦਾ ਦੁਹਰਾਉ ਤੇ ਨਿਰਾਰਥਕ ਸ਼ਬਦਾਂ ਦਾ ਪ੍ਰਯੋਗ ਵੀ ਹੁੰਦਾ ਹੈ। ਇਹ ਤਾਲਬੱਧ ਗੀਤ ਹੈ। ਇਸ ਵਿੱਚ ਇਸ਼ਾਰੇ ਤੇ ਦ੍ਰਿਸ਼ਟਾਂਤ ਦੇ ਲੱਛਣ ਦੇਖਣ ਨੂੰ ਮਿਲਦੇ ਹਨ। ਸੁਰ-ਤਾਲ ਨੂੰ ਠੀਕ ਕਰਨ ਲਈ 'ਸਿਆਪਾਕਾਰਾ' ਅਹਿਮ ਭੂਮਿਕਾ ਨਿਭਾਉਂਦੀ ਹੈ, ਉਹ ਇਸ਼ਾਰੇ ਨਾਲ ਇਸਨੂੰ ਦਰੁਸਤ ਕਰ ਦਿੰਦੀ ਹੈ।

ਮ੍ਰਿਤਕ ਬੱਚੇ ਪ੍ਰਤੀ ਅਲਾਹੁਣੀਆਂ ਮਨ ਨੂੰ ਵਲੂੰਧਰਨ ਵਾਲੀਆਂ ਹੁੰਦੀਆਂ ਹਨ। ਇਸ ਲਈ ਅਲਾਹੁਣੀਆਂ ਨੂੰ ਕੀਰਨੇ ਜਾਂ ਵੈਣ ਰੂਪ ਵਿੱਚ ਵੀ ਅਲਾਪ ਲਿਆ ਜਾਂਦਾ ਹੈ। ਬਜ਼ੁਰਗ ਵਿਅਕਤੀ ਜੋ ਲੰਮੀ ਉਮਰ ਭੋਗ ਕੇ ਮਰਿਆ ਹੋਵੇ ਉਸ ਦੇ ਵਿਛੋੜੇ ਵੱਜੋਂ ਗਾਈ ਜਾਣ ਵਾਲੀ ਅਲਾਹੁਣੀ ਵਿੱਚ ਕਈ ਵਾਰ ਵਿਅੰਗ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਉਮਰ , ਕੌਮ, ਸਮਾਜ ਆਦਿ ਮੁਤਾਬਕ ਇਹਨਾਂ ਦੇ ਰਚਨਾ ਵਿਧਾਨ ਵਿੱਚ ਥੋੜ੍ਹਾ ਬਹੁਤਾ ਵਖਰੇਵਾਂ ਵੀ ਦੇਖਣ ਨੂੰ ਮਿਲਦਾ ਹੈ। ਮਰਦਾਵੇਂ ਜਨਾਨੇ ਗੁਣਾਂ ਕਰਕੇ ਸਿਆਪੇ ਸਮੇਂ ਕਥਨ ਉਚਾਰੇ ਜਾਂਦੇ ਹਨ ਜਿਵੇਂ:- ਧੀਏ ਮੋਰਨੀਏ, ਮੁੱਛ ਅਜੇ ਨਾ ਫੁੱਟੀ, ਰਾਜਾ ਜੀ ਰਾਜਾ, ਹਾਏ-

ਹਾਏ ਆਦਿ। ਬਜ਼ੁਰਗ ਦੀ ਅਲਾਹੁਣੀ ਵਿੱਚ ਹਾਸੇ ਠਾਠੇ ਦੀ ਗੁੰਜਾਇਸ਼ ਵੀ ਰਹਿੰਦੀ ਹੈ।

ਅਜੋਕੇ ਸਮੇਂ ਬਜ਼ੁਰਗ ਔਰਤਾਂ ਤੋਂ ਬਿਨਾਂ ਨੌਜਵਾਨ ਪੀੜ੍ਹੀ ਅਜਿਹੇ ਗੀਤਾਂ ਪ੍ਰਤੀ ਲਗਭਗ ਅਵੇਸਲੀ ਹੀ ਹੋ ਚੁੱਕੀ ਹੈ। ਸੋ ਨੌਜਵਾਨ ਵਿਦਿਆਰਥੀਆਂ ਨੂੰ ਅਲਾਹੁਣੀ ਸੰਬੰਧੀ ਜਾਣਕਾਰੀ ਦਿੰਦੇ ਹੋਏ ਉਦਾਹਰਨਾਂ ਸਹਿਤ ਸਮਝਾਉਣ ਦਾ ਯਤਨ ਕੀਤਾ ਜਾ ਰਿਹਾ ਹੈ :-

## ਹਾਇ ਹਾ! ਮਾਂ ਦੇ ਬੱਚੜੇ ਨੂੰ

(ਨਿੱਕੇ ਜਿਹੇ ਬੱਚੇ ਦੀ ਮੌਤ ਸਮੇਂ ਅਲਾਹੁਣੀ ਨਾਲ ਪੱਟਾਂ ਨੂੰ ਪਿੱਟਿਆ ਜਾਂਦਾ ਹੈ। ਬੱਚੇ ਦੀ ਮੌਤ ਨੂੰ ਮਾਪਿਆਂ ਲਈ ਸਹਿਣ ਕਰਨਾ ਔਖਾ ਹੁੰਦਾ ਹੈ। ਇਹ ਦਰਦ ਉਮਰ-ਭਰ ਪੀੜ ਦਿੰਦਾ ਰਹਿੰਦਾ ਹੈ।) ਨਿੱਕੇ ਬੱਚੇ ਦੀ ਮੌਤ ਸਮੇਂ ਅਲਾਹੁਣੀ ਦੀ ਉਦਾਹਰਨ :-

| ਮਰਾਸਣ | ਪਿੱਟਣ ਵਾਲੀਆਂ ਸੁਆਣੀਆਂ |
|---|---|
| ਹਾਇ ਹਾ! ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਹਾਇ ਹਾ! ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਕੀ ਹੋਇਆ, ਕੀ ਹੋਇਆ? ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਕੀ ਹੋਇਆ ਹੈਰਾਨ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਮੌਤ ਪੁਛੇਂਦੀ ਆਈ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਬੈਠੀ ਬੂਹਾ ਮੱਲ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਮੁੱਕੀ ਦੁੱਧ ਦੀ ਧਾਰ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਹਾਣੀ ਮਾਰਨ ਵਾਜਾਂ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |

BSER

ਕਰਨ ਨਾ ਦਿੱਤੀ ਗੱਲ ਮਾਂ ਦੇ ਬੱਚੜੇ ਨੂੰ,
ਹਾਇ ਹਾ! ਮਾਂ ਦੇ ਬੱਚੜੇ ਨੂੰ,
ਖੇਡਣ ਨਾ ਦਿੱਤੀ ਖੇਡ ਮਾਂ ਦੇ ਬੱਚੜੇ ਨੂੰ,
ਹਾਇ ਹਾ! ਮਾਂ ਦੇ ਬੱਚੜੇ ਨੂੰ,

ਕੀ ਹੋਇਆ, ਕੀ ਹੋਇਆ? ਮਾਂ ਦੇ ਬੱਚੜੇ ਨੂੰ,
ਹਾਇ ਹਾ! ਮਾਂ ਦੇ ਬੱਚੜੇ ਨੂੰ,

* * * *

**( ਬੱਚੜੇ – ਬੱਚਾ; ਪੁੱਛੇਂਦੀ – ਪੁੱਛਣਾ। )**

BSER

# ਧੀਏ! ਹਾਇ ਹਾ ਧੀਏ!

(ਕੁਆਰੀ ਕੁੜੀ ਦੀ ਮੌਤ ਨੂੰ ਪਰਿਵਾਰ, ਰਿਸ਼ਤੇਦਾਰਾਂ ਲਈ ਸਹਿਣ ਕਰਨਾ ਔਖਾ ਹੁੰਦਾ ਹੈ। ਇਸ ਹਿਰਦੇ-ਵੇਦਕ ਮੌਕੇ ਗਲਾ ਪਿੱਟ ਕੇ ਸਿਆਪਾ ਕਰਦੇ ਹੋਏ ਇਹੋ ਜਿਹੀ ਅਲਾਹੁਣੀ ਉਚਾਰੀ ਜਾਂਦੀ ਹੈ।) ਜਿਵੇਂ :-

| ਮਰਾਸਣ | ਪਿੱਟਣ ਵਾਲੀਆਂ ਸੁਆਣੀਆਂ |
|---|---|
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਬੀਬੀ ਜੀਉਣ ਜੋਗੀ, | ਬੀਬੀ! ਹਾਇ ਹਾ ਬੀਬੀ! |
| ਜੀ ਸਲਾਹੁਣ ਜੋਗੀ, | ਬੀਬੀ! ਹਾਇ ਹਾ ਬੀਬੀ! |
| ਤੇਰਾ ਕੀ ਸਲਾਹਾਂ? | ਬੀਬੀ! ਹਾਇ ਹਾ ਬੀਬੀ! |
| ਤੇਰਾ ਕੀ ਉਲਾਹਾਂ? | ਬੀਬੀ! ਹਾਇ ਹਾ ਬੀਬੀ! |
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ! |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਸੋਹਣੀ ਸੂਰਤ ਵਾਲੀ, | ਬੀਬੀ! ਹਾਇ ਹਾ ਬੀਬੀ! |
| ਸੋਹਣੀਆਂ ਤੋਰਾਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਮਿੱਠਿਆਂ ਬੋਲਾਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਨੀਵੀਆਂ ਅੱਖੀਆਂ ਵਾਲੀ। | ਬੀਬੀ! ਹਾਇ ਹਾ ਬੀਬੀ! |
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ! |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਭਰਿਆਂ ਤ੍ਰਿੰਞਣਾਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਜੁੜਦਿਆਂ ਜੋਟਿਆਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਸੂਹੀਆਂ ਚੁੰਨੀਆਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਉਡੀਕਦੀਆਂ ਸਈਆਂ ਵਾਲੀ। | ਬੀਬੀ! ਹਾਇ ਹਾ ਬੀਬੀ! |
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ! |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਤੇਰਾ ਪੱਟ ਪਟਾਰੀ , | ਬੀਬੀ! ਹਾਇ ਹਾ ਬੀਬੀ! |
| ਤੇਰੀ ਧਰੀ ਫੁਲਕਾਰੀ, | ਬੀਬੀ! ਹਾਇ ਹਾ ਬੀਬੀ! |

ਬਣਦਿਆਂ ਦਾਜਾਂ ਵਾਲੀ, ਬੀਬੀ! ਹਾਇ ਹਾ ਬੀਬੀ!
ਲਗਦਿਆਂ ਗੋਟਿਆਂ ਵਾਲੀ। ਬੀਬੀ! ਹਾਇ ਹਾ ਬੀਬੀ!

ਧੀਏ! ਹਾਇ ਹਾ ਧੀਏ! ਧੀਏ! ਹਾਇ ਹਾ ਧੀਏ!
ਬੀਬੀ! ਹਾਇ ਹਾ ਬ ਬੀਬੀ! ਹਾਇ ਹਾ ਬੀਬੀ!

ਬੀਬੀ ਚੰਗੇ ਘਰ ਦੀ, ਬੀਬੀ! ਹਾਇ ਹਾ ਬੀਬੀ!

ਬੀਬੀ ਉੱਚੇ ਘਰ ਦੀ ਬੀਬੀ! ਹਾਇ ਹਾ ਬੀਬੀ!
ਰੋਂਦਿਆਂ ਵੀਰਾਂ ਵਾਲੀ, ਬੀਬੀ! ਹਾਇ ਹਾ ਬੀਬੀ!
ਰੋਂਦਿਆ ਮਾਪਿਆਂ ਵਾਲੀ। ਬੀਬੀ! ਹਾਇ ਹਾ ਬੀਬੀ!

ਧੀਏ! ਹਾਇ ਹਾ ਧੀਏ! ਧੀਏ! ਹਾਇ ਹਾ ਧੀਏ!
ਬੀਬੀ! ਹਾਇ ਹਾ ਬ ਬੀਬੀ! ਹਾਇ ਹਾ ਬੀਬੀ!

ਆਈ ਹਨ੍ਹੇਰੀ ਵਾਲੀ, ਬੀਬੀ! ਹਾਇ ਹਾ ਬੀਬੀ!
ਆਈ ਲਾਲ ਹਨ੍ਹੇਰੀ, ਬੀਬੀ! ਹਾਇ ਹਾ ਬੀਬੀ!
ਬੀਬੀ ਹੋ ਪਛਿੱਤੀ, ਬੀਬੀ! ਹਾਇ ਹਾ ਬੀਬੀ!
ਡਾਢੇ ਹੋਣ ਨਾ ਦਿੱਤੀ। ਬੀਬੀ! ਹਾਇ ਹਾ ਬੀਬੀ!

ਧੀਏ! ਹਾਇ ਹਾ ਧੀਏ! ਧੀਏ! ਹਾਇ ਹਾ ਧੀਏ!
ਬੀਬੀ! ਹਾਇ ਹਾ ਬੀਬੀ! ਬੀਬੀ! ਹਾਇ ਹਾ ਬੀਬੀ!

* * * *

**( ਸਲਾਹੁਣ – ਪ੍ਰਸੰਸਾ; ਤ੍ਰਿੰਵਣਾ – ਜਿਥੇ ਮੁਟਿਆਰਾਂ ਬੈਠ ਕੇ ਚਰਖਾ ਕੱਤਦੀਆਂ ਹਨ; ਪੱਟ – ਰੇਸ਼ਮ; ਗੋਟਿਆਂ – ਸਜਾਵਟ ਲਈ ਵਰਤੀ ਜਾਂਦੀ ਰੇਸ਼ਮੀ ਪੱਟੀ ; ਪਛਿੱਤੀ –ਸਮੇਂ ਤੋਂ ਪਛੜ ਜਾਣਾ/ਕੁਵੇਲਾ ਹੋਣਾ। )**

BSER

# ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

( ਵਿਆਹ ਹੋਏ ਗੱਭਰੂ ਦੀ ਮੌਤ ਤੇ ਤਿਹੱਥੜੇ ਸਿਆਪੇ ਨਾਲ ਅਲਾਹੁਣੀ ਦਿੱਤੀ ਜਾਂਦੀ ਹੈ। ) ਜਿਵੇ :-

**ਮਰਾਸਣ** — **ਪਿੱਟਣ ਵਾਲੀਆਂ ਸੁਆਣੀਆਂ**

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਸੋਹਣੀ ਸੂਰਤ ਵਾਲਿਆ!
ਵੇ ਜੰਞਾਂ ਦਿਆ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਲੱਗਿਆਂ ਸਿਹਰਿਆਂ ਵਾਲਿਆ!
ਵੇ ਜੰਞਾਂ ਦਿਆ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਉੱਚੇ ਸ਼ਮਲੇ ਵਾਲਿਆ!
ਵੇ ਜੰਞਾਂ ਦਿਆ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਬੱਧਿਆਂ ਗਾਨਿਆਂ ਵਾਲਿਆ!
ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਨੀਲੇ ਘੋੜੇ ਵਾਲਿਆ!
ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਚੀਕੁਦੇ ਡੋਲਿਆਂ ਵਾਲਿਆ!
ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਆਈ ਹਨੇਰੀ ਵਾਲਿਆ!
ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਪਈ ਗੁਬਾਰੀ ਵਾਲਿਆ!
ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

* * * *

( **ਜੰਞ** - ਬਾਰਾਤ; ਗੁਬਾਰੀ -ਹਨੇਰਾ ਹੋਣਾ। )

BSER

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਅਲਾਹੁਣੀਆਂ' ਕਿਸ ਸਮੇਂ ਗਾਈਆਂ ਜਾਂਦੀਆਂ ਹਨ?

ਪ੍ਰਸ਼ਨ 2. 'ਅਲਾਹੁਣੀਆਂ' ਤੋਂ ਕੀ ਭਾਵ ਹੈ?

ਪ੍ਰਸ਼ਨ 3. 'ਅਲਾਹੁਣੀਆਂ' ਦਾ ਵਿਸ਼ਾ ਕਿਹੋ ਜਿਹਾ ਹੁੰਦਾ ਹੈ?

ਪ੍ਰਸ਼ਨ 4. 'ਸਿਆਪਾ' ਕੀ ਹੁੰਦਾ ਹੈ?

ਪ੍ਰਸ਼ਨ 5. 'ਹਾਇ ਹਾ! ਮਾਂ ਦੇ ਬੱਚੜੇ ਨੂੰ' ਅਲਾਹੁਣੀ ਵਿੱਚ ਮ੍ਰਿਤਕ ਬਾਰੇ ਕੀ ਭਾਵ ਪ੍ਰਗਟਾਏ ਹਨ?

ਪ੍ਰਸ਼ਨ 6. 'ਧੀਏ! ਹਾਇ ਹਾ ਧੀਏ!' ਅਲਾਹੁਣੀ ਵਿੱਚ ਮ੍ਰਿਤਕ ਦੇ ਕਿਹੜੇ-ਕਿਹੜੇ ਰਿਸ਼ਤੇਦਾਰਾਂ ਦਾ ਜ਼ਿਕਰ ਆਇਆ ਹੈ ਤੇ ਉਹਨਾਂ ਨੇ ਕਿਹੜੇ ਭਾਵ ਪ੍ਰਗਟਾਏ ਹਨ?

ਪ੍ਰਸ਼ਨ 7. 'ਹਾਇ ਹਾ! ਵੇ ਜੰਵਾਂ ਦਿਆਂ ਲਾੜਿਆ!' ਅਲਾਹੁਣੀ ਕਿਸ ਸਮੇਂ ਗਾਈ ਜਾਂਦੀ ਹੈ?

ਪ੍ਰਸ਼ਨ 8. 'ਹਾਇ ਹਾ! ਵੇ ਜੰਵਾਂ ਦਿਆਂ ਲਾੜਿਆ!' ਵਿੱਚ ਕਿਸ ਤਰ੍ਹਾਂ ਦੇ ਭਾਵ ਪ੍ਰਗਟਾਏ ਹਨ?

ਪ੍ਰਸ਼ਨ 9. ਕੋਈ ਦੋ ਅਲਾਹੁਣੀਆਂ ਦੀਆਂ ਚਾਰ-ਚਾਰ ਸਤਰਾਂ ਲਿਖੋ।

BSER

# 6. ਟੱਪਾ

'ਟੱਪਾ' ਲੋਕ-ਕਾਵਿ ਦੀ ਮਹੱਤਵਪੂਰਨ ਵੰਨਗੀ ਹੈ। ਟੱਪਾ ਇਕਹਿਰੀ ਤੁਕ ਵਾਲਾ ਲੋਕ-ਗੀਤ ਹੈ। ਟੱਪੇ ਨੂੰ ਇੱਕ ਤੁਕੀ ਬੋਲੀ ਜਾਂ ਇਕਹਿਰੀ ਬੋਲੀ ਵੀ ਕਿਹਾ ਜਾਂਦਾ ਹੈ। ਇਸ ਵਿੱਚ ਦੋ ਸਤਰਾਂ ਹੋਣ ਕਰਕੇ ਦੋ ਸਤਰੇ ਟੋਟਕੇ ਵੀ ਕਹਿ ਲਿਆ ਜਾਂਦਾ ਹੈ।

ਟੱਪਾ ਗਿੱਧੇ, ਭੰਗੜੇ ਲੋਕ-ਨਾਚ ਦੇ ਨਾਲ-ਨਾਲ ਆਮ ਜੀਵਨ ਵਿੱਚ ਵੀ ਗਾਇਆ ਜਾਂਦਾ ਹੈ। ਗਿੱਧੇ, ਭੰਗੜੇ ਵਿੱਚ ਟੱਪੇ ਨਵਾਂ ਰੰਗ ਭਰਦੇ ਹਨ। ਇਸ ਨੂੰ ਸਾਧਾਰਨ ਉਚਾਰ ਦੀ ਬਜਾਇ ਦੁਹਰਾ ਕੇ ਗਾਇਆ ਜਾਂਦਾ ਹੈ। ਜਿੰਨੀ ਵਾਰ ਇਸਦਾ ਦੁਹਰਾਉ ਕੀਤਾ ਜਾਂਦਾ ਹੈ , ਬੋਲ ਉਨ੍ਹਾਂ ਹੀ ਤਿੱਖਾ ਤੇ ਕਾਹਲਾ ਹੁੰਦਾ ਜਾਂਦਾ ਹੈ। ਵਿਸ਼ੇ ਤੇ ਨਿਭਾਉ ਪੱਖੋਂ ਇਸ ਵਿੱਚ ਵਿਸ਼ਾਲਤਾ ਦੇਖਣ ਨੂੰ ਮਿਲਦੀ ਹੈ।

ਟੱਪੇ ਵਿੱਚ ਬਿੰਬ ਭਾਵ ਕਿਸੇ ਸ਼ਬਦ ਚਿੱਤਰ ਦੀ ਪ੍ਰਸਤੁਤੀ ਹੋਣ ਕਰਕੇ ਕਾਵਿਕਤਾ ਡੁੱਲ ਡੁੱਲ ਪੈਂਦੀ ਹੈ। ਟੱਪਾ ਅਜਿਹਾ ਲੋਕ ਗੀਤ ਹੈ ਜਿਸਨੂੰ ਲਮਕਵੀਂ / ਦੀਰਘ ਅਤੇ ਲਘੂ ਹੇਕ ਵਿੱਚ ਗਾਇਆ ਜਾ ਸਕਦਾ ਹੈ। ਜਦੋਂ ਇਸਨੂੰ ਨਾਚ ਨਾਲ ਗਾਇਆ ਜਾਂਦਾ ਹੈ ਤਾਂ ਇਸਦੀ ਚਾਲ ਧੀਮੀ ਤੋਂ ਤੇਜ਼ ਹੋ ਜਾਂਦੀ ਹੈ। ਪਰ ਜਦੋਂ ਇਸਨੂੰ ਨਾਚ ਮੁਕਤ ਰੂਪ ਵਿੱਚ ਗਾਇਆ ਜਾਂਦਾ ਹੈ ਤਾਂ ਲਮਕਵੀਂ ਸੁਰ ਤੇ ਦੁਹਰਾਉ ਘੱਟ ਹੁੰਦਾ ਹੈ। ਗਾਉਂਦੇ ਸਮੇਂ ਬੱਲੇ-ਬੱਲੇ ਆਦਿ ਸ਼ਬਦ ਵੀ ਜੋੜ ਲਏ ਜਾਂਦੇ ਹਨ। ਪਹਿਲੀ ਤੁਕ ਵਿੱਚ ਅੱਧਾ ਬਿੰਬ ਉਘੜਦਾ ਹੈ, ਦੂਜੀ ਤੁਕ ਵਿੱਚ ਬਿੰਬ ਨੂੰ ਸੰਪੂਰਨ ਰੂਪ ਦਿੱਤਾ ਜਾਂਦਾ ਹੈ।

ਟੱਪਿਆਂ ਵਿੱਚ ਸਹਿਜਤਾ, ਸੰਜਮਤਾ, ਸਰਲਤਾ, ਤਿੱਖਾਪਣ ਆਦਿ ਲੱਛਣ ਹੁੰਦੇ ਹਨ। ਜੀਵਨ ਦੇ ਅਨੇਕ ਰੰਗ ਇਹਨਾਂ ਵਿੱਚ ਦੇਖਣ ਨੂੰ ਮਿਲਦੇ ਹਨ। ਨਾਚ ਦੇ ਨਾਲ ਗਾਇਆ ਜਾਣ ਕਰਕੇ, ਇਸ ਵਿੱਚ ਅਦਾਕਾਰੀ ਦੇ ਅੰਗ ਵੀ ਸ਼ਾਮਲ ਹੋ ਜਾਂਦੇ ਹਨ। ਸੋ ਇਸਦੀ ਨਾਟਕੀ ਹੋਂਦ ਵਿਧੀ ਇਸ ਲੋਕ ਕਾਵਿ ਰੂਪ ਨੂੰ ਹੋਰ ਨਿਵੇਕਲਾ ਬਣਾਉਂਦੀ ਹੈ। ਟੱਪੇ ਅਖਾਣਾਂ, ਸਿਆਣਪਾਂ ਵਾਂਗ ਨਿੱਤ ਦੇ ਜੀਵਨ ਵਿੱਚ ਰੰਗ ਭਰਦੇ ਹਨ। ਪਾਠ-ਪੁਸਤਕ ਲਈ ਕੁੱਝ ਟੱਪੇ ਵੰਨਗੀ ਵਜੋਂ ਚੁਣੇ ਗਏ ਹਨ :-

- ਅੱਲਾ ਵਾਹਿਗੁਰੂ ਖੁਦਾ ਦਾ ਨਾਮ ਇੱਕ ਹੈ
  ਭਰਮਾਂ 'ਚ ਪੈ ਗੀ ਦੁਨੀਆਂ

- ਤੂੰ ਕਿਹੜਿਆਂ ਰੰਗਾਂ ਵਿੱਚ ਖੇਲ੍ਹੇਂ
  ਮੈਂ ਕੀ ਜਾਣਾ ਤੇਰੀ ਸਾਰ ਨੂੰ

- ਇਹ ਜਗ ਢਲਦਾ ਪਰਛਾਵਾਂ
  ਸੁਪਨੇ ਸਮਾਨ ਜਿੰਦੜੀ

- ਤੇਰਾ ਚੰਮ ਨਾ ਕਿਸੇ ਕੰਮ ਆਵੇ
  ਪਸ਼ੂਆਂ ਦੇ ਹੱਡ ਵਿਕਦੇ

- ਫੁੱਲ ਨੀਂਵਿਆਂ ਰੁੱਖਾਂ ਨੂੰ ਲਗਦੇ
  ਸਿੰਬਲਾ ਤੂੰ ਮਾਣ ਨਾ ਕਰੀਂ
- ਉੱਥੇ ਅਮਲਾਂ ਦੇ ਹੋਣਗੇ ਨਬੇੜੇ
  ਜਾਤ ਕਿਸੇ ਪੁੱਛਣੀ ਨਹੀਂ
- ਰਾਮ ਨਾਮ ਬੋਲ ਬੰਦਿਆ
  ਤੇਰੇ ਦਮ ਦਾ ਭਰੋਸਾ ਨਾਹੀਂ
- ਗਿੱਧਿਆ ਪਿੰਡ ਵੜ ਵੇ
  ਲਾਂਭ ਲਾਂਭ ਨਾ ਜਾਈਂ
- ਗਿੱਧਿਆਂ 'ਚ ਨੱਚਦੀ ਦਾ
  ਦੇਵੇ ਰੂਪ ਦੁਹਾਈਆਂ
- ਪਾ ਕੇ ਚਾਦਰਾ ਬੂਟੀਆਂ ਵਾਲਾ
  ਮੇਲੇ ਜਾਣਾ ਮੁਕਸਰ ਦੇ
- ਖੂਹਾਂ ਟੋਭਿਆਂ ਤੋਂ ਮਿਲਣੋਂ ਰਹਿਗੇ
  ਵਿਹੜੇ 'ਚ ਲਵਾ ਕੇ ਨਲਕੇ
- ਮੁੰਡੇ ਮਰਗੇ ਕਮਾਈਆਂ ਕਰਦੇ
  ਲੱਛੀ ਤੇਰੇ ਬੰਦ ਨਾ ਬਣੇ
- ਬੜਾ ਲੁੱਟਿਆ ਫਰੰਗੀ ਸਾਨੂੰ
  ਹੁਣ ਸਾਡੀ ਅੱਖ ਖੁੱਲ੍ਹ ਗਈ
- ਪਾਰ ਸੰਮੁਦਰਾਂ ਦੇ
  ਜਾ ਕੇ ਪੁੱਤ ਮਾਵਾਂ ਦੇ ਲੜਦੇ
- ਜਦੋਂ ਛੱਡਗੀ ਦੇਸ ਦੁਆਬਾ
  ਅੰਬੀਆਂ ਨੂੰ ਤਰਸੇਂਗੀ
- ਦੇਹ ਚਰਖੇ ਨੂੰ ਗੇੜਾ
  ਲੋੜ ਨਹੀਂ ਤੋਪਾਂ ਦੀ
- ਤੇਰੇ ਬੰਬਾ ਨੂੰ ਚੱਲਣ ਨਹੀਂ ਦੇਣਾ
  ਗਾਂਧੀ ਦੀ ਅਹਿੰਸਾ ਨੇ

BSER

- ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ
  ਜੰਗਲਾਂ 'ਚ ਸ਼ੇਰ ਬੁੱਕਦਾ

- ਕਿੱਥੋਂ ਭਾਲੇ ਟੂਟੀਆਂ ਦਾ ਪਾਣੀ
  ਚੰਡੀਗੜ੍ਹ ਰਹਿਣ ਵਾਲੀਏ

- ਵਿੱਦਿਆ ਪੜ੍ਹਾ ਦੇ ਬਾਬਲਾ
  ਕੋਈ ਕਹੇ ਨਾ ਗਰੀਬ ਤੇਰੇ ਮਾਪੇ

- ਮੇਰੀ ਗੁੱਡੀਆਂ ਦੇ ਖੇਡਣ ਵਾਲੀ
  ਉਮਰ ਦੱਬ ਲੀ ਕਬੀਲਦਾਰੀ ਨੇ

- ਕਿਤੇ ਲਿਪਣੇ ਨਾ ਪੈਣ ਬਨੇਰੇ
  ਪੱਕਾ-ਘਰ ਟੋਲੀਂ ਬਾਬਲਾ

- ਗੋਰਾ ਰੰਗ ਤੇ ਸਰਬਤੀ ਅੱਖੀਆਂ
  ਘੁੰਡ ਵਿੱਚ ਕੈਦ ਕੀਤੀਆਂ

- ਸਾਢੇ ਤਿੰਨ ਹੱਥ ਧਰਤੀ ਤੇਰੀ
  ਬਾਹਲੀਆਂ ਜਗੀਰਾਂ ਵਾਲਿਆ

- ਐਮੇਂ ਮਾਣ ਨਾ ਕਰ ਬੰਦਿਆ
  ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ

- ਠਾਣੇਦਾਰ ਦੇ ਬਰੋਬਰ ਡਹਿੰਦੀ
  ਕੁਰਸੀ ਮੇਰੇ ਵੀਰ ਦੀ

- ਚੰਦ ਚੜ੍ਹਿਆ ਬਾਪ ਦੇ ਵਿਹੜੇ
  ਵੀਰ ਘਰ ਪੁੱਤ ਜੰਮਿਆ

- ਕਾਲਾ ਭੂੰਡ ਨਾ ਸਹੇੜੀ ਮੇਰੇ ਬਾਬਲਾ
  ਘਰ ਦਾ ਮਾਲ ਡਰੂ

- ਪੁੱਤ ਸਮਝਾ ਲੈ ਸੱਸੀਏ
  ਸਾਨੂੰ ਗਾਲ਼ ਤੋਂ ਬਿਨਾਂ ਨਾ ਬੋਲੇ

- ਤੇਰੇ ਨਾਲ ਕੀ ਬੋਲਣਾ
  ਵੇ ਜੀਹਨੇ ਮਿਡਲ ਪਾਸ ਨਾ ਕੀਤਾ

- ਰੱਬਾ ਲੱਗ ਨਾ ਕਿਸੇ ਨੂੰ ਜਾਵੇ
  ਗੁੜ ਨਾਲੋਂ ਇਸ਼ਕ ਮਿੱਠਾ

- ਮਿੱਠੀਆਂ ਜੁਬਾਨਾਂ ਵਾਲੇ
  ਮਤਲਬ ਕੱਢ ਲੈਂਦੇ

- ਘਰ-ਘਰ ਪੁੱਤ ਜੰਮਦੇ
  ਜਿਉਣਾ ਮੋੜ ਨੀ ਕਿਸੇ ਨੇ ਬਣ ਜਾਣਾ

- ਜੱਗਾ ਜੰਮਿਆ ਤੇ ਮਿਲਣ ਵਧਾਈਆਂ
  ਵੱਡਾ ਹੋ ਕੇ ਡਾਕੇ ਮਾਰਦਾ

- ਮਾਵਾਂ ਨੂੰ ਪੁੱਤ ਐਂ ਮਿਲਦੇ
  ਜਿਉਂ ਸੁੱਕੀਆਂ ਵੱਲਾਂ ਨੂੰ ਪਾਣੀ

- ਤਿੰਨ ਰੰਗ ਨਹੀਂ ਲੱਭਣੇ
  ਹੁਸਨ, ਜੁਆਨੀ ਤੇ ਮਾਪੇ

- ਇੱਕ ਵੀਰ ਦੇਈਂ ਵੇ ਰੱਬਾ
  ਸਹੁੰ ਖਾਣ ਨੂੰ ਬੜਾ ਚਿੱਤ ਕਰਦਾ

- ਵੀਰਾ ਤੈਨੂੰ ਦੁੱਧ ਦਾ ਛੰਨਾ
  ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ

- ਗੋਰਾ ਪੈਰ ਤੇ ਸਲੀਪਰ ਕਾਲੇ
  ਗੱਡੀ ਵਿੱਚੋਂ ਲੱਤ ਲਮਕੇ

- ਦੁੱਧ ਰਿੜਕੇ ਝਾਂਜਰਾ ਵਾਲੀ
  ਕੈਂਠੇ ਵਾਲਾ ਧਾਰ ਕੱਢਦਾ

- ਧਾਰੀ ਬੰਨ ਨਾ ਸੁਰਮਾ ਪਾਈਏ
  ਜੇ ਵਸਣਾ ਸ਼ਰੀਕਾਂ ਦੇ

- ਭੱਤਾ ਲੈ ਕੇ ਖੇਤ ਨੂੰ ਚੱਲੀ
  ਗਲ ਪਾ ਕੇ ਵਾਸਕਟ ਕਾਲੀ

- ਘੁੰਡ ਕੱਢ ਲੈ ਪਤਲੀਏ ਨਾਰੇ
  ਸਹੁਰਿਆਂ ਦਾ ਪਿੰਡ ਆ ਗਿਆ

BSER

- ਨਾਲੇ ਧਾਰ ਕੱਢਾਂ ਨਾਲੇ ਰੋਵਾਂ
  ਮਾਹੀ ਮੇਰਾ ਲਾਮ ਨੂੰ ਗਿਆ

- ਨੇਕੀ ਖੱਟ ਬੰਦਿਆਂ
  ਧਰਮ ਰਾਜ ਕੋਲ ਜਾਣਾ

- ਲੱਗੀਆਂ ਦੋਸਤੀਆਂ
  ਹੁਣ ਨਾ ਪੁੱਛਦੀਆਂ ਜਾਤਾਂ

- ਜਿਹੜੀ ਲੱਗ ਗਈ ਪ੍ਰੇਮ ਵਾਲੀ ਡੋਰੀ
  ਤੋੜੀ ਹੋਈ ਟੁੱਟਣੀ ਨਹੀਂ

- ਦੁਨੀਆਂ ਲੱਖ ਵੱਸਦੀ
  ਪਰ ਯਾਰਾਂ ਨਾਲ ਬਹਾਰਾਂ

* * * *

**( ਭਰਮ - ਵਹਿਮ / ਭੁਲੇਖਾ; ਸਿੰਬਲਾ – ਉੱਚਾ ਦਰੱਖਤ; ਅਮਲਾਂ – ਕਰਮ; ਦਮ - ਸਵਾਸ; ਲਾਂਭ ਲਾਂਭ – ਪਾਸੇ ਪਾਸੇ; ਮੁਕਸਰ – ਸ਼੍ਰੀ ਮੁਕਤਸਰ ਸਾਹਿਬ; ਟੋਭਿਆ – ਛੱਪੜ; ਬੰਦ – ਗੁੱਟ ਦਾ ਗਹਿਣਾ; ਫਰੰਗੀ – ਅੰਗਰੇਜ਼; ਦੁਆਬਾ – ਪੰਜਾਬ ਦਾ ਦੋ ਦਰਿਆਵਾਂ ਵਿੱਚਕਾਰਲਾ ਇਲਾਕਾ; ਕਬੀਲਦਾਰੀ – ਘਰ ਪਰਿਵਾਰ ਦੀ ਜਿੰਮੇਵਾਰੀ; ਬਾਹਲੀਆਂ – ਬਹੁਤੀ ; ਸੱਸੀਏ – ਸੱਸ। )**

# ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਟੱਪੇ' ਤੋਂ ਕੀ ਭਾਵ ਹੈ?

ਪ੍ਰਸ਼ਨ 2. ਟੱਪੇ ਦੇ ਦੋ ਲੱਛਣ ਲਿਖੋ?

ਪ੍ਰਸ਼ਨ 3. ਅਧਿਆਤਮਕ ਭਾਵ ਨੂੰ ਪ੍ਰਗਟਾਉਂਦੇ ਦੋ ਟੱਪੇ ਲਿਖੋ।

ਪ੍ਰਸ਼ਨ 4. ਪੇਕੇ ਨਾਲ ਸੰਬੰਧਤ ਟੱਪੇ ਦੀ ਉਦਾਹਰਨ ਲਿਖੋ।

ਪ੍ਰਸ਼ਨ 5. ਆਜ਼ਾਦੀ ਨਾਲ ਸੰਬੰਧਤ ਟੱਪੇ ਦੀ ਉਦਾਹਰਨ ਲਿਖੋ।

ਪ੍ਰਸ਼ਨ 6. ਮਹਾਤਮਾ ਗਾਂਧੀ ਨਾਲ ਸੰਬੰਧਤ ਟੱਪਾ ਲਿਖੋ।

ਪ੍ਰਸ਼ਨ 7. ਸ਼ਹੀਦ ਭਗਤ ਸਿੰਘ ਨਾਲ ਸੰਬੰਧਤ ਟੱਪਾ ਲਿਖੋ।

ਪ੍ਰਸ਼ਨ 8. 'ਵਿੱਦਿਆ ਪੜ੍ਹਾ ਦੇ ਬਾਬਲਾ
ਕੋਈ ਕਹੇ ਨਾ ਗਰੀਬ ਤੇਰੇ ਮਾਪੇ'
ਉਪਰੋਕਤ ਟੱਪੇ ਦੀ ਵਿਆਖਿਆ ਕਰੋ।

ਪ੍ਰਸ਼ਨ 9. ਜੱਗੇ ਤੇ ਜਿਉਣੇ ਮੌੜ ਨਾਲ ਸੰਬੰਧਤ ਟੱਪੇ ਲਿਖੋ।

ਪ੍ਰਸ਼ਨ 10. 'ਮਾਵਾਂ ਨੂੰ ਪੁੱਤ ਐਂ ਮਿਲਦੇ ਜਿਉਂ ਸੁੱਕੀਆਂ ਵੱਲਾਂ ਨੂੰ ਪਾਣੀ' ਟੱਪੇ ਤੋਂ ਕੀ ਭਾਵ ਹੈ?

ਪ੍ਰਸ਼ਨ 11. ਗਹਿਣਿਆਂ ਨਾਲ ਸੰਬੰਧਤ ਕੋਈ ਇੱਕ ਟੱਪਾ ਲਿਖੋ।

ਪ੍ਰਸ਼ਨ 12. ਯਾਰੀ ਦੋਸਤੀ ਨਾਲ ਸੰਬੰਧਤ ਕੋਈ ਇੱਕ ਟੱਪਾ ਲਿਖੋ।

ਪ੍ਰਸ਼ਨ 13. ਕੋਈ 10 ਟੱਪੇ ਲਿਖੋ ਉਹਨਾਂ ਦੇ ਵਿਸ਼ੇ ਵੀ ਲਿਖੋ।

BSER

# 7. ਪੰਜਾਬੀ ਬੁਝਾਰਤਾਂ

ਲੋਕ ਗੀਤ, ਲੋਕ ਕਹਾਣੀਆਂ ਆਦਿ ਵਾਂਗ ਪੰਜਾਬੀ ਬੁਝਾਰਤਾਂ ਵੀ ਲੋਕ ਜੀਵਨ ਦੇ ਇਕ ਅਨਿੱਖੜ ਅੰਗ ਵਜੋਂ ਪੰਜਾਬੀ ਵਿਰਾਸਤ ਦਾ ਹਿੱਸਾ ਹਨ। ਬੁਝਾਰਤਾਂ ਨੂੰ ਬੁਝਣ ਵਾਲੀਆਂ 'ਬਾਤਾਂ' ਵੀ ਕਿਹਾ ਜਾਂਦਾ ਹੈ। ਜਿੱਥੇ ਲੋਕ-ਕਹਾਣੀਆਂ ਦੇ ਰੂਪ ਵਿੱਚ ਬਾਤ ਮਨੋਰੰਜਨ ਦਾ ਸਾਧਨ ਹੈ, ਉੱਥੇ ਬੁਝਾਰਤ ਦੇ ਰੂਪ ਵਿੱਚ ਬਾਤ ਇੱਕ ਪ੍ਰਕਾਰ ਦੀ ਦਿਮਾਗੀ ਕਸਰਤ ਸੀ। ਬੁਝਾਰਤ ਬੁੱਝਣਾ ਇੱਕ ਤਰ੍ਹਾਂ ਨਾਲ ਬੁੱਧੀ ਦੀ ਪ੍ਰੀਖਿਆ ਕਰਨਾ ਹੀ ਹੁੰਦਾ ਹੈ।

ਬੁਝਾਰਤਾਂ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਬੁਝਾਰਤਾਂ ਮੌਜੂਦ ਹਨ। ਇੰਜ ਬੁਝਾਰਤਾਂ ਦੀ ਪਰੰਪਰਾ ਵੀ ਮਨੁੱਖ ਜਿੰਨੀ ਹੀ ਪੁਰਾਣੀ ਹੈ। ਇਹ ਇੱਕ ਵੱਖਰੀ ਗੱਲ ਹੈ ਕਿ ਆਧੁਨਿਕ ਸਮੇਂ ਗਿਆਨ-ਵਿਗਿਆਨ ਦੀਆਂ ਨਵੀਆਂ ਖੋਜਾਂ ਨੇ ਮਨੋਰੰਜਨ ਦੇ ਹੋਰ ਬੜੇ ਸਾਧਨ ਅਤੇ ਮੌਕੇ ਪੈਦਾ ਕਰ ਦਿੱਤੇ ਹਨ। ਇਹਨਾਂ ਸਾਧਨਾਂ ਦੀ ਕਾਢ ਦਾ ਸੰਬੰਧ ਜਿੱਥੇ ਮਨੁੱਖ ਦੇ ਵਿਕਾਸ ਨਾਲ ਹੈ, ਉੱਥੇ ਇਹ ਕਮਾਈ ਦੇ ਤਰੀਕੇ ਵੀ ਹਨ। ਬੁਝਾਰਤਾਂ ਦੀ ਖੇਡ ਵਿੱਚ ਕਿਸੇ ਤਰ੍ਹਾਂ ਦੀ ਖੇਡ-ਸਮੱਗਰੀ ਦੀ ਲੋੜ ਨਹੀਂ ਪੈਂਦੀ। ਬੱਸ, ਕੁਝ ਕੁ ਵਿਅਕਤੀ ਮਿਲ ਬੈਠ ਕੇ ਬੁਝਾਰਤਾਂ ਪਾਉਂਦੇ ਅਤੇ ਬੁੱਝਦੇ ਹੋਏ ਦਿਮਾਗੀ ਕਸਰਤ ਅਤੇ ਮਨੋਰੰਜਨ ਕਰ ਲੈਂਦੇ ਹਨ।

ਪੰਜਾਬੀ ਲੋਕਾਂ ਵਿੱਚ ਬੁਝਾਰਤਾਂ ਪਾਉਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਪੰਜਾਬੀ ਵਿਅਕਤੀ ਦਾ ਮਨ ਬੁਝਾਰਤਾਂ ਪਾ ਕੇ ਅਤੇ ਬੁੱਝ ਕੇ ਆਨੰਦ ਮਾਣਦਾ ਰਿਹਾ ਹੈ। ਆਮ ਤੌਰ ਤੇ ਸ਼ਾਮ ਨੂੰ ਰੋਟੀ-ਟੁੱਕ ਖਾਣ ਤੋਂ ਬਾਅਦ ਪੰਜਾਬੀ ਪਰਿਵਾਰ ਬਾਤਾਂ ਪਾਉਣ ਲਈ ਜੁੜ ਬੈਠਦਾ ਸੀ। ਬਾਤਾਂ ਦੀ ਇਸ ਮਹਿਫ਼ਲ ਵਿੱਚ ਬਜ਼ੁਰਗ, ਬੱਚੇ, ਜਵਾਨ ਕੁੜੀਆਂ, ਮੁੰਡੇ, ਔਰਤਾਂ ਸਾਰੇ ਹੀ ਭਾਗ ਲੈਂਦੇ ਸਨ।

ਆਮ ਤੌਰ 'ਤੇ ਗਰਮੀਆਂ ਦੀ ਰੁੱਤੇ ਰਾਤ ਨੂੰ ਕੋਠਿਆਂ ਦੀਆਂ ਛੱਤਾਂ ਉੱਤੇ ਜਾਂ ਘਰਾਂ ਦੇ ਵਿਹੜਿਆਂ ਵਿੱਚ ਮੰਜਿਆਂ ਤੇ ਬੈਠ ਕੇ ਬਾਤਾਂ ਪਾਈਆਂ ਜਾਦੀਆਂ ਸਨ। ਸਿਆਲ ਦੀਆਂ ਠਰੀਆਂ ਰਾਤਾਂ ਵਿੱਚ ਰਜਾਈਆਂ ਦਾ ਆਸਰਾ ਲੈ ਕੇ ਬਾਤਾਂ ਤੋਂ ਨਿੱਘ ਪ੍ਰਾਪਤ ਕੀਤਾ ਜਾਂਦਾ ਸੀ। ਇੱਕ ਜਣਾ ਬੁਝਾਰਤਾਂ (ਬਾਤ) ਪਾਉਂਦਾ ਸੀ ਅਤੇ ਬਾਕੀ ਸਾਰੇ ਉਸ ਨੂੰ ਬੁਝੱਦੇ ਸਨ। ਬੱਚੇ ਇਸ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਇੰਜ ਇੱਕ ਮੁਕਾਬਲਾ ਹੁੰਦਾ ਸੀ, ਜਿਹੜਾ ਲੋਕਾਂ ਦੇ ਗਿਆਨ ਵਿੱਚ ਵੀ ਵਾਧਾ ਕਰਦਾ ਸੀ। ਇਸ ਗਿਆਨ ਦਾ ਸੰਬੰਧ ਪ੍ਰਕਿਰਤਕ ਆਲੇ-ਦੁਆਲੇ, ਬਨਸਪਤੀ, ਜੀਵ-ਜੰਤੂਆਂ, ਘਰੇਲੂ ਅਤੇ ਕੰਮ ਕਾਜ ਨਾਲ ਸੰਬੰਧਿਤ ਵਸਤਾਂ, ਰਿਸ਼ਤਿਆਂ ਦੀ ਜਾਣਕਾਰੀ ਆਦਿ ਨਾਲ ਹੁੰਦਾ ਸੀ।

ਅੱਜ-ਕੱਲ੍ਹ ਇਹ ਰਿਵਾਜ਼ ਕਾਫੀ ਘਟ ਗਿਆ ਹੈ। ਇਹੀ ਕਾਰਨ ਹੈ ਕਿ ਬੱਚਿਆਂ ਦਾ ਵਿਸ਼ੇਸ਼ ਗਿਆਨ ਤਾਂ ਭਾਵੇਂ ਵਧਿਆ ਹੈ ਪਰ ਆਮ-ਗਿਆਨ ਅਤੇ ਜਾਣਕਾਰੀ ਲਗਭਗ ਨਾਂਹ ਦੇ ਬਰਾਬਰ ਪਹੁੰਚ ਗਈ ਹੈ। ਪੰਜਾਬੀ ਦੀ ਗਿਆਨ ਪਰੰਪਰਾ ਦੇ ਇਸ ਅਨਮੋਲ ਖ਼ਜਾਨੇ ਨਾਲ ਵਿਦਿਆਰਥੀਆਂ ਨੂੰ ਜੋੜਨਾ ਅਤਿ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਸੇ ਕਰਕੇ ਪੰਜਾਬੀ ਬੁਝਾਰਤਾਂ ਦੇ ਭਰਪੂਰ ਖ਼ਜ਼ਾਨੇ ਵਿੱਚੋਂ ਕੁਝ ਕੁ ਬੁਝਾਰਤਾਂ ਇੱਥੇ ਦਿੱਤੀਆਂ ਗਈਆਂ ਹਨ :-

ਔਹ ਗਈ
ਔਹ ਗਈ (**ਅੱਖ ਦੀ ਨਿਗ੍ਹਾ**)

ਆਲਾ ਕੌਡੀਆਂ ਵਾਲਾ
ਵਿੱਚ ਮੇਰੀ ਘੁਤਰੋ ਬੋਲੇ (**ਜੀਭ**)

ਐਨੀ ’ਕ ਹੱਟੀ
ਵਿੱਚ ਬੈਠੀ ਗੁਲਾਬੋ ਜੱਟੀ (**ਜੀਭ**)

ਵੀਹ ਸੀਸ ਫੜ ਧੜੋਂ ਉਤਾਰੇ
ਕੀਤਾ ਖ਼ੂਨ ਨਾ ਜਾਨੋਂ ਮਾਰੇ (**ਨਹੁੰ**)

ਬਾਤ ਪਾਵਾਂ ਬਤੌਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਸਾਰੇ ਪਿੰਡ ਦੇ ਮੁੰਡੇ (**ਖੁੱਦੋ ਖੂੰਡੀ**)

ਪੈਰ ਬਿਨਾਂ ਚੌਂਕੇ ਚੜ੍ਹੇ
ਮੂੰਹ ਬਿਨ ਆਟਾ ਖਾਏ
ਮਾਰਨ ਤੇ ਉਹ ਜੀ ਉੱਠੇ
ਬਿਨ ਮਾਰੇ ਮਰ ਜਾਏ (**ਤਬਲਾ**)

ਸਾਉਣ ਭਾਦੋਂ ਇੱਕ ਰੁੱਤ
ਦੋ ਬੁੱਢੀਆਂ ਦੀ ਇੱਕ ਗੁੱਤ (**ਪੀਂਘ**)

ਕਾਠ ਦੀ ਸੰਦੂਕੜੀ
ਵਿੱਚ ਤੋਤਾ ਬੋਲੇ (**ਰੇਡੀਓ**)

BSER

ਨਿੱਕੀ ਜਿਹੀ ਕੁੜੀ
ਲੈ ਪਰਾਂਦਾ ਤੁਰੀ (**ਸੂਈ ਧਾਗਾ**)

ਫਿੱਟੇ ਮੂੰਹ ਉਸ ਵੱਡੀ ਦਾ
ਜਿਸ ਵੱਖੋ ਵੱਖ ਕਰਾਇਆ
ਸ਼ਾਬਸ਼ੇ ਉਸ ਛੋਟੀ ਦਾ
ਜਿਸ ਵਿਛੜਿਆਂ ਤਾਂਈ ਮਿਲਾਇਆ (**ਸੂਈ ਤੇ ਕੈਂਚੀ**)

ਆਰ ਡਾਂਗਾਂ ਪਾਰ ਡਾਂਗਾਂ
ਵਿੱਚ ਟੱਲਮ ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ
ਨਦੀ ਨ੍ਹਾਵਣ ਚੱਲੀਆਂ
ਢੋਲ ਝਵਕਲੀ ਸਿੱਧਾ ਤੀਰ
ਕਿਆਰੋ ਕਿਆਰੀ ਪਾਣੀ ਫਿਰਦਾ
ਜਿਵੇਂ ਦਰ ਦਰ ਫਿਰਦਾ ਫ਼ਕੀਰ
ਢੋਲ ਝਵਕਲੀ ਇੰਝ ਮਿਲਦੇ
ਜਿਵੇਂ ਭੈਣਾਂ ਨੂੰ ਮਿਲਦੇ ਵੀਰ (**ਹਲਟ**)

ਜਾਂ ਤੇ ਬੁੱਝੂ ਲਾਲ ਬੁੱਝਕੜ
ਜਾਂ ਕੋਈ ਖਰਾ ਸਿਆਣਾ
ਰਾਤੀਂ ਉਥੇ ਦੀ ਰੱਬ ਲੰਘਿਆ
ਉਹਦਾ ਡਿੱਗ ਪਿਆ ਸੁਰਮੇਦਾਨਾ (**ਕੋਹਲੂ**)

ਰੜੇ ਮੈਦਾਨ ਵਿੱਚ ਪਿਆ ਡੱਬਾ
ਚੱਕ ਨਹੀਂ ਹੁੰਦਾ ਚੁਕਾਈਂ ਰੱਬਾ (**ਖੂਹ**)

ਸੁੱਕਾ ਢੀਂਗਰ
ਆਂਡੇ ਦੇਵੇ (**ਚਰਖਾ**)



BSER

ਜੀਹਦੇ ਵੱਜੇ ਉਸ ਨੂੰ ਮਾਰੇ
ਹੈ ਪੂਰਾ ਹਤਿਆਰਾ
ਨਾ ਉਸ ਨੂੰ ਫਾਂਸੀ ਲੱਗੇ
ਨਾ ਜੇਲ੍ਹ ਹੋਵੇ
ਲਗਦਾ ਸਭ ਨੂੰ ਪਿਆਰਾ (**ਚਾਕੂ**)

ਟੰਗਿਆ ਜਾਂਦਾ ਸਭ ਦੇ ਘਰ ਵਿੱਚ
ਚੀਜ਼ਾਂ ਰੱਖਣ ਉਸ ਦੇ ਸਰ ਵਿੱਚ (**ਛਿੱਕੂ**)

ਨਿੱਕੀ ਜਿਹੀ ਪਿੱਦਣੀ
ਪਿੱਦ ਪਿੱਦ ਕਰਦੀ
ਸਾਰੇ ਜਹਾਨ ਦੀ
ਲਿੱਦ ਕੱਠੀ ਕਰਦੀ (**ਝਾੜੂ**)

ਪਾਰੋਂ ਆਇਆ ਬਾਬਾ ਲੋਧੀ
ਛੇ ਟੰਗਾਂ ਇੱਕ ਬੋਦੀ (**ਤੱਕੜੀ**)

ਇੱਕ ਹਰਨੀ
ਪੱਠੇ ਚਰਨੀ
ਗੋਹਾ ਨਾ ਕਰਨੀ (**ਦਾਤੀ**)

ਢਿੱਡ ਵਿੱਚੋਂ ਕੱਢੀ, ਵੱਖੀ ਵਿੱਚ ਮਾਰੀ
ਲਾ ਕੇ ਅੱਗ ਸਾੜ ਦਿੱਤੀ ਸਾਰੀ (**ਦੀਵਾ ਸਲਾਈ**)

ਤੂੰ ਚੱਲ ਮੈਂ ਆਇਆ (**ਦਰਵਾਜਾ**)



BSER

ਆਰ ਕੱਸੀ ਪਾਰ ਕੱਸੀ
ਵਿੱਚ ਟੱਲਮ ਟੱਲੀਆਂ
ਤੋਪਖਾਨੇ ਅੱਗ ਲੱਗੀ
ਠਾਹ ਠਾਹ ਬੰਦੂਕਾਂ ਚੱਲੀਆਂ (**ਭੱਠੀ**)

ਚਾਰ ਟੰਗਾਂ ਦਾ ਮਾਲਕ
ਟੁਰ ਨਾ ਸਕਦਾ
ਜੇ ਕੋਈ ਆਵੇ ਕੋਲ
ਫੜ ਲਮਾ ਲੇਟ ਕਰਦਾ (**ਮੰਜਾ**)
ਡੱਬ ਖੜੱਬੀ ਬੱਕਰੀ
ਡੱਬੀ ਉਹਦੀ ਛਾਂ
ਚੱਲ ਮੇਰੀ ਬੱਕਰੀ
ਕੱਲ ਵਾਲੀ ਥਾਂ (**ਮੰਜਾ**)

ਸ਼ੀਸ਼ੇ ਦਾ ਮੈਂ ਮਹਿਲ ਬਣਾਇਆ
ਵਿੱਚ ਬਠਾਈ ਰਾਣੀ
ਉਪਰੋਂ ਦੀ ਮੈਂ ਜਿੰਦਰਾ ਲਾਇਆ
ਹੇਠੋਂ ਦੀ ਪਾਇਆ ਪਾਣੀ (**ਲਾਲਟੈਣ**)

ਪੁੱਤ ਉਹਦਾ ਚਿੱਟਾ
ਮਾਂ ਉਹਦੀ ਲਾਲ
ਮਾਂ ਰੋਵੇ ਭੁੰਜੇ ਬੈਠੀ
ਪੁੱਤ ਖੇਡੇ ਹਵਾ ਨਾਲ (**ਅੱਗ ਤੇ ਧੂੰਆਂ**)

BSER

ਜਿੱਥੇ ਜਾਵਾਂ ਉੱਥੇ ਹੀ ਭੱਜੇ
ਮੈ ਪਿੱਛੇ ਪਿੱਛੇ ਉਹ ਅੱਗੇ ਅੱਗੇ (**ਚਾਨਣ ਤੇ ਹਨੇਰਾ**)

ਮਾਂ ਸਾਰੇ ਜਗਤ ਦੀ
ਇਸ ਤੋਂ ਬਾਝ ਨਾ ਕੋਈ
ਪਰ ਅਜੇ ਵੀ ਨਵੀਂ ਨਰੋਈ (**ਧਰਤੀ**)

ਜਲ ਵਿੱਚ ਹੋਇਆ
ਜਲ ਵਿਚ ਮੋਇਆ
ਜਲ ਵਿਚ ਉਹਦੇ ਸਾਸ
ਨਾ ਹੱਡੀ ਨਾ ਮਾਸ (**ਪਾਣੀ ਦਾ ਬੁਲਬਲਾ**)

ਰਾਜੇ ਰਾਣੀ ਦਾ ਹੋਇਆ ਵਿਆਹ
ਰਾਜਾ ਚਿੱਟਾ ਰਾਣੀ ਕਾਲੀ ਸਿਆਹ (**ਦਿਨ ਰਾਤ**)

ਅੰਬ ਅੰਬਾਲੇ ਦੇ
ਫੁੱਲ ਪਟਿਆਲੇ ਦੇ
ਰੂੰ ਜਗਰਾਂਵਾ ਦੀ
ਜੜ ਇੱਕੋ (**ਅੱਕ**)

ਮੂੰਹ ਬੰਦ
ਢਿੱਡ ਵਿੱਚ ਦੰਦ (**ਅਨਾਰ**)

ਆਰ ਬਗਲਾ ਪਾਰ ਬਗਲਾ
ਵਿੱਚ ਬਗਲਾ ਨ੍ਹਾਵੇ
ਹੱਡੀਆਂ ਦਾ ਬਾਲਨ ਬਣਾਵੇ
ਚਮੜੀ ਹੱਥ ਫੜਾਵੇ (**ਸਣ**)



BSER

ਤਿੰਨ ਅੱਖਰਾ ਮੇਰਾ ਨਾਮ
ਉਲਟਾ ਸਿੱਧਾ ਇੱਕ ਸਮਾਨ (**ਕਣਕ**)

ਨਿੱਕਾ ਜਿਹਾ ਸਿਪਾਹੀ
ਉਹਦੀ ਖਿੱਚ ਕੇ ਵਰਦੀ ਲਾਹੀ (**ਕੇਲਾ**)

ਕਾਲਾ ਸੀ ਕੱਲਤਰ ਸੀ
ਕਾਲੇ ਪਿਓ ਦਾ ਪੁੱਤਰ ਸੀ
ਆਡੋਂ ਪਾਣੀ ਪੀਂਦਾ ਸੀ
ਬੂਟੀ ਛਾਵੇਂ ਬਹਿੰਦਾ ਸੀ (**ਬਤਾਊਂ**)

ਏਧਰ ਕਾਠ ਓਧਰ ਕਾਠ
ਵਿੱਚ ਬੈਠਾ ਜਗਨ ਨਾਥ (**ਬਦਾਮ**)

ਹਰੀ ਸੀ ਮਨ ਭਰੀ ਸੀ
ਲਾਲ ਮੋਤੀਆਂ ਜੜੀ ਸੀ
ਬਾਬਾ ਜੀ ਦੇ ਖੇਤ ਵਿੱਚ
ਦੁਸ਼ਾਲਾ ਲਈ ਖੜੀ ਸੀ (**ਮੱਕੀ ਦੀ ਛੱਲੀ**)

ਚਾਰ ਥੰਮ ਚਲਦੇ ਜਾਣ
ਦੋ ਦੀਵੇ ਬਲਦੇ ਜਾਣ
ਦੋ ਪੱਖੇ ਝਲਦੇ ਜਾਣ
ਅੱਗੇ ਭੂਮੀਆ ਸੱਪ ਮਿਹਲਦਾ ਜਾਵੇ (**ਹਾਥੀ**)

ਪਤਲੀਆਂ ਪਤਲੀਆਂ ਟੰਗਾਂ
ਲੰਬੀ ਲੰਬੀ ਛਾਲ

BSER

ਡੱਬ ਖੜੱਬੀ ਚਮੜੀ
ਭੂਰੇ ਭੂਰੇ ਵਾਲ (**ਹਿਰਨ**)

ਛਿੜ ਛਿੜ ਕਰਦੀ
ਖਿੜ ਖਿੜ ਕਰਦੀ
ਮਾਰ ਟਪੂਸੀ
ਕੋਠੇ ਚੜ੍ਹਦੀ (**ਕਾਟੋ**)

ਘਰ ਦੀ ਸੱਪਣੀ
ਮਾਰਦੀ ਨਾ ਡੰਗ
ਫੰਗਾਂ ਵਾਲਿਆਂ ਨੂੰ ਖਾਂਦੀ
ਇਹਦਾ ਆਪਣਾ ਨਾ ਫੰਗ (**ਕਿਰਲੀ**)

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਟੋਕਰੇ
ਸਾਰਾ ਟੱਬਰ ਸੌਂ ਗਿਆ
ਬਾਪ ਮਾਰੇ ਹੋਕਰੇ (**ਕੁੱਕੜ**)

ਇੱਕ ਜਨੌਰ ਅਸਲੀ
ਨਾ ਹੱਡੀ ਨਾ ਪਸਲੀ (**ਗੰਡ ਗੰਡੋਆ**)

ਇੱਕ ਕਿਲੇ ਵਿੱਚ ਬੁਰਜ ਹਜ਼ਾਰ
ਬੁਰਜ਼ ਬੁਰਜ਼ ਵਿੱਚ ਠਾਣੇਦਾਰ
ਦੇਖੋ ਸਾਹਿਬ ਨੇ ਕਿਲਾ ਬਣਾਇਆ
ਨਾ ਮਿੱਟੀ ਨਾ ਗਾਰਾ ਲਾਇਆ (**ਭੂੰਡਾਂ ਦਾ ਖੱਖਰ**)



BSER

ਬਾਤ ਪਾਵਾਂ ਬਤੌਲੀ ਪਾਵਾਂ
ਬਾਤ ਨੂੰ ਲਾਵਾਂ ਸੋਏ
ਹਾੜ ਸਾਉਣ ਦੀ ਰੁੱਤ ਜਾਂ ਆਈ
ਸ਼ੈਤਾਨ ਪੈਦਾ ਹੋਏ (**ਮੱਛਰ**)

ਨਿੱਕਾ ਜਿਹਾ ਕਾਕਾ
ਘਰ ਵਿੱਚ ਰੋਸ਼ਨੀ ਕਰਦਾ (**ਬਲਬ**)

ਨਿੱਕਾ ਜਿਹਾ ਕਾਕਾ
ਘਰ ਦਾ ਰਾਖਾ (**ਜਿੰਦਰਾ**)

ਨਿੱਕੇ ਨਿੱਕੇ ਟੋਟਰੇ
ਸੰਦੂਕ ਚੱਕੀ ਜਾਂਦੇ ਨੇ
ਰਾਜਾ ਪੁੱਛੇ ਰਾਣੀ ਨੂੰ
ਕੀ ਜਨੌਰ ਜਾਂਦੇ ਨੇ (**ਰੇਲ-ਗੱਡੀ**)

ਜੇ ਨੱਕ ਮੈਂ ਬਹਿ ਜਾਂਵਾਂ
ਨੱਕ ਪਕੜ ਕੇ ਸਬਕ ਸਿਖਾਵਾਂ (**ਐਨਕ**)

ਜਿਉਂ ਜਿਉਂ ਮੈਨੂੰ ਫੋਲੋਗੇ
ਘੁੰਡੀ ਦਿਲ ਦੀ ਖੋਲ੍ਹੋਗੇ
ਪਿਆਰ ਮੇਰੇ ਨਾਲ ਪਾਓਗੇ
ਰੂਹ ਦੀ ਭੁੱਖ ਮਿਟਾਓਗੇ (**ਕਿਤਾਬ**)

ਬਾਤ ਪਾਵਾਂ ਬਤੌਲੀ ਪਾਵਾਂ
ਬਾਤ ਨੂੰ ਲਾਵਾਂ ਡੱਕੇ



BSER

ਸਾਰੀ ਦੁਨੀਆ ਸੌਂ ਗਈ
ਬਾਬਾ ਚੜ੍ਹ ਗਿਆ ਜੱਕੇ (**ਚੌਂਕੀਦਾਰ**)

ਉੂਠ ਪਰ ਚੜ੍ਹੇਂਦੀ ਏ
ਨਕੇਲੇ ਦਾ ਕੀ ਨਾਂ
ਨਕੇਲੇ ਦਾ ਮੈ ਨਾਂ ਨੀ ਜਾਣਦੀ
ਮੇਰਾ ਨਾਂ ਜੀਆ
ਇਹਦੀ ਸੱਸ ਮੇਰੀ ਸੱਸ
ਦੋਂਵੇ ਮਾਵਾਂ ਧੀਆਂ (**ਨੂੰਹ-ਸਹੁਰਾ**)

ਤਿੰਨ ਲਫ਼ਜਾਂ ਦਾ ਦੇਸ਼ ਹਾਂ
ਜਾਨਣ ਲੋਕੀ ਲੱਖ ਕਰੋੜ
ਪਿੱਠ ਕੱਟੋ ਬਣ ਜਾਵਸਾਂ
ਪੰਜ ਉਂਗਲਾਂ ਦਾ ਜੋੜ (**ਪੰਜਾਬ**)

* * * *

BSER

## ਅਭਿਆਸ-ਪ੍ਰਸ਼ਨ

**ਪ੍ਰਸ਼ਨ 1. ਬੁਝਾਰਤਾਂ ਪਾਉਣ ਦਾ ਸਮਾਂ ਅਤੇ ਸਥਾਨ ਕੀ ਹੈ ?**

**ਪ੍ਰਸ਼ਨ 2. ਬੁਝਾਰਤਾਂ ਕਿਹੜੀ ਜਾਣਕਾਰੀ ਦਿੰਦੀਆਂ ਹਨ ?**

**ਪ੍ਰਸ਼ਨ** 3. ਇਸ ਬੁਝਾਰਤ ਦਾ ਉੱਤਰ ਦਿਉ:-

ਤਿੰਨ ਲਫ਼ਜਾਂ ਦਾ ਦੇਸ਼ ਹਾਂ
ਜਾਨਣ ਲੋਕੀ ਲੱਖ ਕਰੋੜ
ਪਿੱਠ ਕੱਟੋ ਬਣ ਜਾਵਸਾਂ
ਪੰਜ ਉਂਗਲਾਂ ਦਾ ਜੋੜ

ਪ੍ਰਸ਼ਨ 4. ਬੁਝਾਰਤਾਂ ਦਾ ਕੀ ਮੱਹਤਵ ਹੈ ?

ਪ੍ਰਸ਼ਨ 5. ਕੋਈ ਬੁਝਾਰਤ ਦੇ ਕੇ ਉੱਤਰ ਪੁੱਛਿਆ ਜਾਵੇ ?

ਨੋਟ:- ਵਿਦਿਆਰਥੀਆਂ ਨੂੰ ਹੋਰ ਬੁਝਾਰਤਾਂ ਇੱਕਤਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ :-

BSER